ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 8 | 03 March 2021 to 09 March 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਬਾਇਡਨ ਪ੍ਰਸ਼ਾਸਨ ਵਲੋਂ ਇੰਮੀਗ੍ਰੇਸ਼ਨ ਸੰਬੰਧੀ ਸਿਟੀਜ਼ਨਸ਼ਿਪ -2021 ਕਾਂਗਰਸ 'ਚ ਪੇਸ਼

**ਸੈਕਰਾਮੈਂਟੋ/ਏ.ਟੀ.ਨਿਊਜ਼:** ਜੋਅ ਬਾਇਡਨ ਨੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਪਹਿਲੇ ਦਿਨ ਹੀ ਐਲਾਨ ਕੀਤਾ ਸੀ ਕਿ ਓਹੋ ਇੰਮੀਗ੍ਰੇਸ਼ਨ ਨੀਤੀਆਂ ਵਿਚ ਸੁਧਾਰ ਲਿਆਉਣਗੇ, ਜਿਸ ਨਾਲ ਲੱਖਾਂ ਲੋਕਾਂ ਨੂੰ ਫਾਇਦਾ ਹੋਵੇਗਾ ਇਸ ਸੰਬੰਧੀ ਓਹਨਾ ਨੇ ਇੰਮੀਗ੍ਰੇਸ਼ਨ ਨੀਤੀ ਬਾਰੇ ਬਹੁਤ ਸਾਰੇ ਬਿੱਲ ਪਾਸ ਕਰਾਉਣ ਲਈ ਪ੍ਰਤੀਨਿਧ ਸਭਾ ਵਿਚ ਪੇਸ਼ ਕਰ ਦਿੱਤੇ ਹਨ। ਇਹਨਾਂ ਬਿੱਲਾਂ ਨੂੰ ਸਿਟੀਜ਼ਨ ਐਕਟ 2021 ਦਾ ਨਾਂ ਦਿੱਤਾ ਗਿਆ ਹੈ। ਇਹ ਬਿੱਲ 353 ਸਫਿਆਂ ਵਿਚ ਲਿਖਿਆ ਗਿਆ ਹੈ ਇਹਨਾਂ ਬਿੱਲਾਂ ਵਿੱਚ ਉਹਨਾਂ ਲੋਕਾਂ ਨੂੰ ਵੀ ਫਾਇਦਾ ਹੋਵੇਗਾ, ਜਿਹੜੇ ਇਥੇ ਰਹਿ ਤਾਂ ਰਹੇ ਹਨ ਪਰ ਪੱਕੇ ਨਹੀਂ ਹਨ। ਇਸ ਦੇ ਨਾਲ ਨਾਲ ਪ੍ਰੋਗਰਾਮ ਅਧੀਨ ਓਹਨਾ ਬੱਚਿਆਂ ਨੂੰ ਫਾਇਦਾ ਹੋਵੇਗਾ, ਜਿੰਨਾ ਦੇ ਮਾਪਿਓ ਲੰਮੇ ਸਮੇ ਤੋਂ ਇਥੇ ਰਹਿ ਰਹੇ ਸਨ ਅਤੇ ਜਿੰਨਾ ਦੇ ਬਚੇ ਇਥੇ ਜੰਮੇ-ਪਲੇ ਸਨ। ਉਹਨਾਂ ਪਰਿਵਾਰਾਂ ਨੂੰ ਗ੍ਰੀਨ ਕਾਰਡ ਦੇਣ ਦੀ ਤਜਵੀਜ਼ ਹੈ। ਖੇਤਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਵੀ ਇਸ ਬਿੱਲ ਰਾਹੀਂ ਫਾਇਦਾ ਹੋਣ ਦੀ ਉਮੀਦ ਹੈ। ਇਸ ਦੇ ਨਾਲ ਨਾਲ ਟੀ.ਪੀ.ਆਰ ਅਧੀਨ ਵੀ ਕੁੱਝ ਲੋਕਾਂ ਨੂੰ ਪੱਕਿਆਂ ਕੀਤੀਆਂ ਜਾ ਸਕਦਾ ਹੈ। ਐੱਫ -4 ਵੀਜ਼ਾ ਦੇ ਪਰਿਵਾਰਕ ਮੇਂਬਰ ਵਾਲੇ ਕੇਸਾਂ ਦੀ ਰਫਤਾਰ ਤੇਜ਼ ਕੀਤੀ ਜਾਵੇਗੀ , ਤਾਂ ਕਿ ਉਹ ਜਲਦ ਇਥੇ ਆ ਸਕਣ। ਇਸ ਕੈਟਾਗਰੀ ਵਿਚ ਹਜ਼ਾਰਾਂ ਭਾਰਤੀ ਵੀ ਸ਼ਾਮਲ ਹਨ। ਇਸ ਬਿੱਲ ਰਾਹੀਂ ਅਸਾਈਲਮ ਲੈਣ ਵਾਲੇ ਲੋਕਾਂ ਨੂੰ ਵੀ ਫਾਇਦਾ ਹੋਣ ਜਾ ਰਿਹਾ ਹੈ। ਪਹਿਲਾਂ 1 ਸਾਲ ਦੇ ਅੰਦਰ ਅੰਦਰ ਅਸਾਈਲਮ ਲਾਇ ਅਪਲਾਈ ਕਰਨਾ ਪੈਂਦਾ ਸੀ। ਪਰ ਇਸ ਬਾਰ ਨੂੰ ਖੋਲ ਦਿੱਤਾ ਗਿਆ ਹੈ। ਹੁਣ ਇਕ ਸਾਲ ਦੇ ਬਾਅਦ ਵੀ ਅਸਾਈਲਮ ਲਈ ਅਪਲਾਈ ਕੀਤਾ ਜਾ ਸਕਦਾ ਹੈ।

ਅਮਰੀਕਾ ਵਿਚ ਸੈਲਾਨੀ ਵੀਜ਼ੇ 'ਤੇ ਆ ਕੇ ਵੱਧ ਸਮਾਂ ਰਹਿਣ ਵਾਲੇ ਲੋਕਾਂ 'ਤੇ ਲੱਗਣ ਵਾਲੀ ਡਿਪੋਰਟੇਸ਼ਨ ਨੂੰ ਖਤਮ ਕਰਨ ਦੀ ਤਜਵੀਜ਼ ਵੀ ਇਸ ਬਿੱਲ ਵਿਚ ਸ਼ਾਮਲ ਹੈ। ਕੱਚੇ ਲੋਕਾਂ ਲਈ ਇਕ ਐੱਲ.ਪੀ.ਆਈ.ਸਟੇਟਸ ਬਣਾਉਣ ਦੀ ਤਜਵੀਜ਼ ਹੈ। ਇਸ ਤਹਿਤ 1 ਜਨਵਰੀ 2021 ਤੋਂ ਪਹਿਲਾ ਅਮਰੀਕਾ ਵਿਚ ਕੱਚੇ ਰਹਿ ਰਹੇ ਲੋਕਾਂ ਨੂੰ ਪੱਕਾ ਕੀਤਾ ਜਾ ਸਕਦਾ ਹੈ। ਪਰ ਉਸ ਵਿਚ ਕੁੱਝ ਸ਼ਰਤਾਂ ਹੋਣਗੀਆਂ। ਬਿਨੈਕਾਰ ਨੂੰ 5 ਸਾਲ ਦਾ ਵਰਕ ਪਰਮਿਟ ਅਤੇ ਅਮਰੀਕਾ ਤੋਂ ਬਾਹਰ ਅਉਣ-ਜਾਣ ਦੀ ਇਜਾਜ਼ਤ ਵੀ ਦਿੱਤੀ ਜਾ ਸਕਦੀ ਹੈ। ਇਹ ਵਰਕ ਪਰਮਿਟ ਰੀਨਿਊ ਵੀ ਹੋ ਸਕਦਾ ਹੈ।

ਨਾਨ ਇਮੀਗਰੈਂਟ ਵਿਜੇ ਲਾਇ ਹਾਲੇ ਕੋਈ ਤਜਵੀਜ਼ ਪੇਸ਼ ਨਹੀਂ ਕੀਤੀ ਗਈ। ਸਮਾਂ ਆਉਣ 'ਤੇ ਵੀ ਵਿਚਾਰ ਹੋ ਸਕਦਾ ਹੈ। ਇਸ ਬਿੱਲ ਦੇ ਪੇਸ਼ ਹੋਣ ਨਾਲ ਲੱਖਾਂ ਲੋਕਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ।




## ਕਿਸਾਨ ਸੰਘਰਸ਼ ਦੇ ਸਮਰਥਨ ਵਿਚ ਬੋਲਣ ਵਾਲੀਆਂ ਬਾਲੀਵੁੱਡ ਹਸਤੀਆਂ 'ਤੇ ਆਈਟੀ ਵਿਭਾਗ ਦੇ ਛਾਪੇ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਕਿਸਾਨ ਸੰਘਰਸ਼ ਦੇ ਸਮਰਥਨ ਵਿਚ ਬੋਲਣ ਵਾਲੀਆਂ ਫਿਲਮੀ ਜਗਤ ਨਾਲ ਜੁੜੀਆਂ ਹਸਤੀਆਂ ਨੂੰ ਭਾਰਤ ਸਰਕਾਰ ਨੇ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਰਤ ਸਰਕਾਰ ਦੇ ਇਨਕਮ ਟੈਕਸ ਵਿਭਾਗ ਵੱਲੋਂ ਅੱਜ ਫਿਲਮ ਨਿਰਮਾਤਾ ਅਨੁਰਾਗ ਕਸ਼ਿਅਪ, ਅਦਾਕਾਰਾ ਤਪਸੀ ਪਨੂੰ ਅਤੇ ਫਿਲਮ ਨਿਰਦੇਸ਼ਕ ਵਿਕਾਸ ਬਹਿਲ ਦੇ ਮੁੰਬਈ ਸਥਿਤ ਟਿਕਾਣਿਆਂ 'ਤੇ ਛਾਪੇ ਮਾਰੇ ਹਨ। ਇਨਕਮ ਟੈਕਸ ਵਿਭਾਗ ਨੇ ਮੁੰਬਈ ਅਤੇ ਪੂਨੇ ਵਿਚ 30 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਕਿਹਾ ਜਾ ਰਿਹਾ ਹੈ ਕਿ ਇਹ ਛਾਪੇ ਅਨੁਰਾਗ ਕਸ਼ਿਅਪ ਦੀ ਪੁਰਾਣੀ ਕੰਪਨੀ ਫੈਂਟਮ ਫਿਲਮਜ਼ ਖਿਲਾਫ ਮਾਰੇ ਜਾ ਰਹੇ ਹਨ ਜਿਸਨੂੰ ਹੁਣ ਬੰਦ ਕੀਤਾ ਜਾ ਚੁੱਕਿਆ ਹੈ। 2011 ਵਿਚ ਬਣੀ ਇਸ ਕੰਪਨੀ ਵੱਲੋਂ ਲੁਟੇਰਾ, ਕੁਈਨ, ਅਗਲੀ, ਐਨਐਚ 10, ਮਸਾਨ ਅਤੇ ਉੜਤਾ ਪੰਜਾਬ ਫਿਲਮਾਂ ਦਾ ਨਿਰਮਾਣ ਕੀਤਾ ਗਿਆ ਸੀ।

ਪ੍ਰਾਪਤ ਜਾਣਕਾਰੀ ਮੁਤਾਬਕ ਇਹ ਤਿੰਨੇ ਸੋਸ਼ਲ ਮੀਡੀਆ 'ਤੇ ਸਰਕਾਰ ਖਿਲਾਫ ਖੁੱਲ੍ਹ ਕੇ ਬੋਲਦੇ ਹਨ ਤੇ ਕਿਸਾਨ ਅੰਦੋਲਨ ਦੇ ਮਾਮਲੇ ਵਿੱਚ ਇਨ੍ਹਾਂ ਨੇ ਸਰਕਾਰ ਨੂੰ ਰੱਜ ਕੇ ਕੋਸਿਆ।

# ਕਿਸਾਨ ਚੋਣਾਂ ਵਾਲੇ ਸੂਬਿਆ ਵਿਚ ਭਾਜਪਾ ਦੇ ਵਿਰੁੱਧ ਖੋਲਣਗੇ ਮੋਰਚਾ

**✪ ਭਾਜਪਾ ਵਿਰੁੱਧ ਪ੍ਰਚਾਰ ਕਰਨਗੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ✪ * ਮੋਰਚੇ ਦੇ 100 ਦਿਨ ਕੁੰਡਲੀ-ਮਨੇਸਰ-ਪਲਵਲ ਮਾਰਗ 'ਤੇ 6 ਮਾਰਚ ਨੂੰ 5 ਘੰਟੇ ਦਾ ਜਾਮ ✪ ਸਿੰਘੂ ਵਿਖੇ ਸੰਯੁਕਤ ਕਿਸਾਨ ਮੋਰਚੇ ਦੀ ਜਨਰਲ ਬਾਡੀ ਮੀਟਿੰਗ 'ਚ ਹੋਇਆ ਫੈਸਲਾ ✪ ਯੂਐਨਓ ਵਲੋਂ ਕਿਸਾਨਾਂ ਨੂੰ ਸਮਰਥਨ ਮਿਲਣ ਕਾਰਣ ਮੋਦੀ ਸਰਕਾਰ ਔਖੀ**

**ਨਵੀਂ ਦਿੱਲੀ /ਏ.ਟੀ.ਨਿਊਜ਼:** ਸੰਯੁਕਤ ਕਿਸਾਨ ਮੋਰਚੇ ਨੇ ਐਲਾਨ ਕੀਤਾ ਹੈ ਕਿ ਸੱਤਾਧਾਰੀਆਂ ਨੂੰ 'ਵੋਟ ਦੀ ਚੋਟ' ਦੇਣ ਲਈ ਮੋਰਚੇ ਦੇ ਆਗੂ ਚੋਣਾਂ ਵਾਲੇ ਰਾਜਾਂ ਵਿੱਚ ਜਾਣਗੇ, ਕਿਉਂਕਿ ਸੱਤਾਧਾਰੀ ਸਿਰਫ਼ ਵੋਟ, ਸੀਟ, ਚੋਣ, ਕੁਰਸੀ ਦੀ ਭਾਸ਼ਾ ਹੀ ਸਮਝਦੇ ਹਨ। ਉਨਾਂ ਕਿਹਾ ਕਿ ਦਿੱਲੀ ਦੇ ਮੁੱਖ 3 ਮਾਰਗਾਂ 'ਤੇ ਚੱਲ ਰਹੇ ਧਰਨਿਆਂ ਦੇ 100 ਦਿਨ ਪੂਰੇ ਹੋਣ 'ਤੇ 6 ਮਾਰਚ ਨੂੰ ਕੁੰਡਲੀ-ਮਨੇਸਰ-ਪਲਵਲ ਮਾਰਗ (ਕੇਐੱਮਪੀਐੱਮ) 5 ਘੰਟੇ ਲਈ ਜਾਮ ਵੀ ਕੀਤਾ ਜਾਵੇਗਾ ਤੇ ਇਸ ਦਿਨ ਐਕਸਪ੍ਰੈੱਸ ਵੇਅ ਦੇ ਸਾਰੇ ਟੋਲ ਪਲਾਜੇ ਪਰਚੀ ਮੁਕਤ ਕੀਤੇ ਜਾਣਗੇ। ਅੱਜ ਸੰਯੁਕਤ ਕਿਸਾਨ ਮੋਰਚੇ ਦੀ ਸਿੰਘੂ ਵਿਖੇ ਅੰਦੋਲਨ ਨੂੰ ਅੱਗੇ ਲਿਜਾਣ ਬਾਬਤ ਜਨਰਲ ਬਾਡੀ ਮੀਟਿੰਗ ਕੀਤੀ ਗਈ ਤੇ ਅਗਲੇ 15 ਦਿਨਾਂ ਦੇ ਪ੍ਰੋਗਰਾਮਾਂ ਦੀ ਰੂਪ-ਰੇਖਾ ਵਿਉਂਤ ਕੇ ਐਲਾਨ ਕੀਤੇ ਗਏ। ਐਲਾਨ ਮੁਤਾਬਕ ਜਿਨਾਂ 5 ਰਾਜਾਂ ਵਿੱਚ ਅਗਲੇ ਮਹੀਨੇ ਵੋਟਾਂ ਪੈਣੀਆਂ ਹਨ ਉੱਥੇ ਮੋਰਚੇ ਦੇ ਆਗੂ ਵੋਟਰਾਂ ਨੂੰ ਭਾਜਪਾ ਤੇ ਐੱਨਡੀਏ ਭਾਈਵਾਲਾਂ ਦੇ ਉਮੀਦਵਾਰਾਂ ਵਿਰੁੱਧ ਵੋਟਾਂ ਪਾਉਣ ਦਾ ਸੱਦਾ ਦੇਣਗੇ। ਪ੍ਰੈੱਸ ਕਾਨਫਰੰਸ ਦੌਰਾਨ ਯੋਗੇਂਦਰ ਯਾਦਵ, ਧਰਮਿੰਦਰ ਮਲਿਕ, ਬਲਬੀਰ ਸਿੰਘ ਰਾਜੇਵਾਲ ਤੇ ਹੋਰ ਆਗੂਆਂ ਨੇ ਸੰਬੋਧਨ ਕਿਹਾ ਕਿ 12 ਮਾਰਚ ਤੋਂ ਕੋਲਕਾਤਾ ਵਿੱਚ ਵੱਡੇ ਸਮਾਗਮ ਦੌਰਾਨ ਪੱਛਮੀ ਬੰਗਾਲ ਦੇ ਕਿਸਾਨਾਂ ਨੂੰ ਭਾਜਪਾ ਖ਼ਿਲਾਫ਼ ਵੋਟ ਪਾਉਣ ਲਈ ਅਪੀਲ ਕੀਤੀ ਜਾਵੇਗੀ, ਨਾਲ ਹੀ ਉਨਾਂ ਸਾਫ਼ ਕੀਤਾ ਕਿ 5 ਰਾਜਾਂ ਵਿੱਚ ਕਿਸੇ ਵੀ ਸਿਆਸੀ ਧਿਰ ਦਾ ਸਮਰਥਨ ਮੋਰਚੇ ਵੱਲੋਂ ਨਹੀਂ ਕੀਤਾ ਜਾਵੇਗਾ। ਯਾਦਵ ਨੇ ਕਿਹਾ ਕਿ ਮੋਰਚੇ ਦੇ ਦਿੱਲੀ ਧਰਨਿਆਂ ਦੇ 100 ਦਿਨ ਪੂਰੇ ਹੋਣ 'ਤੇ 6 ਮਾਰਚ ਨੂੰ 'ਕੇਐੱਮਪੀ ਮਾਰਗ' ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤਕ ਵੱਖ-ਵੱਖ ਥਾਈਂ ਕਿਸਾਨਾਂ ਵੱਲੋਂ ਜਾਮ ਕੀਤਾ ਜਾਵੇਗਾ। ਉਸ ਦਿਨ ਕਿਸਾਨਾਂ ਨੂੰ ਰੋਸ ਵਜੋਂ ਕਾਲੇ ਕੱਪੜੇ ਪਾਉਣ ਜਾਂ ਕਾਲੀਆਂ ਪੱਟੀਆਂ ਬੰਨਣ ਸਮੇਤ ਧਰਨਿਆਂ, ਘਰਾਂ, ਦਫ਼ਤਰਾਂ 'ਤੇ ਕਾਲੇ ਝੰਡੇ ਲਹਿਰਾਉਣ ਲਈ ਕਿਹਾ ਗਿਆ ਹੈ, ਜਿਸ ਰਾਹੀਂ ਕਿਸਾਨੀ ਅੰਦੋਲਨ ਦੇ ਸਰਕਾਰੀ ਦਮਨ ਦੀ ਕੋਸ਼ਿਸ਼ ਦਾ ਵਿਰੋਧ ਕੀਤਾ ਜਾਵੇਗਾ। ਇਸੇ ਦੌਰਾਨ ਰਮਜਾਨ ਚੌਧਰੀ ਨੇ ਦੱਸਿਆ



15 ਮਾਰਚ ਨੂੰ ਹਰਿਆਣਾ ਦੇ ਮੇਵਾਤ ਵਿੱਚ ਮਹਾਪੰਚਾਇਤ ਕਰਕੇ ਆਰਐੱਸਐੱਸ ਤੇ ਭਾਜਪਾ ਦੀ ਲੋਕਾਂ ਵਿੱਚ 'ਫੁੱਟਪਾਊ ਨੀਤੀ' ਦਾ ਵਿਰੋਧ ਕੀਤਾ ਜਾਵੇਗਾ।

**'ਐੱਮਐੱਸਪੀ ਦਿਵਾਓ ਮੁਹਿੰਮ' 5 ਤੋਂ**

ਯੋਗੇਂਦਰ ਯਾਦਵ ਨੇ ਦੱਸਿਆ ਕਿ ਦੇਸ਼ ਵਿੱਚ 'ਐੱਮਐੱਸਪੀ ਦਿਵਾਓ ਮੁਹਿੰਮ' ਦੀ ਸ਼ੁਰੂਆਤ 5 ਮਾਰਚ ਨੂੰ ਕਰਨਾਟਕ ਦੇ ਕੁਲਬਰਗਾ ਤੇ ਚਿੱਤਰਦੁਰਗਾ ਦੀਆਂ ਵੱਡੀਆਂ ਮੰਡੀਆਂ ਤੋਂ ਕਰਕੇ ਪ੍ਰਧਾਨ ਮੰਤਰੀ ਦੇ ਬਿਆਨ 'ਐੱਮਐੱਸਪੀ ਸੀ, ਹੈ ਤੇ ਰਹੇਗੀ' ਦੀ ਜ਼ਮੀਨੀ ਹਕੀਕਤ ਲੋਕਾਂ ਨੂੰ ਦੱਸੀ ਜਾਵੇਗੀ। ਕਿਸਾਨ ਆਗੂਆਂ ਨੇ ਕਿਹਾ ਕਿ 8 ਮਾਰਚ ਨੂੰ ਕੌਮਾਂਤਰੀ ਮਹਿਲਾ ਦਿਵਸ ਮੌਕੇ ਕਿਸਾਨ ਔਰਤਾਂ ਦੀ ਇਸ ਅੰਦੋਲਨ ਵਿੱਚ ਹਰ ਮੋਰਚੇ ਵਿੱਚ ਭੂਮਿਕਾ ਨਿਖੇੜੀ ਜਾਵੇਗੀ । 15 ਮਾਰਚ ਨੂੰ ਟਰੇਡ ਯੂਨੀਅਨਾਂ ਵੱਲੋਂ 'ਕਾਰਪੋਰੇਟੀਕਰਨ ਤੇ ਨਿੱਜੀਕਰਨ ਵਿਰੋਧੀ ਦਿਵਸ' ਕੌਮੀ ਪੱਧਰ ਦਾ ਵਿਰੋਧ ਮਨਾਇਆ ਜਾਵੇਗਾ ਤੇ ਮਜ਼ਦੂਰ ਦਾ ਸਾਥ ਕਿਸਾਨ ਦੇਣਗੇ।

**ਗਾਜ਼ੀਪੁਰ ਦੀ ਇੱਕ ਸੜਕ ਫਿਰ ਬੰਦ**

ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ-ਉੱਤਰ ਪ੍ਰਦੇਸ਼ ਦੀ ਹੱਦ 'ਤੇ 3 ਮਹੀਨੇ ਤੋਂ ਧਰਨਾ ਦੇ ਰਹੇ ਕਿਸਾਨਾਂ ਕੋਲ ਲੋਕ ਨਾ ਪਹੁੰਚ ਸਕਣ ਇਸੇ ਕਰਕੇ ਦਿੱਲੀ ਪੁਲੀਸ ਨੇ ਕੌਮੀ ਸ਼ਾਹਰਾਹ-9 ਬੰਦ ਕੀਤਾ ਹੋਇਆ ਸੀ ਪਰ ਅੱਜ ਸਵੇਰੇ ਪੁਲੀਸ ਵੱਲੋਂ ਇਹ ਕੌਮੀ ਸ਼ਾਹ ਰਾਹ ਦਾ ਇੱਕ ਹਿੱਸਾ ਖੋਲ ਦਿੱਤਾ ਗਿਆ ਪਰ ਕੁਝ ਦੇਰ ਬਾਅਦ ਇਸ ਨੂੰ ਮੁੜ ਬੈਰੀਕੇਡ ਲਾ ਕੇ ਬੰਦ ਕਰ ਦਿੱਤਾ ਗਿਆ। ਇਹ ਮਾਰਗ ਗਣਤੰਤਰ ਦਿਵਸ ਮੌਕੇ ਤੋਂ ਹੀ ਬੰਦ ਕੀਤੀ ਹੋਇਆ ਸੀ ਜਦੋਂ ਕਿਸਾਨਾਂ ਨੇ ਟਰੈਕਟਰ ਰੈਲੀ ਕੱਢੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਬਾਅਦ ਦੁਪਹਿਰ ਗਾਜ਼ੀਪੁਰ ਬਾਰਡਰ ਦੇ ਕੌਮੀ ਸ਼ਾਹਰਾਹ-9 ਦੇ ਇੱਕ ਹਿੱਸੇ ਨੂੰ ਸਵੇਰੇ ਕੁਝ ਦੇਰ ਤੱਕ ਖੋਲਣ ਮਗਰੋਂ ਬੰਦ ਕਰ ਦਿੱਤਾ ਗਿਆ ਹੈ। ਇਹ ਰਾਹ ਦਿੱਲੀ ਨੂੰ ਨੋਇਡਾ ਨਾਲ ਜੋੜਦਾ ਹੈ। ਲੰਘੀ ਰਾਤ ਇਸ ਮਾਰਗ ਦਾ ਇੱਕ ਹਿੱਸਾ ਖੋਲਣ ਦਾ ਫ਼ੈਸਲਾ ਕੀਤਾ ਗਿਆ ਸੀ। ਬਾਅਦ ਵਿੱਚ ਪੁਲੀਸ ਵੱਲੋਂ ਮੁੜ ਇਹ ਮਾਰਗ ਬੰਦ ਕਰਨ ਦੀ ਕਿਸਾਨ ਆਗੂਆਂ ਨੇ ਨਿੰਦਾ ਕੀਤੀ ਹੈ ।

ਵਿਸ਼ਾਲ ਹੋਇਆ ਅੰਦੋਲਨ

ਦਿੱਲੀ ਦੀਆਂ ਬਰੂਹਾਂ 'ਤੇ ਖੇਤੀ ਸੰਬੰਧੀ ਕਾਲੇ ਕਾਨੂੰਨਾਂ ਵਿਰੁੱਧ ਪਿਛਲੇ ਤਿੰਨ ਮਹੀਨਿਆਂ ਤੋਂ ਜਾਰੀ ਕਿਸਾਨ ਅੰਦੋਲਨ ਨਿੱਤ ਨਵੀਂਆਂ ਉਚਾਈਆਂ ਛੂਹ ਰਿਹਾ ਹੈ . ਪੰਜਾਬ ਤੇ ਹਰਿਆਣਾ ਵਿੱਚੋਂ ਸੁਰੂ ਹੋਏ ਇਸ ਅੰਦੋਲਨ ਨੇ ਸਮੁੱਚੇ ਦੇਸ ਦੇ ਕਿਸਾਨਾਂ ਨੂੰ ਹੀ ਆਪਣੇ ਕਲਾਵੇ ਵਿੱਚ ਨਹੀਂ ਲਿਆ, ਸਗੋਂ ਹੋਰ ਕਿਰਤੀ ਤਬਕਿਆਂ ਨੂੰ ਵੀ ਆਪਣੇ ਨਾਲ ਜੋੜ ਕੇ ਇੱਕ ਜਨ-ਅੰਦੋਲਨ ਦਾ ਰੂਪ ਹਾਸਲ ਕਰ ਲਿਆ ਹੈ । ਵੱਖ-ਵੱਖ ਸੂਬਿਆਂ ਵਿੱਚ ਹੋ ਚੁੱਕੀਆਂ ਤੇ ਹੋ ਰਹੀਆਂ ਮਹਾਂਪੰਚਾਇਤਾਂ ਨੇ ਅੰਦੋਲਨ ਵਿੱਚ ਨਵੀਂ ਰੂਹ ਫੂਕ ਕੇ ਦੂਰ-ਦੁਰਾਡੇ ਰਾਜਾਂ ਦੇ ਜਨਮਾਨਸ ਨੂੰ ਵੀ ਇਸ ਦਾ ਹਿੱਸਾ ਬਣਾ ਦਿੱਤਾ ਹੈ। ਪੱਛਮੀ ਉੱਤਰ ਪ੍ਰਦੇਸ ਵਿੱਚ ਹੋਈਆਂ ਉਤੋੜਿੱਤੀ ਮਹਾਂਪੰਚਾਇਤਾਂ ਤੋਂ ਬਾਅਦ ਇਹ ਪੂਰਵਾਂਚਲ ਵਿੱਚ ਵੀ ਫੈਲਣਾ ਸੁਰੂ ਹੋ ਗਿਆ ਹੈ । ਯੋਗੀ ਅਦਿੱਤਿਆ ਨਾਥ ਦਾ ਗੜ ਕਹੇ ਜਾਣ ਵਾਲੇ ਬਸਤੀ ਜਿਲੇ ਦੇ ਮੁੰਡੇਰਵਾ ਵਿੱਚ ਹੋਈ ਕਿਸਾਨ ਮਹਾਂਪੰਚਾਇਤ ਨੇ ਭਾਜਪਾ ਆਗੂਆਂ ਨੂੰ ਤਰੇਲੀਆਂ ਲਿਆ ਦਿੱਤੀਆਂ ਹਨ । ਇਸ ਮਹਾਂਪੰਚਾਇਤ ਵਿੱਚ ਕਿਸਾਨਾਂ ਨੂੰ ਆਉਣੋਂ ਰੋਕਣ ਲਈ ਪ੍ਰਸਾਸਨ ਵੱਲੋਂ ਚਾਰ ਪਹੀਆ ਗੱਡੀਆਂ ਉਤੇ ਲਾਈ ਰੋਕ ਵੀ ਊਣੀ ਪੈ ਗਈ ਤੇ ਉਹ ਪੈਦਲ ਚਲ ਕੇ ਹੀ ਹਜਾਰਾਂ ਦੀ ਗਿਣਤੀ ਵਿੱਚ ਪੁੱਜ ਗਏ । ਕਿਸਾਨ ਨੇਤਾ ਨਰੇਸ ਟਿਕੈਤ ਨੇ ਮਹਾਂਪੰਚਾਇਤ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਪੂਰਬੀ ਉਤਰ ਪ੍ਰਦੇਸ ਦੇ ਜਿਹੜੇ ਦਿੱਲੀ ਬਾਰਡਰ ਤੋਂ ਦੂਰ ਹਨ ਤੇ ਕਿਸਾਨਾਂ ਲਈ ਉਥੇ ਪਹੁੰਚਣਾ ਮੁਸਕਲ ਹੈ, ਨੂੰ ਅੰਦੋਲਨ ਨਾਲ ਜੋੜਨ ਲਈ ਉਹ ਕਿਸਾਨ ਪੰਚਾਇਤਾਂ ਕਰਨਗੇ ।

ਯੂ ਪੀ ਦੇ ਨਾਲ ਲਗਦੇ ਉਤਰਾਖੰਡ ਵਿੱਚ ਵੀ ਰੁਦਰਪੁਰ ਵਿੱਚ ਹੋਈ ਵਿਸਾਲ ਮਹਾਂਪੰਚਾਇਤ ਨਾਲ ਸੰਘਰਸ ਦਾ ਬਿਗਲ ਵਜਾ ਦਿੱਤਾ ਗਿਆ ਹੈ ਰਾਜਸਥਾਨ ਵਿੱਚ ਵੀ ਲਗਾਤਾਰ ਮਹਾਂਪੰਚਾਇਤਾਂ ਹੋ ਰਹੀਆਂ ਹਨ ।ਇਨਾਂ ਕਿਸਾਨ ਇਕੱਠਾਂ ਵਿੱਚ ਸੰਯੁਕਤ ਮੋਰਚੇ ਦੇ ਵੱਖ-ਵੱਖ ਆਗੂ ਲਗਾਤਾਰ ਪਹੁੰਚ ਕੇ ਲਾਮਬੰਦੀ ਕਰ ਰਹੇ ਹਨ । ਰਾਕੇਸ ਟਕੈਤ ਨੇ ਆਪਣੇ ਪ੍ਰੋਗਰਾਮਾਂ ਦੀ ਤਫਸੀਲ ਜਾਰੀ ਕਰਦਿਆਂ ਦੱਸਿਆ ਹੈ ਕਿ ਉਹ 3 ਮਾਰਚ ਨਾਗੌਰ (ਰਾਜਸਥਾਨ), 5 ਮਾਰਚ ਸੈਫਈ, ਇਟਾਵਾ (ਯੂ ਪੀ), 6 ਮਾਰਚ ਤੇਲੰਗਾਨਾ, 8 ਮਾਰਚ ਸਉਪੁਰੀ (ਮੱਧ ਪ੍ਰਦੇਸ), 10 ਮਾਰਚ ਬਲੀਆ (ਯੂ ਪੀ), 12 ਮਾਰਚ ਜੋਧਪੁਰ (ਰਾਜਸਥਾਨ), 14 ਮਾਰਚ ਰੀਵਾ (ਮੱਧ ਪ੍ਰਦੇਸ), 15 ਮਾਰਚ ਜਬਲਪੁਰ (ਮੱਧ ਪ੍ਰਦੇਸ) ਤੇ 20, 21 ਤੇ 22 ਮਾਰਚ ਨੂੰ ਕਰਨਾਟਕ ਵਿੱਚ ਮਹਾਂਪੰਚਾਇਤਾਂ ਨੂੰ ਸੰਬੋਧਨ ਕਰਨਗੇ । ਉਤਰਾਖੰਡ ਤੇ ਯੂ ਪੀ ਦੇ ਤਰਾਈ ਖੇਤਰ ਵਿੱਚ ਕਿਸਾਨਾਂ ਵੱਲੋਂ 15 ਦਿਨ ਲਈ 1600 ਕਿਲੋਮੀਟਰ ਲੰਮੀ ਕਿਸਾਨ ਯਾਤਰਾ ਕਰਕੇ ਲੋਕਾਂ ਨੂੰ ਲਾਮਬੰਦ ਕਰਨ ਦਾ ਫੈਸਲਾ ਕੀਤਾ ਗਿਆ ਹੈ । ਮਹਾਰਾਸਟਰ ਵਿੱਚ ਰਾਸਟਰੀ ਸੇਵਾ ਦਲ ਵੱਲੋਂ ਖੇਤੀ ਕਾਨੂੰਨਾਂ ਵਿਰੁੱਧ ਦਸਤਖਤੀ ਮੁਹਿੰਮ ਚਲਾ ਕੇ 7 ਲੱਖ **ਬਾਕੀ ਸਫ਼ਾ 30 'ਤੇ**

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਸਾਡੇ ਮਸਲਿਆਂ ਵਿੱਚ ਦਖ਼ਲ ਨਾ ਦਿਓ

## ਭਾਰਤ ਨੇ ਵਿਦੇਸ਼ਾਂ ਵਿਚ ਵੱਸਦੇ ਭਾਰਤੀਆਂ ਨੂੰ ਕਿਹਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** CNN ਦੇ ਅਨੁਸਾਰ ਜਦੋਂ ਅਮਰੀਕੀ ਲੇਖਕ ਮੀਨਾ ਹੈਰਿਸ ਨੇ ਟਵੀਟ ਕਰਕੇ ਖੇਤੀ ਸੁਧਾਰਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਉੱਤੇ ਭਾਰਤੀ ਰਾਜ ਦੇ ਦਾਅਵੇਦਾਰੀ ਦੀ ਆਲੋਚਨਾ ਕੀਤੀ ਤਾਂ ਰਾਸਟਰਵਾਦੀ ਵਿਰੋਧੀਆਂ ਨੇ ਉਸ ਦੀ ਤਸਵੀਰ ਸਾੜ ਕੇ ਜਵਾਬ ਦਿੱਤਾ ਅਤੇ ਸੈਂਕੜੇ ਭਾਰਤੀਆਂ ਨੇ ਟਵਿੱਟਰ ਉੱਤੇ ਉਸ ਨਾਲ ਬਦਸਲੂਕੀ ਕੀਤੀ ਅਤੇ ਉਸ ਨੂੰ ਕਿਹਾ ਕੀ ਉਹ ਭਾਰਤ ਦੇਸ਼ ਦੇ ਘਰੇਲੂ ਮਾਮਲਿਆਂ ਤੋਂ ਬਾਹਰ ਰਹਿਣ ।

ਦੱਸਣਯੋਗ ਹੈ ਕਿ ਹੈਰਿਸ ਜੋ ਕਿ ਯੂ ਐੱਸ ਦੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਭਤੀਜੀ ਹੈ ਅਤੇ ਉਹ ਭਾਰਤੀ ਮੂਲ ਦੇ ਵੀ ਹਨ ।ਹੈਰਿਸ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਹੀ ਟਵਿੱਟਰ ਉਤੇ ਲਿਖਿਆ ਸੀ ਕੀ , ਮੈਨੂੰ ਆਪਣੇ ਕੰਮਾਂ ਤੋਂ ਬਾਹਰ ਰਹਿਣ ਲਈ ਨਾ ਕਹੋ ,ਇਹ ਮੁੱਦੇ ਸਾਡੇ ਸਾਰਿਆਂ ਦੇ ਹਨ । ਇਨ੍ਹਾਂ ਵਿਚਾਰਾਂ ਨੂੰ ਹੀ ਰੱਦ ਕਰਦੇ ਹੋਏ ਹਕੂਮਤ ਪੱਖੀ ਲੋਕਾਂ ਨੇ



ਕਿਹਾ ਸੀ ਕਿ18 ਮਿਲੀਅਨ ਭਾਰਤੀ ਵਿਦੇਸ਼ੀ ਲੋਕਾਂ ਨੂੰ ਦੇਸ਼ ਪ੍ਰਤੀ ਕੋਈ ਵੀ ਰਾਇ ਜ਼ਾਹਿਰ ਕਰਨ ਦੀ ਜਗ੍ਹਾ ਨਹੀਂ ਹੈ ।ਰਿਪੋਰਟਾਂ ਅਨੁਸਾਰ ਇਕੱਲੇ ਅਮਰੀਕਾ ਵਿੱਚ ਹੀ 4.8ਮਿਲੀਅਨ ਲੋਕ ਜਾਂ ਤਾਂ ਭਾਰਤੀ ਪਰਵਾਸੀ ਹਨ ਜਾਂ ਭਾਰਤੀ ਵਿਰਾਸਤ ਦੀ ਰਿਪੋਰਟ ਕਰਦੇ ਹਨ ਹੈਰਿਸ ਨੇ ਆਪਣੇ ਵਿਰੋਧੀ ਪ੍ਰਤੀਰੋਧਕ ਦੀ ਇਕ ਤਸਵੀਰ ਵੀ ਟਵੀਟ ਕੀਤੀ ਸੀ ਤੇ ਇਹ ਤਸਵੀਰ ਜਲਦੀ ਹੋਈ ਨਜਰ ਆ ਰਹੀ ਸੀ ਇਸੇ ਤਸਵੀਰ ਨਾਲ ਉਸ ਨੇ ਲਿਖਿਆ ਸੀ ਕਿ ਅਤਿਵਾਦੀ ਭੀੜ ਦੁਆਰਾ ਸਾੜੀ ਗਈ ਆਪਣੀ ਫੋਟੋ ਦੇਖ ਕੇ ਅਜੀਬ ਮਹਿਸੂਸ ਕਰ ਰਹੀ ਰਹੀ ਹਾਂ ਪਰ ਕਲਪਨਾ ਕਰੋ ਜੇ ਉਹ ਭਾਰਤ ਵਿੱਚ ਰਹਿੰਦੀ ਤਾਂ ਉਸ ਨਾਲ ਕਿਹੋ ਜਿਹਾ ਸਲੂਕ ਹੋਣਾ ਸੀ ।ਦੱਸਣਯੋਗ ਹੈ ਕਿ ਭੀੜ ਨੇ ਚਾਰ ਫਰਵਰੀ ਨੂੰ ਨਵੀਂ ਦਿੱਲੀ ਭਾਰਤ ਵਿੱਚ ਅਮਰੀਕਾ ਦੇ ਉਪ ਰਾਸਟਰਪਤੀ ਕਮਲਾ ਹੈਰਿਸ ਦੀ ਭਤੀਜੀ ਅਤੇ ਮੀਕਾ ਹੈਰਿਸ ਦੇ ਪੋਸਟਰ ਸਾੜੇ ਸਨ ।

# ਯੂ. ਕੇ. ਦੀ ਸੰਸਦ ਅੱਠ ਮਾਰਚ ਨੂੰ ਕਿਸਾਨ ਵਿਰੋਧ ਪ੍ਰਦਰਸ਼ਨ ਉੱਤੇ ਬਹਿਸ ਕਰੇਗੀ

### ਸਿੱਖ ਸਿਆਸਤ ਬਿਉਰੋ ਦੁਆਰਾ ਰਿਪੋਰਟ

**ਲੰਡਨ/ਏ.ਟੀ.ਨਿਊਜ਼** ਬ੍ਰਿਟੇਨ ਦੀ ਸੰਸਦ ਭਾਰਤ ਵਿੱਚ ਚੱਲ ਰਹੇ ਕਿਸਾਨ ਵਿਰੋਧ ਪ੍ਰਦਰਸ਼ਨ ਉੱਤੇ ਬਹਿਸ ਕਰਨ ਲਈ ਤਿਆਰ ਹੈ ਇਹ ਬਹਿਸ ਹਾਊਸ ਆਫ਼ ਕੌਮਨਜ਼ ਵਿੱਚ ਅੱਠ ਮਾਰਚ ਨੂੰ ਸ਼ਾਮ ਚਾਰ ਵਜੇ ਯੂ ਕੇ ਟਾਈਮ ਅਨੁਸਾਰ ਹੋਵੇਗੀ ।ਦੱਸਣਯੋਗ ਹੈ ਕਿ ਬ੍ਰਿਟਿਸ਼ ਸੰਸਦ ਦੀ ਪਟੀਸ਼ਨ ਕਮੇਟੀ ਨੇ ਭਾਰਤ ਵਿੱਚ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਅਤੇ ਪ੍ਰੈੱਸ ਦੀ ਆਜਾਦੀ ਦੇ ਮੁੱਦੇ ਉੱਤੇ ਹਾਊਸ ਆਫ ਕਾਮਨਸ ਕੰਪਲੈਕਸ ਵਿਚ ਵੈਸਟ ਮਨਿਸਟਰ ਹਾਲ ਵਿਚ ਬਹਿਸ ਕਰਨ ਦਾ ਫੈਸਲਾ ਕੀਤਾ ਸੀ ਜਿਸ ਤੋਂ ਬਾਅਦ ਇਕ ਆਨਲਾਈਨ ਪਟੀਸ਼ਨ ਵਿੱਚ 106000ਤੋਂ ਵੱਧ ਦਸਤਖਤ ਕੀਤੇ ਗਏ ਸਨ। ਦੱਸਣਯੋਗ ਹੈ ਕਿ ਭਾਰਤ ਸਰਕਾਰ ਵਿਦੇਸ਼ੀ ਨੇਤਾਵਾਂ ਵੱਲੋਂ ਭਾਰਤ ਵਿੱਚ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨਾਂ ਬਾਰੇ ਟਿੱਪਣੀਆਂ ਅਤੇ ਟਿੱਪਣੀਆਂ ਵਿਰੁੱਧ ਇਤਰਾਜ ਉਠਾਉਂਦੀ ਰਹੀ ਹੈ ਇੱਥੋਂ ਤੱਕ ਕਿ ਭਾਰਤ ਨੇ ਕੁਝ ਅੰਤਰਰਾਸਟਰੀ ਮਸ਼ਹੂਰ ਸ਼ਖਸੀਅਤਾਂ ਦੇ ਟਵੀਟ ਉਤੇ ਵੀ ਇਤਰਾਜ ਕੀਤਾ ਹੈ ।

ਦਿੱਲੀ ਦੀਆਂ ਸਰਹੱਦਾਂ ਉੱਤੇ ਚੱਲ ਰਹੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਨੇ ਅੰਤਰਰਾਸਟਰੀ ਭਾਈਚਾਰੇ ਦਾ ਧਿਆਨ ਆਪਣੇ ਵੱਲ ਖਿੱਚਿਆ। ਲੱਖਾਂ ਕਿਸਾਨ ਪਿਛਲੇ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਤੋਂ ਦਿੱਲੀ ਦੀਆਂ ਸੜਕਾਂ ਉੱਤੇ ਪ੍ਰਦਰਸ਼ਨ ਕਰ ਰਹੇ ਹਨ ਉਹ ਨਵੇਂ ਕਾਨੂੰਨ ਬਣਾਏ ਖੇਤੀ ਕਾਨੂੰਨ ਵਾਪਸ ਲੈਣ ਦੀ ਮੰਗ ਕਰ ਰਹੇ ਹਨ ਜਿਸ ਨੂੰ ਉਹ ਕਿਸਾਨਾਂ ਲਈ ਮੌਤ ਦਾ ਵਾਰੰਟ ਕਹਿੰਦੇ ਹਨ ।ਉਹ ਚਾਹੁੰਦੇ ਹਨ ਕਿ ਸਰਕਾਰ ਉਨ੍ਹਾਂ ਨੂੰ ਉਨ੍ਹਾਂ ਦੀਆਂ ਫਸਲਾਂ ਦੇ ਭਾਅ ਸਬੰਧੀ ਕਾਨੂੰਨੀ ਭਰੋਸਾ ਦੇਵੇ। ਭਾਰਤੀ ਪੁਲੀਸ ਨੇ ਸੈਂਕੜੇ ਕਿਸਾਨਾਂ ਅਤੇ ਕਈ ਕਿਸਾਨ ਯੂਨੀਅਨ ਨੇਤਾਵਾਂ ਖਿਲਾਫ ਕੇਸ ਦਰਜ ਕੀਤੇ ਹਨ ਮਨਦੀਪ ਪੂਨੀਆ ਵਰਗੇ ਪੱਤਰਕਾਰਾਂ ਨੇ ਵੀ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਬਾਰੇ ਜਾਣਕਾਰੀ ਦਿੱਤੀ ਦਿਸ਼ਾ ਰਾਵੀ ਵਾਂਗ ਸੋਸਲ ਮੀਡੀਆ ਕਾਰਕੁਨਾਂ ਜੋ ਕਿ ਕਿਸਾਨਾਂ ਦੇ ਵਿਰੋਧ ਪ੍ਰਦਰਸਨਾਂ ਵਿਚ ਆਪਣਾ ਸਮਰਥਨ ਵਧਾ ਰਹੀਆਂ ਹਨ ਨੂੰ ਵੀ ਦੇਸ਼ ਧ੍ਰੋਹ ਵਰਗੇ ਦੋਸ਼ਾਂ ਵਿਚ ਫਸਾਉਣ ਤੋਂ ਬਾਅਦ ਜੇਲ੍ਹਾਂ ਵਿੱਚ ਭੇਜਿਆ ਜਾ ਰਿਹਾ ਸੀ .ਅਜਿਹੇ ਹਾਲਾਤਾਂ ਨੂੰ ਦੇਖਦੇ ਹੋਏ ਹੀ ਅੰਤਰਰਾਸ਼ਟਰੀ ਮੀਟਿੰਗਾਂ ਹੋ ਰਹੀਆਂ ਹਨ ।

# ਕਿਸਾਨ ਸੰਘਰਸ਼ ਦੌਰਾਨ ਗ੍ਰਿਫਤਾਰ ਕਿਸਾਨਾਂ ਦੀਆਂ ਲਗਾਤਾਰ ਹੋ ਰਹੀਆਂ ਹਨ ਰਿਹਾਈਆਂ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਦੇ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਵਿਚ ਸੰਘਰਸ਼ ਕਰਦਿਆਂ ਗ੍ਰਿਫ਼ਤਾਰ ਕੀਤੇ ਗਏ ਕਿਸਾਨਾਂ ਵਿਚੋਂ ਬੀਤੇ ਦਿਨਾਂ ਦੌਰਾਨ ਵੱਡੀ ਗਿਣਤੀ ਕਿਸਾਨ ਰਿਹਾਅ ਹੋ ਕੇ ਤਿਹਾੜ ਜੇਲ੍ਹ ਤੋਂ ਬਾਹਰ ਆ ਗਏ ਹਨ ਜਦਕਿ ਬਾਕੀ ਦੇ ਨਜ਼ਰਬੰਦ ਕਿਸਾਨਾਂ ਦੀ ਰਿਹਾਈ ਲਈ ਉਪਰਾਲੇ ਕੀਤੇ ਜਾ ਰਹੇ ਹਨ। 15 ਹੋਰ ਕਿਸਾਨਾਂ ਨੂੰ ਬੀਤੇ ਕੱਲ੍ਹ ਜ਼ਮਾਨਤ ਮਿਲ ਗਈ ਹੈ। ਜਿਹਨਾਂ ਨੂੰ ਕੱਲ੍ਹ ਜ਼ਮਾਨਤਾਂ ਮਿਲੀਆਂ ਉਹਨਾਂ ਵਿਚ ਨੰਗਲੋਈ ਪੁਲੀਸ ਥਾਣੇ ਵਿੱਚ ਦਰਜ ਐੱਫਆਈਆਰ ਤਹਿਤ ਗ੍ਰਿਫ਼ਤਾਰ ਕੀਤੇ ਗਏ ਰਣਜੀਤ ਸਿੰਘ, ਜਗਦੀਸ਼ ਸਿੰਘ, ਭਾਗ ਸਿੰਘ, ਨਵਨੀਤ ਸਿੰਘ, ਬਲਦੀਪ ਸਿੰਘ, ਹਰਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਜਗਦੀਪ ਸਿੰਘ, ਜਸਵੰਤ ਸਿੰਘ, ਰਮਨਦੀਪ ਸਿੰਘ ਤੇ ਸ਼ਮਸ਼ੇਰ ਸਿੰਘ ਦੇ ਨਾਂ ਸ਼ਾਮਲ ਹਨ ਜਦਕਿ ਨਜਫਗੜ੍ਹ ਪੁਲੀਸ ਥਾਣੇ ਵਿਚ ਦਰਜ ਕੇਸ ਵਿਚ ਦਯਾ ਕਿਸ਼ਨ, ਅਨਿਲ ਕੁਮਾਰ ਪੁੱਤਰ ਧਰਮਪਾਲ ਤੇ ਜਗਬੀਰ ਸਿੰਘ ਦੀ ਜ਼ਮਾਨਤ ਮਨਜ਼ੂਰ ਹੋ ਗਈ ਹੈ। ਜ਼ਮਾਨਤ ਮਿਲਣ ਤੋਂ ਬਾਅਦ ਹੁਣ ਇਹ ਸਾਰੇ ਵਿਅਕਤੀ ਤਿਹਾੜ ਜੇਲ੍ਹ ਵਿਚੋਂ ਬਾਹਰ ਆ



ਸਕਣਗੇ। ਇਹ 15 ਜ਼ਮਾਨਤਾਂ ਮਿਲਾ ਕੇ ਹੁਣ ਤੱਕ ਕੁੱਲ 105 ਲੋਕਾਂ ਦੀਆਂ ਜ਼ਮਾਨਤਾਂ ਹੋ ਚੁੱਕੀਆਂ ਹਨ। 84 ਲੋਕ ਜੇਲ੍ਹ ਵਿਚੋਂ ਬਾਹਰ ਆ ਚੁੱਕੇ ਹਨ। ਪਹਿਲਾਂ 121 ਲੋਕ ਗ੍ਰਿਫਤਾਰ ਕੀਤੇ ਗਏ ਤੇ ਫਿਰ 11 ਲੋਕ ਹੋਰ ਗ੍ਰਿਫਤਾਰ ਕੀਤੇ ਗਏ। ਇਨ੍ਹਾਂ ਵਿਚੋਂ ਵੀ 5 ਦੀ ਜ਼ਮਾਨਤ ਹੋ ਗਈ ਹੈ। ਜਿਨ੍ਹਾਂ ਨੂੰ ਨੋਟਿਸ ਭੇਜੇ ਗਏ ਸੀ, ਉਨ੍ਹਾਂ ਵਿਚੋਂ 6 ਦੀ ਪੇਸ਼ਗੀ ਜ਼ਮਾਨਤ ਹੋ ਚੁੱਕੀ ਹੈ ਜਦੋਂਕਿ 5 ਜਣਿਆਂ ਨੂੰ ਕ੍ਰਾਈਮ ਬ੍ਰਾਂਚ ਅੱਗੇ ਪੇਸ਼ ਕਰ ਕੇ ਬੇਕਸੂਰ ਸਾਬਤ ਕਰ ਕੇ ਘਰਾਂ ਨੂੰ ਭੇਜਿਆ ਗਿਆ ਹੈ। ਕੁਝ ਜ਼ਮਾਨਤ ਅਰਜੀਆਂ ’ਤੇ ਭਲਕੇ ਮੰਗਲਵਾਰ ਨੂੰ ਵੀ ਸੁਣਵਾਈ ਹੈ। ਦੱਸ ਦਈਏ ਕਿ ਇਹਨਾਂ ਜ਼ਮਾਨਤਾਂ ਨੂੰ ਕਰਵਾਉਣ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਹਿਮ ਰੋਲ ਨਿਭਾਇਆ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਵਿਚ ਵਕੀਲਾਂ ਦੀ ਟੀਮ ਲਗਾਤਾਰ ਇਹ ਜ਼ਮਾਨਤਾਂ ਕਰਾਉਣ ਲਈ ਚਾਰਾਜ਼ੋਈ ਕਰ ਰਹੀ ਹੈ। ਮਨਜਿੰਦਰ ਸਿੰਘ ਸਿਰਸਾ ਨੇ ਬੀਤੇ ਕੱਲ੍ਹ ਬਿਆਨ ਦਿੱਤਾ ਕਿ ਉਹ ਤਿਹਾੜ ਜੇਲ੍ਹ ਵਿਚ ਬੰਦ ਨੌਜਵਾਨ ਆਗੂ ਦੀਪ ਸਿੱਧੂ ਦੇ ਨਾਲ ਵੀ ਡਟ ਕੇ ਖੜ੍ਹੇ ਹਨ ਅਤੇ ਉਹਨਾਂ ਦੀਪ ਸਿੱਧੂ ਨਾਲ ਗੱਲਬਾਤ ਹੋਣ ਦਾ ਦਾਅਵਾ ਕੀਤਾ ਜਿਸ ਦੀਪ ਸਿੱਧੂ ਨੇ ਕਿਹਾ ਕਿ ਉਹ ਚੜ੍ਹਦੀ ਕਲਾ ਵਿਚ ਹੈ।

# ਫਰਾਂਸ ਦੇ ਸਾਬਕਾ ਰਾਸ਼ਟਰਪਤੀ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ’ਚ ਹੋਈ ਤਿੰਨ ਸਾਲ ਦੀ ਸਜ਼ਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਫਰਾਂਸ ਦੇ ਸਾਬਕਾ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਨੂੰ ਭ੍ਰਿਸ਼ਟਾਚਾਰ ਦੇ ਇਕ ਮਾਮਲੇ ਵਿਚ ਦੋਸ਼ੀ ਮੰਨਦਿਆਂ ਪੈਰਿਸ ਦੀ ਇੱਕ ਅਦਾਲਤ ਨੇ ਤਿੰਨ ਸਾਲ ਦੀ ਸਜਾ ਸੁਣਾਈ ਹੈ। ਅਦਾਲਤ ਵੱਲੋਂ ਸੁਣਾਈ ਸਜ਼ਾ ਮੁਤਾਬਕ ਸਾਬਕਾ ਰਾਸ਼ਟਰਪਤੀ ਸਰਕੋਜ਼ੀ ਇੱਕ ਸਾਲ ਜੇਲ ਵਿੱਚ ਰਹਿਣਗੇ ਅਤੇ ਦੋ ਸਾਲ ਉਨਾਂ ’ਤੇ ਘੁੰਮਣ-ਫਿਰਨ ’ਤੇ ਨਜਰ ਰੱਖੀ ਜਾਵੇਗੀ।

ਨਿਕੋਲਸ ਸਰਕੋਜ਼ੀ 2007 ਤੋਂ 2012 ਤੱਕ ਫਰਾਂਸ ਦੇ ਰਾਸ਼ਟਰਪਤੀ ਅਹੁਦੇ ’ਤੇ ਰਹੇ ਹਨ। ਇਹ ਮਾਮਲਾ ਸਾਲ 2014 ਦਾ ਹੈ, ਜਦੋਂ ਸਰਕੋਜ਼ੀ ਨੇ ਇਕ ਸੀਨੀਅਰ ਮੈਜਿਸਟ੍ਰੇਟ ਤੋਂ ਗਲਤ ਢੰਗ ਨਾਲ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਦਾਲਤ ਨੇ ਕਿਹਾ ਕਿ ਸਰਕੋਜੀ ਘਰ ਵਿੱਚ ਨਜਰਬੰਦ ਰਹਿਣ ਦੀ ਅਪੀਲ ਕਰ ਸਕਣਗੇ ਅਤੇ ਉਨਾਂ ਦੇ ਹੱਥ ’ਤੇ ਇਲੈਕਟ੍ਰੌਨਿਕ ਪੱਟੀ ਬੰਨੀ ਜਾਵੇਗੀ। ਸਰਕੋਜੀ 2012 ਵਿੱਚ ਰਾਸ਼ਟਰਪਤੀ ਚੋਣਾਂ ਦੌਰਾਨ ਗੈਰ-ਕਾਨੂੰਨੀ ਪੈਸਿਆਂ ਦੀ ਦੁਰਵਰਤੋਂ ਦੇ ਦੋਸ਼ ਵਿੱਚ 13 ਹੋਰ ਲੋਕਾਂ ਨਾਲ ਇਸ ਮਹੀਨੇ ਇੱਕ ਹੋਰ ਮੁਕੱਦਮੇ ਦਾ ਸਾਹਮਣਾ ਕਰਨਗੇ।

# ਭਾਰਤ ਅਤੇ ਪਾਕਿਸਤਾਨ ਵਿਚਕਾਰ ਕਸਮੀਰ ਸੀਮਾ ਤੇ ਹੋਇਆ ਗੋਲੀਬੰਦੀ ਲਈ ਸਮਝੌਤਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਤੇ ਪਾਕਿਸਤਾਨ ਨੇ ਵਿਵਾਦਿਤ ਕਸਮੀਰ ਦੇ ਹਿੱਸੇ ਨਾਲ ਲੱਗਦੀ ਅਸਲ ਸੀਮਾ ਰੇਖਾ ਤੇ, ਸਾਰੇ ਸਮਝੌਤਿਆਂ, ਸਮਝਾਂ ਅਤੇ ਗੋਲੀਬੰਦੀ ਤੇ ਆਪਸੀ ਸਹਿਮਤੀ ਜਤਾਉਂਦੇ ਹੋਏ, ਇਹਨਾਂ ਨੂੰ ‘ਸਖਤ ਨਿਗਰਾਨੀ’ ਹੇਠ ਅਮਲ ਵਿੱਚ ਲਿਆਉਣਾ ਮਿੱਥਿਆ।

“ਭਾਰਤ ਅਤੇ ਪਾਕਿਸਤਾਨ ਦੇ ਮਿਲਟਰੀ ਅਪ੍ਰੇਸਨਾਂ ਦੇ ਡਾਇਰੈਕਟਰ ਜਨਰਲਾਂ ਨੇ ਵੀਰਵਾਰ ਸਵੇਰੇ ਇਸ ਮੁੱਦੇ ਤੇ ‘ਹਾਟ ਲਾਈਨ’ ਉੱਪਰ ਚਰਚਾ ਕੀਤੀ। ਜਿਸ ਤੋਂ ਬਾਅਦ ਇਸ ਤੇ ਸਾਂਝੀ ਸਹਿਮਤੀ ਹੋਈ,” ਇੱਕ ਪਾਕਿਸਤਾਨੀ ਸੈਨਾ ਦੇ ਬਿਆਨ ਵਿੱਚ ਆਖਿਆ ਗਿਆ।

ਦੋਵੇਂ ਪਾਸੇ ‘ਸਖਤ ਨਿਗਰਾਨੀ’ ਹੇਠ ਸਾਰੇ ਸਮਝੌਤਿਆਂ,ਆਪਸੀ ਸਹਿਮਤੀਆਂ ਅਤੇ ਗੋਲੀਬੰਦੀ ਕਰਨ ਤੇ ਰਾਜੀ ਹਨ, ਜਿਸ ਤੇ ਅਮਲ ‘ਲਾਈਨ ਆਫ ਕੰਟਰੋਲ’ ਅਤੇ ਹੋਰ ਸਾਰੇ ਸੈਕਟਰਾਂ ਤੋਂ ਸੁੱਕਰਵਾਰ ਅੱਧੀ ਰਾਤ ਤੋਂ ਸੁਰੂ ਹੋ ਜਾਵੇਗਾ,” ਬਿਆਨ ’ਚ ਦਰਜ ਕੀਤਾ ਗਿਆ।

# ਪ੍ਰੋ. ਨਰਿੰਜਨ ਸਿੰਘ ਢੇਸੀ ਜੀ ਦਾ ਅੰਤਮ ਸੰਸਕਾਰ 6 ਮਾਰਚ ਨੂੰ ਇੰਡੀਅਨਏਪਲਿਸ, ਇੰਡੀਆਨਾ ਵਿਖੇ ਹੋਵੇਗਾ

**ਸੈਕਰਾਮੈਂਟੋ, ਕੈਲੀਫੋਰਨੀਆ( ਹੁਸਨ ਲੜੋਆ ਬੰਗਾ):** ਬੀਤੇ ਦਿਨੀਂ ਪੰਜਾਬੀ ਦੇ ਉਘੇ ਚਿੰਤਕ ਤੇ ਸਾਹਿਤਕਾਰ ਪ੍ਰੋ. ਨਰਿੰਜਨ ਸਿੰਘ ਢੇਸੀ ਜੀ 86 ਸਾਲ ਦੀ ਉਮਰ ਭੋਗ ਕੇ ਪਹਿਲੀ ਮਾਰਚ ਨੂੰ ਇੰਡੀਆਨਾ, ਅਮਰੀਕਾ ਵਿਖੇ ਅਕਾਲ ਚਲਾਣਾ ਕਰ ਗਏ ਸਨ, ਉਨਾਂ ਦਾ ਅੰਤਿਮ ਸੰਸਕਾਰ 6 ਮਾਰਚ ਨੂੰ ਸਵੇਰੇ 11 ਵਜੇ ਤੋਂ 1 ਵਜੇ ਤੱਕ 2950 ਨਾਰਥ ਹਾਈ ਸਕੂਲ ਰੋਡ, ਇੰਡਿਅਨਏਪਲਿਸ ਵਿਖੇ ਹੋਵੇਗਾ ਤੇ ਇਸ ਉਪਰੰਤ ਗੁਰਦੁਆਰਾ ਸਾਹਿਬ ਗੁਰੂ ਨਾਨਕ ਸਿੱਖ ਸੋਸਾਇਟੀ 1911 ਹੋਬਰਟ ਰੋਡ ਤੇ ਹੀ ਅੰਤਿਮ ਅਰਦਾਸ ਹੋਵੇਗੀ ਜਿਸ ਵਿੱਚ ਸਾਰੇ ਰਿਸ਼ਤੇਦਾਰ ਤੇ ਸਨੇਹੀ ਜੁੜਨਗੇ। ਪ੍ਰੋ. ਨਰਿੰਜਨ ਸਿੰਘ ਢੇਸੀ ਬਹੁਤ ਸਾਦੀ ਤੇ ਉੱਚ ਖਿਆਲੀ ਸਖਸੀਅਤ ਦੇ ਮਾਲਕ ਤੇ ਸਿੱਖ ਧਰਮ ਦੀ ਫਿਲਾਸਫੀ ਦੇ ਗਿਆਤਾ ਸਨ। ਵਿਦਿਆਰਥੀ ਜੀਵਨ ਵਿੱਚ ਉਹ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਰਹੇ। 1971-72 ਵਿੱਚ ਉਨਾਂ ਖਾਲਸਾ ਕਾਲਜ ਜਲੰਧਰ ਤੋਂ ਐਮ ਏ ਪੰਜਾਬੀ ਵਿੱਚ ਕਰਨ ਉਪਰੰਤ ਬਟਾਲਾ ਕਾਲਜ ਵਿੱਚ ਅਧਿਆਪਕ ਰਹੇ। 1979 ਵਿੱਚ ਉਹ ਖਾਲਸਾ ਕਾਲਜ ਜਲੰਧਰ ਚ ਪੰਜਾਬੀ ਵਿਭਾਗ ਦੇ ਮੁਖੀ ਬਣੇ। ਉਹ 25 ਸਾਲ ਬਾਅਦ ਉਥੋਂ ਹੀ ਸੇਵਾ ਮੁਕਤ ਹੋਏ। ਉਨਾਂ ਦੀ ਕਾਬਲੀਅਤ ਨੂੰ ਦੇਖਦਿਆਂ ਉਨਾਂ ਨੂੰ “ਗੁਰੂ ਗ੍ਰੰਥ ਸਾਹਿਬ ਰਿਸਰਚ ਸੈਂਟਰ” ਦਾ ਡਾਇਰੈਕਟਰ ਬਣਾਇਆ ਗਿਆ। ਤਿੰਨ ਸਾਲ ਇਸ ਦੀ ਸੇਵਾ ਕਰਨ ਉਪਰੰਤ ਉਨਾਂ ਨੂੰ “ਸਾਈ ਟੈਕਨੀਕਲ ਗਰੁੱਪ ਆਫ ਕਾਲਿਜ” ਵਿੱਚ ਡੀਨ ਨਿਯੁਕਤ ਕੀਤਾ ਗਿਆ, ਜਿਥੇ ਉਹ 2009 ਤੱਕ ਰਹੇ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਦੋਂ ਹਰਿਮੰਦਰ ਸਾਹਿਬ ਨੂੰ ਯੂਨੇਸਕੋ ਨੂੰ ਦੇਣ ਵਾਰੇ ਡੋਜੀਅਰ ਤਿਆਰ ਕੀਤਾ ਤਾਂ ਪ੍ਰੋ. ਨਰਿੰਜਨ ਸਿੰਘ ਢੇਸੀ ਹੁਰਾਂ ਨੇ ਇਸਦਾ ਸਖਤ ਵਿਰੋਧ ਕੀਤਾ। 2010 ਉਨਾਂ ਦੇ ਦਮਾਦ ਦੀ ਮੌਤ ਹੋਈ ਤਾਂ ਉਹਨਾ ਨੂੰ ਆਪਣੀ ਬੇਟੀ ਕੋਲ ਇੰਡਿਆਨਾ, ਅਮਰੀਕਾ ਆਉਣਾ ਪਿਆ। ਅਮਰੀਕਾ ਦੀਆਂ ਵੱਖ ਸੰਸਥਾਵਾਂ ਤੇ ਵੱਖ ਵੱਖ ਗੁਰਦੁਆਰਾ ਸਾਹਿਬਾਨਾਂ ਵਲੋਂ ਵੀ ਉਨਾਂ ਵਿਸ਼ੇਸ ਇਜਲਾਸਾਂ ਤੇ ਵਿਸ਼ੇਸ ਪ੍ਰੋਗਰਾਮਾਂ ਵਿੱਚ ਵੀ ਉਨਾਂ ਦੀ ਸਮੂਲੀਅਤ ਕਾਫੀ ਪ੍ਰਭਾਵ ਤੇ ਸਤਿਕਾਰ ਵਾਲੀ ਰਹੀ। ਕਈ ਥਾਵਾਂ ਤੇ ਉਨਾਂ ਨੂੰ ਉਹਨਾਂ ਦੇ ਵਿਦਿਆਰਥੀਆਂ ਵਲੋਂ ਸਨਮਾਨਿਤ ਵੀ ਕੀਤਾ ਗਿਆ। ਉਹ ਆਪਣੇ ਚ ਪਿਛੇ ਬੇਟਾ ਜਗਰੂਪ ਸਿੰਘ ਢੇਸੀ , ਬੇਟੀ ਪਰਮਜੋਤ ਕੌਰ ਹੁੰਦਲ, ਅਤੇ ਉਨਾਂ ਨੂੰ ਪਿਆਰ ਤੇ ਸਤਿਕਾਰ ਕਰਨ ਵਾਲੇ ਅਨੇਕਾਂ ਵਿਦਿਆਰਥੀ ਤੇ ਸੁਨੇਹੀ ਛੱਡ ਗਏ।

## ਪ੍ਰੋ. ਨਿਰੰਜਨ ਸਿੰਘ ਢੇਸੀ ਦੇ ਅਕਾਲ ਚਲਾਣੇ ਨਾਲ ਪੰਜਾਬੀ ਮਾਂ ਬੋਲੀ ਦਾ ਵਿਹੜਾ ਹੋਇਆ ਸੁੰਨਾ : ਜੱਸੀ/ਸੰਮੀ

**ਵਾਸ਼ਿੰਗਟਨ, ਡੀ. ਸੀ (ਰਾਜ ਗੋਗਨਾ):** ਬੀਤੇ ਦਿਨ ਅਮਰੀਕਾ ਵਿਚ ਰਹਿੰਦੇ ਜਾਣੀ ਪਛਾਣੀ ਨਾਮਵਰ ਸਖਸ਼ੀਅਤ ਪ੍ਰੋ. ਨਿਰੰਜਨ ਸਿੰਘ ਢੇਸੀ ਦੇ ਅਕਾਲ ਚਲਾਣੇ ’ਤੇ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਅਤੇ ਉਪ-ਚੇਅਰਮੈਨ ਬਲਜਿੰਦਰ ਸਿੰਘ ਸੰਮੀ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਲਾਇਲਪੁਰ ਖਾਲਸਾ ਜਲੰਧਰ ਵਿਚ ਪੰਜਾਬ ਵਿਭਾਗ ਦੇ ਮੁਖੀ ਰਹੇ ਪ੍ਰੋ: ਨਿਰੰਜਨ ਸਿੰਘ ਢੇਸੀ ਦੇ ਇਸ ਦੁਨੀਆ ਤੋਂ ਤੁਰ ਜਾਣ ਨਾਲ ਅੱਜ ਪੰਜਾਬੀ ਮਾਂ ਬੋਲੀ ਦਾ ਵਿਹੜਾ ਸੁੰਨਾ ਹੋ ਗਿਆ ਹੈ। ਉਨਾਂ ਕਿਹਾ ਕਿ ਪ੍ਰੋ. ਢੇਸੀ ਨੇ ਆਪਣੇ ਜੀਵਨ ਵਿੱਚ ਦੂਜਿਆਂ ਦੇ ਜੀਵਨ ਨੂੰ ਲੀਹੇ ਪਾਉਣ ਅਤੇ ਸੁਧਾਰਨ ਲਈ ਇਕ ਬਹੁਤ ਵੱਡਾ ਰੋਲ ਨਿਭਾਇਆ ਹੈ। ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿੱਚ ਪ੍ਰੋਫੈਸਰ ਹੁੰਦੇ ਹੋਏ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਅੱਗੇ ਵੱਧਣ ਲਈ ਪ੍ਰੇਰਿਆ ਅਤੇ ਉਹ ਇਕ ਸਿੱਖ ਵਿਦਵਾਨ ਦੇ ਨਾਲ ਬੜੇ ਸਾਊ, ਸਾਦੇ ਅਤੇ ਮਿਲਾਪੜੇ ਸੁਭਾਅ ਦੇ ਮਾਲਿਕ ਸਨ। ਉਨਾਂ ਅਮਰੀਕਾ ਦੇ ਵੱਖ-ਵੱਖ ਗੁਰੂ ਘਰਾਂ ਵਿਚ ਸਿੱਖੀ ਪ੍ਰਚਾਰ ਦੀ ਨਿਸ਼ਕਾਮ ਸੇਵਾ ਵੀ ਨਿਭਾਈ। ਅੱਜ ਭਾਈਚਾਰੇ ਕੋਲੋਂ ਪੰਜਾਬੀ ਮਾਂ ਬੋਲੀ ਦੀ ਅਣਥੱਕ ਸੇਵਾ ਕਰਨ ਵਾਲਾ ਹੀਰਾ ਸਦਾ ਲਈ ਅਲੋਪ ਹੋ ਗਿਆ ਹੈ।



*ਪ੍ਰੋ. ਨਿਰੰਜਨ ਸਿੰਘ ਢੇਸੀ*

# ਟਰੰਪ ਨੇ ਆਪਣੇ ਰਿਪਬਲਕੀਨ ਵਿਰੋਧੀਆਂ ਦੀ ਕੀਤੀ ਤਿੱਖੀ ਆਲੋਚਨਾ

## ਪਾਰਟੀ ਲੀਡਰ ਹੋਣ ਦਾ ਕੀਤਾ ਦਾਅਵਾ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੁੜ ਆਪਣੇ ਰਾਜਸੀ ਜੀਵਨ ਦੀ ਸ਼ੁਰੂਆਤ ਕਰਦਿਆਂ ਰਾਸ਼ਟਰਪਤੀ ਜੋਅ ਬਾਇਡੇਨ ਦੇ ਨਾਲ ਨਾਲ ਰਿਪਬਲੀਕਨ ਪਾਰਟੀ ਵਿਚਲੇ ਆਪਣੇ ਵਿਰੋਧੀਆਂ ਦੀ ਕਰੜੀ ਨਿੰਦਾ ਕਰਦਿਆਂ ਦਾਅਵਾ ਕੀਤਾ ਕਿ ਉਹ ਹੁਣ ਵੀ ਪਾਰਟੀ ਲੀਡਰ ਹਨ। ਓਰਲੈਂਡੋ ਵਿਚ ਕੰਜ਼ਰਵੇਟਿਵ ਪੋਲੀਟੀਕਲ ਐਕਸ਼ਨ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਆਪਣੇ ਨਿਰਧਾਰਤ ਸਮੇ ਤੋਂ ਇਕ ਘੰਟਾ ਦੇਰੀ ਨਾਲ ਮੰਚ 'ਤੇ ਪੁੱਜੇ ਟਰੰਪ ਨੇ ਸਵਾਲ ਕੀਤਾ ਕੀ ਤੁਸੀਂ ਮੈਨੂੰ ਯਾਦ ਕਰਦੇ ਹੋ ? ਟਰੰਪ ਵੱਲੋਂ ਹੋਰ ਰਿਪਬਲੀਕਨਾਂ ਦੀ ਆਲੋਚਨਾ ਕਰਨ ਤੋਂ ਬਾਅਦ ਪਾਰਟੀ ਦੇ ਵੰਡੇ ਜਾਣ ਦਾ ਖਤਰਾ ਪੈਦਾ ਹੋ ਗਿਆ ਹੈ ਜੋ 2022 ਵਿਚ ਕਾਂਗਰਸ ਉਪਰ ਕੰਟਰੋਲ ਕਰਨ ਤੇ 2024 ਦੀਆਂ ਆਮ ਚੋਣਾਂ ਜਿੱਤਣ ਲਈ ਯਤਨਸ਼ੀਲ ਹੈ। ਟਰੰਪ ਦੇ ਭਾਸ਼ਣ ਤੋਂ ਪਹਿਲਾਂ ਕੁਝ ਰਿਪਬਲੀਕਨਾਂ ਨੇ ਕਿਹਾ ਕਿ ਪਾਰਟੀ 2022 ਤੇ 2024 ਵਿਚ ਚੋਣਾਂ ਤਾਂ ਹੀ ਜਿੱਤ ਸਕਦੀ ਹੈ ਜੇਕਰ ਉਹ ਵੋਟਰਾਂ ਨਾਲ ਮੁੱਦਿਆਂ ਦੀ ਗੱਲ ਕਰੇਗੀ ਨਾ ਕਿ ਟਰੰਪ ਨੂੰ ਮੁੱਦਾ ਬਣਾਵੇਗੀ। ਸੈਨੇਟ ਮੈਂਬਰ ਬਿੱਲ ਕਾਸੀਡੀ ਨੇ ਕਿਹਾ ਕਿ ਪਾਰਟੀ ਨੂੰ ਇਕ ਵਿਅਕਤੀ ਉਪਰ ਆਪਣੇ ਆਪ ਨੂੰ ਕੇਂਦਰ ਨਹੀਂ ਕਰਨਾ ਚਾਹੀਦਾ । ਉਨਾਂ ਨੇ ਕਿਹਾ ਜੇ ਅਸੀਂ ਨੀਤੀਆਂ ਤੇ ਪਰਿਵਾਰਾਂ ਦੀ ਗੱਲ ਕਰਾਂਗੇ ਤਾਂ ਅਸੀਂ ਜਿੱਤ ਜਾਵਾਂਗੇ, ਕਿਉਂਕਿ ਸਾਡੇ 7 ਰਿਪਬਲੀਕਨ ਸੈਨੇਟ ਮੈਂਬਰਾਂ ਵਿਚ ਸ਼ਾਮਲ ਹਨ ਜਿਨਾਂ ਨੇ ਮਹਾਂਦੋਸ਼ ਕਾਰਵਾਈ ਦੌਰਾਨ ਟਰੰਪ ਵਿਰੁੱਧ ਵੋਟ ਪਾਈ ਸੀ। ਉਨਾਂ ਕਿਹਾ ਕਿ ਜੇਕਰ ਅਸੀਂ ਇਕ ਵਿਅਕਤੀ ਦੀ ਵਿਚਾਰਧਾਰਾ ਉਪਰ ਨਿਰਭਰ ਕਰਾਂਗੇ ਤਾਂ ਹਾਰ ਜਾਵਾਂਗੇ। ਕੰਜ਼ਰਵੇਟਿਵ ਕਾਰਕੁੰਨਾਂ ਨੂੰ ਸੰਬੋਧਨ ਕਰਦਿਆਂ ਹਾਲਾਂਕਿ ਟਰੰਪ ਨੇ 2024 ਦੀਆਂ ਚੋਣਾਂ ਲਈ ਆਪਣੇ ਆਪ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਨਹੀਂ ਐਲਾਨਿਆ ਪਰ ਉਨਾਂ ਨੇ ਨਵੰਬਰ 2020 ਦੀਆਂ ਚੋਣਾਂ ਵਿਚ ਧੋਖਾਧੜੀ ਹੋਣ ਦਾ ਦਾਅਵਾ ਕਰਕੇ ਸੰਭਾਵੀ ਉਮੀਦਵਾਰ ਵਜੋਂ ਮੈਦਾਨ ਵਿਚ ਉਤਰਨ ਦੇ ਕਾਫੀ ਸੰਕੇਤ ਦਿੱਤੇ।

# ਅਮਰੀਕਾ ਨੇ 2015 ਦੇ ਪ੍ਰਮਾਣੂ ਸਮਝੌਤੇ 'ਤੇ ਵਾਪਸ ਪਰਤ ਦੇ ਈਰਾਨ ਲਈ ਗੱਲਬਾਤ ਦੇ ਦਰਵਾਜੇ ਰੱਖੇ ਖੁੱਲੇ

## ਈਰਾਨ ਨੇ ਯੂਰਪੀ ਸੰਘ ਦੇ ਬੈਠਕ ਕਰਨ ਦੇ ਸੱਦੇ ਨੂੰ ਠੁਕਰਾਇਆ

**ਵਾਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕੀ ਪ੍ਰਸ਼ਾਸਨ ਨੇ ਇਕ ਵਾਰ ਫਿਰ ਕਿਹਾ ਹੈ ਕਿ ਉਸ ਨੇ 2015 ਦੇ ਪਰਮਾਣੂ ਸਮਝੌਤੇ 'ਤੇ ਵਾਪਸ ਪਰਤਣ ਲਈ ਈਰਾਨ ਲਈ ਗੱਲਬਾਤ ਦੇ ਦਰਵਾਜ਼ੇ ਖੁੱਲੇ ਰੱਖੇ ਹਨ। ਤਾਜ਼ਾ ਘਟਨਾਕ੍ਰਮ ਵਿਚ ਇਸ ਮੁੱਦੇ 'ਤੇ ਈਰਾਨ ਨੇ ਯੂਰਪੀ ਸੰਘ ਦੇ ਬੈਠਕ ਕਰਨ ਦੇ ਸੱਦੇ ਨੂੰ ਠੁਕਰਾ ਦਿੱਤਾ ਹੈ। ਬੈਠਕ ਵਿਚ ਅਮਰੀਕਾ ਸਮੇਤ ਸਾਰੇ ਪੱਖ ਸ਼ਾਮਲ ਹੋ ਰਹੇ ਸਨ।

ਅਮਰੀਕੀ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਬੈਠਕ ਦੇ ਪ੍ਰਸਤਾਵ ਨੂੰ ਸਵੀਕਾਰ ਨਾ ਕਰਨਾ ਵਾਕਈ ਅਫ਼ਸੋਸਜਨਕ ਹੈ। ਵਾਰਤਾ ਦੀ ਸ਼ੁਰੂਆਤ ਦਾ ਇਹ ਪ੍ਰਸਤਾਵ ਕੂਟਨੀਤਕ ਪ੍ਰਕਿਰਿਆ ਦੇ ਲਿਹਾਜ਼ ਨਾਲ ਸਮੇਂ ਅਤੇ ਖਰੜੇ ਨੂੰ ਲੈ ਕੇ ਕਾਫ਼ੀ ਲਚਕੀਲਾ ਸੀ। ਅਮਰੀਕਾ ਹੁਣ ਸਮਝੌਤੇ ਨਾਲ ਸਬੰਧਤ ਦੇਸ਼ਾਂ ਬ੍ਰਿਟੇਨ, ਚੀਨ, ਫਰਾਂਸ, ਰੂਸ ਅਤੇ ਜਰਮਨੀ ਨਾਲ ਗੱਲ ਕਰੇਗਾ। ਦੱਸਣਯੋਗ ਹੈ ਕਿ ਐਤਵਾਰ ਨੂੰ ਈਰਾਨ ਨੇ 2015 ਦੇ ਪ੍ਰਮਾਣੂ ਸਮਝੌਤੇ 'ਤੇ ਵਾਰਤਾ ਦੇ ਪ੍ਰਸਤਾਵ ਨੂੰ ਇਹ ਕਹਿ ਕੇ ਠੁਕਰਾ ਦਿੱਤਾ ਸੀ ਕਿ ਅਜੇ ਸਮਾਂ ਨਹੀਂ ਆਇਆ ਹੈ। ਇਸ ਬੈਠਕ ਵਿਚ ਅਮਰੀਕਾ ਦਰਸ਼ਕ ਦੀ ਭੂਮਿਕਾ ਵਿਚ ਹਿੱਸਾ ਲੈਣ ਵਾਲਾ ਸੀ। ਈਰਾਨ ਇਸ ਗੱਲ 'ਤੇ ਅੜਿਆ ਹੋਇਆ ਹੈ ਕਿ ਪਹਿਲੇ ਅਮਰੀਕਾ ਟਰੰਪ ਪ੍ਰਸ਼ਾਸਨ ਦੌਰਾਨ ਲਗਾਈਆਂ ਗਈਆਂ ਪਾਬੰਦੀਆਂ ਨੂੰ ਖ਼ਤਮ ਕਰੇ ਜਾਂ ਫਿਰ ਉਸ ਵਿਚ ਰਾਹਤ ਦੇਵੇ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਕਈ ਵਾਰ ਕਹਿ ਚੁੱਕੇ ਹਨ ਕਿ ਉਹ ਈਰਾਨ ਨਾਲ 2015 ਵਿਚ ਹੋਏ ਪ੍ਰਮਾਣੂ ਸਮਝੌਤੇ 'ਤੇ ਪਰਤਣਗੇ। 2018 ਵਿਚ ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੇ ਇਸ ਸਮਝੌਤੇ ਤੋਂ ਦੇਸ਼ ਨੂੰ ਅਲੱਗ ਕਰਦੇ ਹੋਏ ਈਰਾਨ 'ਤੇ ਕਈ ਪਾਬੰਦੀਆਂ ਲਗਾ ਦਿੱਤੀਆਂ ਸਨ। ਬਾਇਡਨ ਪ੍ਰਸ਼ਾਸਨ ਨੇ ਕਿਹਾ ਹੈ ਕਿ ਸੰਯੁਕਤ ਰਾਸ਼ਟਰ ਵਿਚ ਪਾਬੰਦੀਆਂ 'ਤੇ ਨਰਮ ਰੁੱਖ ਦਿਖਾਉਣਾ ਇਸ ਗੱਲ ਨੂੰ ਜ਼ਾਹਿਰ ਕਰਦਾ ਹੈ ਕਿ ਉਹ ਸਮਝੌਤੇ ਪ੍ਰਤੀ ਈਮਾਨਦਾਰ ਹਨ।

# ਅਮਰੀਕਾ ਵਿਚ ਨਹੀਂ ਹੋਵੇਗਾ ਅਜੇ ਘੱਟੋ ਘੱਟ ਪ੍ਰਤੀ ਘੰਟਾ ਮਜ਼ਦੂਰੀ ਦਰ ਵਿਚ ਵਾਧਾ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਪ੍ਰਤੀ ਘੰਟਾ ਘੱਟੋ ਘੱਟ ਮਜ਼ਦੂਰੀ 15 ਡਾਲਰ ਕਰਨ ਦੇ ਸਮਰਥਕ ਸਾਂਸਦਾਂ ਦੀਆਂ ਕੋਸ਼ਿਸ਼ਾਂ ਨੂੰ ਉਸ ਵੇਲੇ ਧੱਕਾ ਲੱਗਾ ਜਦੋਂ ਸੈਨੇਟ ਦੇ ਇਕ ਅਧਿਕਾਰੀ ਨੇ ਫ਼ੈਸਲਾ ਸੁਣਾਇਆ ਕਿ ਇਹ ਵਿਵਾਦਤ ਮੁੱਦਾ ਰਾਸ਼ਟਰਪਤੀ ਜੋਅ ਬਾਇਡੇਨ ਦੇ 1.9 ਖਰਬ ਡਾਲਰਾਂ ਦੇ ਕੋਵਿਡ-19 ਰਾਹਤ ਪੈਕੇਜ ਦੇ ਹਿੱਸੇ ਵਜੋਂ ਨਹੀਂ ਵਿਚਾਰਿਆ ਜਾ ਸਕਦਾ। 2025 ਤੱਕ ਘੱਟੋ ਘੱਟ ਮਜ਼ਦੂਰੀ 15 ਡਾਲਰ ਪ੍ਰਤੀ ਘੰਟਾ ਕਰਨ ਦੀ ਤਜਵੀਜ਼ ਨੂੰ ਇਕੱਲਿਆਂ ਵੱਖਰੇ ਤੌਰ 'ਤੇ ਜਾਂ ਕਿਸੇ ਹੋਰ ਬਿੱਲ ਦੇ ਹਿੱਸੇ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਸੈਨੇਟ ਵਿਚ ਬਹੁਗਿਣਤੀ ਆਗੂ ਚੁੱਕ ਸ਼ੂਮਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸਾਨੂੰ ਨਿਰਣੇ ਨਾਲ ਘੋਰ ਨਿਰਾਸ਼ਾ ਹੋਈ ਹੈ ਪਰ ਅਸੀਂ ਘੱਟੋ ਘੱਟ ਮਜ਼ਦੂਰੀ ਪ੍ਰਤੀ ਘੰਟਾ 15 ਡਾਲਰ ਕਰਨ ਦੀ ਲੜਾਈ ਵਿਚਾਲੇ ਨਹੀਂ ਛੱਡਾਂਗੇ ਤੇ ਇਸ ਨੂੰ ਸਿਰੇ ਲਾ ਕੇ ਦਮ ਲਵਾਂਗੇ। ਉਨਾਂ ਕਿਹਾ ਕਿ 'ਇਸ ਨਾਲ ਜੀਣ ਲਈ ਜੱਦੋ-ਜਹਿਦ ਕਰ ਰਹੇ ਲੱਖਾਂ ਅਮਰੀਕੀ ਕਾਮੇ ਤੇ ਉਨਾਂ ਦੇ ਪਰਿਵਾਰ ਰਾਹਤ ਮਹਿਸੂਸ ਕਰਨਗੇ। ਅਮਰੀਕੀ ਇਸ ਦੇ ਹੱਕਦਾਰ ਹਨ ਤੇ ਇਹ ਹੱਕ ਉਨਾਂ ਨੂੰ ਮਿਲਣਾ ਹੀ ਚਾਹੀਦਾ ਹੈ। ਅਸੀਂ ਇਸ ਨੂੰ ਪੂਰਾ ਕਰਨ ਪ੍ਰਤੀ ਵਚਨਬੱਧ ਹਾਂ।' ਸੈਨੇਟਰ ਬਰਨੀ ਸੈਂਡਰਜ ਸਮੇਤ ਹੋਰ ਕਈ ਸੈਨੇਟਰਾਂ ਦੀ ਕੋਸ਼ਿਸ਼ ਸੀ ਕਿ ਘੱਟੋ ਘੱਟ ਮਜ਼ਦੂਰੀ ਵਿਚ ਵਾਧੇ ਦੀ ਤਜਵੀਜ਼ ਰਾਹਤ ਪੈਕੇਜ ਨਾਲ ਹੀ ਜੋੜ ਦਿੱਤੀ ਜਾਵੇ, ਕਿਉਂਕਿ ਉਨਾਂ ਦਾ ਮੰਨਣਾ ਹੈ ਕਿ ਇਸ ਨੂੰ ਵੱਖਰੇ ਤੌਰ 'ਤੇ ਪਾਸ ਕਰਨਾ ਸੰਭਵ ਨਹੀਂ ਲੱਗਦਾ।

# ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਉੱਚ ਕਮਿਸ਼ਨਰ ਨੇ ਕਿਸਾਨੀ ਸੰਘਰਸ਼ 'ਤੇ ਜ਼ਬਰ ਕਰਨ ਲਈ ਭਾਰਤ ਸਰਕਾਰ ਨੂੰ ਪਾਈ ਝਾੜ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸੰਯੁਕਤ ਰਾਸ਼ਟਰ ਦੀ ਮਨੁੱਖੀ ਹੱਕਾਂ ਬਾਰੇ ਉੱਚ ਕਮਿਸ਼ਨਰ ਮਿਸ਼ੇਲ ਬੇਸ਼ਲਟ ਨੇ ਕਿਸਾਨੀ ਸੰਘਰਸ਼ ਦੇ ਸਮਰਥਨ ਵਿਚ ਲਿਖਣ ਵਾਲੇ ਅਤੇ ਬੋਲਣ ਵਾਲੇ ਲੋਕਾਂ ਖਿਲਾਫ਼ ਭਾਰਤ ਸਰਕਾਰ ਵੱਲੋਂ ਦਰਜ ਕੀਤੇ ਜਾ ਰਹੇ ਮਾਮਲਿਆਂ ਦੀ ਸਖ਼ਤ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਕਿ ਭਾਰਤ ਸਰਕਾਰ ਦੇ ਅਜਿਹੇ ਕਦਮ ਮਨੁੱਖੀ ਹੱਕਾਂ ਦੇ ਸਿਧਾਂਤਾਂ ਤੋਂ ਪਿੱਛੇ ਹਟਣ ਵਾਲੇ ਹਨ।

ਦੱਸ ਦਈਏ ਕਿ ਭਾਰਤ ਸਰਕਾਰ ਨੇ ਖੇਤੀ ਕਾਨੂੰਨਾਂ ਖਿਲਾਫ਼ ਸੰਘਰਸ਼ ਕਰ ਰਹੇ ਕਿਸਾਨਾਂ ਦੇ ਸਮਰਥਨ ਵਿਚ ਲਿਖਣ ਅਤੇ ਬੋਲਣ ਵਾਲੇ ਕਈ ਪੱਤਰਕਾਰਾਂ ਅਤੇ ਸਮਾਜਿਕ ਕਾਰਕੁੰਨਾਂ ਦੇ ਖਿਲਾਫ ਦੇਸ਼ ਧ੍ਰੋਹ ਵਰਗੇ ਸਖ਼ਤ ਕਾਨੂੰਨਾਂ ਅਧੀਨ ਮਾਮਲੇ ਦਰਜ ਕਰ ਲਏ ਹਨ ਅਤੇ ਕਈਆਂ ਨੂੰ ਜੇਲਾਂ ਵਿਚ ਬੰਦ ਕੀਤਾ ਹੈ।

ਭਾਰਤ ਸਰਕਾਰ ਨੇ ਉੱਚ ਕਮਿਸ਼ਨਰ ਦੀਆਂ ਇਹਨਾਂ ਟਿੱਪਣੀਆਂ 'ਤੇ ਇਤਰਾਜ਼ ਪ੍ਰਗਟ ਕੀਤਾ ਹੈ। ਉੱਚ ਕਮਿਸ਼ਨਰ ਮਿਸ਼ੇਲ 'ਚਿਲੀ' ਦੇਸ਼ ਦੇ ਸਾਬਕਾ ਰਾਸ਼ਟਰਪਤੀ ਰਹਿ ਚੁੱਕੇ ਹਨ।

ਸਯੁੰਕਤ ਰਾਸ਼ਟਰ ਮਨੁੱਖੀ ਅਧਿਕਾਰ ਕਾਉਂਸਲ ਦੇ 46ਵੀਂ ਸੈਸ਼ਨ ਵਿਚ ਬੋਲਦਿਆਂ ਉਹਨਾਂ ਕਿਹਾ ਕਿ ਕਿਸਾਨੀ ਸੰਘਰਸ਼ ਤੋਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਦੋਂ ਵੀ ਕਾਨੂੰਨਾਂ ਜਾਂ ਨੀਤੀਆਂ ਬਣਾਈਆਂ ਜਾਣ ਤਾਂ ਜਿਹਨਾਂ ਲਈ ਇਹ ਕਾਨੂੰਨ ਬਣਾਏ ਜਾ ਰਹੇ ਹੋਣ ਉਹਨਾਂ ਦੀ ਸਲਾਹ ਲੈਣੀ ਬਹੁਤ ਜ਼ਰੂਰੀ ਹੁੰਦੀ ਹੈ।

ਕਸ਼ਮੀਰ ਦੇ ਹਾਲਾਤ ਬਾਰੇ ਟਿੱਪਣੀ ਕਰਦਿਆਂ ਉਹਨਾਂ ਕਿਹਾ ਕਿ ਉਹ ਹਾਲਾਤਾਂ 'ਤੇ ਲਗਾਤਾਰ ਨਜ਼ਰ ਰੱਖ ਰਹੇ ਹਨ ਤੇ ਕਸ਼ਮੀਰ ਵਿਚ ਸੰਚਾਰ ਸਾਧਨਾਂ 'ਤੇ ਲੱਗੀਆਂ ਪਾਬੰਦੀਆਂ ਅਤੇ ਸਿਵਲ ਸੁਸਾਇਟੀ ਦੀ ਅਵਾਜ਼ ਦਬਾਉਣ ਦੀਆਂ ਕਾਰਵਾਈਆਂ ਫਿਕਰਮੰਦ ਕਰਨ ਵਾਲੀਆਂ ਹਨ।

# ਨਸਲੀ ਟਿੱਪਣੀ ਨੂੰ ਲੈ ਕੇ ਹਵਾਈ ਜਹਾਜ਼ 'ਚ ਹੋਇਆ ਝਗੜਾ,2 ਔਰਤਾਂ ਗ੍ਰਿਫਤਾਰ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ):** ਡਲਾਸ-ਫੋਰਟ ਵਰਥ ਤੋਂ ਲਾਸ ਏਂਜਲਸ ਜਾ ਰਹੇ ਜਹਾਜ਼ ਵਿਚ ਨਸਲੀ ਟਿਪਣੀ ਨੂੰ ਲੈ ਕੇ ਹੋਇਆ ਝਗੜਾ ਏਨਾ ਵਧ ਗਿਆ ਕਿ ਪਾਈਲਟ ਨੂੰ ਜਹਾਜ਼ ਨੇੜੇ ਲੱਗਦੇ ਫੋਨਿਕਸ ਹਵਾਈ ਅੱਡੇ ਵੱਲ ਮੋੜਨਾ ਪਿਆ। ਅਮਰੀਕਨ ਏਅਲਾਈਨਜ਼ ਕੰਪਨੀ ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਇਕ ਯਾਤਰੀ ਵੱਲੋਂ ਦੋ ਹੋਰ ਔਰਤ ਯਾਤਰੀਆਂ ਨੂੰ ਜਦੋਂ ਨਸਲੀ ਟਿੱਪਣੀ ਨਾ ਕਰਨ ਲਈ ਕਿਹਾ ਗਿਆ ਤਾਂ ਉਨਾਂ ਵਿਚਾਲੇ ਝਗੜਾ ਹੋ ਗਿਆ। ਫੋਨਿਕਸ ਵਿਖੇ ਜਹਾਜ਼ ਦੇ ਉਤਰਨ ਉਪਰੰਤ ਸਥਾਨਕ ਪੁਲਿਸ ਨੇ ਦੋ ਔਰਤਾਂ ਨੂੰ ਹੋਰ ਯਾਤਰੀਆਂ ਪ੍ਰਤੀ ਗਲਤ ਭਾਸ਼ਾ ਵਰਤਣ ਅਤੇ ਹਮਲਾ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ। ਜਹਾਜ਼ ਦੇ ਅਮਲੇ ਦੇ ਮੈਂਬਰਾਂ ਨੇ ਕਿਹਾ ਹੈ ਕਿ ਉਨਾਂ ਦਾ ਵਿਵਹਾਰ ਬਹੁਤ ਮਾੜਾ ਸੀ ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਫੋਨਿਕਸ ਪੁਲਿਸ ਵੱਲੋਂ ਗ੍ਰਿਫਤਾਰ ਕੀਤੀਆਂ ਔਰਤਾਂ ਦੇ ਨਾਂ ਕੈਲੀ ਪਿਚਰਡੋ (30) ਤੇ ਲੀਜ਼ਾ ਰੋਡਰਿਗਜ਼ (29) ਹਨ। ਇਹ ਦੋਨੋਂ ਬਰੋਨਕਸ ਨਿਊਯਾਰਕ ਦੀਆਂ ਰਹਿਣ ਵਾਲੀਆਂ ਹਨ। ਅਮਰੀਕਨ ਏਅਰਲਾਈਨਜ਼ ਨੇ ਅਗਲੀ ਜਾਂਚ ਤੱਕ ਇਨਾਂ ਦੋਨਾਂ ਉਪਰ ਆਪਣੀਆਂ ਉਡਾਨਾਂ ਵਿਚ ਸਫਰ ਕਰਨ 'ਤੇ ਪਾਬੰਦੀ ਲਾ ਦਿੱਤੀ ਹੈ। ਏਅਰਲਾਈਨਜ਼ ਨੇ ਕਿਹਾ ਹੈ ਕਿ ਉਹ ਪ੍ਰਭਾਵਤ ਯਾਤਰੀਆਂ ਨਾਲ ਸਿੱਧੇ ਸੰਪਰਕ ਵਿਚ ਹੈ ਤੇ ਇਸ ਘਟਨਾ ਉਪਰੰਤ ਉਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਪ੍ਰਤੀ ਵਚਨਬੱਧ ਹੈ। ਏਅਰਲਾਈਨਜ਼ ਨੇ ਆਪਣੇ ਅਮਲੇ ਦੇ ਮੈਂਬਰਾਂ ਦੀ ਮੁਸ਼ਕਲ ਹਾਲਾਤ ਵਿਚ ਸਥਿੱਤੀ ਸੰਭਾਲਣ ਲਈ ਸ਼ਲਾਘਾ ਕੀਤੀ ਹੈ।

# ਲਾਪਤਾ ਭਾਰਤੀ ਮੂਲ ਦੇ ਅਮਰੀਕੀ ਨੌਜਵਾਨ ਦੀ ਮਿਲੀ ਲਾਸ਼

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਫਰੀਮਾਂਟ (ਕੈਲੀਫੋਰਨੀਆ) ਵਿਚਲੇ ਆਪਣੇ ਘਰ ਤੋਂ ਪਿਛਲੇ 7 ਦਿਨਾਂ ਤੋਂ ਲਾਪਤਾ ਭਾਰਤੀ ਮੂਲ ਦੇ ਅਮਰੀਕੀ ਨੌਜਵਾਨ ਅਥਾਰਵਾ ਚਿੰਕਵਾਡਕਰ ਦੀ ਸੂਨੋਲ ਨੇੜਿਉਂ ਲਾਸ਼ ਬਰਾਮਦ ਹੋਈ ਹੈ। ਸਪੱਸ਼ਟ ਤੌਰ 'ਤੇ ਉਸ ਦੀ ਮੌਤ ਸੜਕ ਹਾਦਸੇ ਵਿਚ ਹੋਈ ਲੱਗਦੀ ਹੈ ਕਿਉਂਕਿ ਉਸ ਦੀ ਲਾਸ਼ ਇਕ ਉਲਟੇ ਹੋਏ ਵਾਹਨ ਵਿਚੋਂ ਬਰਾਮਦ ਹੋਈ ਹੈ। 19 ਸਾਲਾ ਚਿੰਕਵਾਡਕਰ ਯੂ ਸੀ ਸਾਂਟਾ ਕਰੂਜ਼ ਸੰਸਥਾ ਦਾ ਵਿਦਿਆਰਥੀ ਸੀ ਤੇ ਕੋਵਿਡ ਮਹਾਂਮਾਰੀ ਕਾਰਨ ਉਹ ਘਰ ਤੋਂ ਹੀ ਪੜਾਈ ਕਰਦਾ ਸੀ। ਉਸ ਦੇ ਮਾਪਿਆਂ ਅਨੁਸਾਰ ਉਹ ਘਰੋਂ ਇਹ ਕਹਿ ਗਿਆ ਸੀ ਕਿ ਉਹ ਪਾਲਤੂ ਕੁੱਤੇ ਲਈ ਖ਼ੁਰਾਕ ਖਰੀਦਣ ਜਾ ਰਿਹਾ ਹੈ ਪ੍ਰੰਤੂ ਉਹ ਘਰ ਵਾਪਿਸ ਨਹੀਂ ਪਰਤਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu

Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਐਲਾਨ, ਦੀਪ ਸਿੱਧੂ ਦੀ ਕਰੇਗੀ ਕਾਨੂੰਨੀ ਮਦਦ



**ਨਵੀਂ ਦਿੱਲੀ/ਏ.ਟੀ.ਨਿਊਜ਼:** 26 ਜਨਵਰੀ ਯਾਨੀ ਕਿ ਗਣਤੰਤਰ ਦਿਵਸ ਮੌਕੇ ਹੋਈ ਲਾਲ ਕਿਲਾ ਕਥਿਥ ਹਿੰਸਾ ਮਾਮਲੇ 'ਚ ਜੇਲ 'ਚ ਬੰਦ ਪੰਜਾਬੀ ਅਦਾਕਾਰ ਦੀਪ ਸਿੱਧੂ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਾਨੂੰਨੀ ਮਦਦ ਦੇਣ ਦੀ ਗੱਲ ਆਖੀ ਹੈ। ਉਨਾਂ ਨੇ ਕਿਹਾ ਕਿ ਮੈਂ ਦੀਪ ਨੂੰ ਭਰੋਸਾ ਦਿੰਦਾ ਹਾਂ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਸ ਨੂੰ ਕਾਨੂੰਨੀ ਮਦਦ ਦਿੱਤੀ ਜਾਵੇਗੀ। ਕਮੇਟੀ ਇਹ ਯਕੀਨੀ ਬਣਾਏਗੀ ਕਿ ਦੀਪ ਛੇਤੀ ਹੀ ਜੇਲ 'ਚੋਂ ਬਾਹਰ ਆ ਜਾਵੇ।

ਸਿਰਸਾ ਨੇ ਟਵੀਟ ਕੀਤਾ ਕਿ ਬਹੁਤ ਸਾਰੇ ਲੋਕ ਮੇਰੇ ਤੋਂ ਦੀਪ ਸਿੱਧੂ ਬਾਰੇ ਪੁੱਛ ਰਹੇ ਸਨ। ਮੈਂ ਸਾਰਿਆਂ ਨੂੰ ਉਸ ਬਾਰੇ ਅਪਡੇਟ ਦੇਣਾ ਚਾਹੁੰਦਾ ਹਾਂ ਕਿ ਜਦੋਂ ਉਸ ਨੂੰ ਰਿਮਾਂਡ 'ਤੇ ਲਿਆ ਗਿਆ ਸੀ, ਉਦੋਂ ਮੇਰੀ ਉਸ ਨਾਲ ਫੋਨ 'ਤੇ ਗੱਲਬਾਤ ਹੋਈ ਸੀ। ਉਹ ਬਿਲਕੁਲ ਠੀਕ ਅਤੇ ਸਿਹਤਮੰਦ ਹੈ। ਦੱਸ ਦੇਈਏ ਕਿ ਦੀਪ ਸਿੱਧੂ ਇਸ ਸਮੇਂ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਹੈ। ਉਹ ਤਿਹਾੜ ਜੇਲ 'ਚ ਬੰਦ ਹੈ।

**ਕੀ ਹੈ ਪੂਰਾ ਮਾਮਲਾ**

ਦੱਸਣਯੋਗ ਹੈ ਕਿ ਗਣਤੰਤਰ ਦਿਵਸ ਮੌਕੇ ਕਿਸਾਨਾਂ ਵਲੋਂ ਟਰੈਕਟਰ ਪਰੇਡ ਕੱਢੀ ਗਈ ਸੀ। ਇਸ ਟਰੈਕਟਰ ਪਰੇਡ ਦੌਰਾਨ ਦਿੱਲੀ ਦੀਆਂ ਕੁਝ ਥਾਵਾਂ 'ਤੇ ਕਿਸਾਨਾਂ ਅਤੇ ਪੁਲਸ ਵਿਚਾਲੇ ਝੜਪਾਂ ਹੋਈਆਂ ਸਨ। ਇਸ ਦੌਰਾਨ ਕੁਝ ਪ੍ਰਦਰਸ਼ਨਕਾਰੀ ਟਰੈਕਟਰਾਂ ਨਾਲ ਹੀ ਲਾਲ ਕਿਲਾ ਕੰਪਲੈਕਸ ਅੰਦਰ ਦਾਖ਼ਲ ਹੋ ਗਏ ਅਤੇ ਉਸ ਥਾਂ ਕੇਸਰੀ ਝੰਡਾ ਲਹਿਰਾ ਦਿੱਤਾ ਗਿਆ, ਜਿੱਥੇ ਪ੍ਰਧਾਨ ਮੰਤਰੀ 15 ਅਗਸਤ ਨੂੰ ਤਿਰੰਗਾ ਲਹਿਰਾਉਂਦੇ ਸਨ। ਲਾਲ ਕਿਲਾ ਹਿੰਸਾ ਮਾਮਲੇ 'ਚ ਦੀਪ ਸਿੱਧੂ ਨੂੰ ਦੋਸ਼ੀ ਮੰਨਿਆ ਗਿਆ ਹੈ, ਉਸ 'ਤੇ ਭੀੜ ਨੂੰ ਉਕਸਾਉਣ ਦੇ ਦੋਸ਼ ਲੱਗੇ ਹਨ। ਹਿੰਸਾ ਮਾਮਲੇ ਵਿਚ ਨਿਰਪੱਖ ਜਾਂਚ ਦੀ ਮੰਗ ਨੂੰ ਲੈ ਕੇ ਦਿੱਲੀ ਦੀ ਇਕ ਅਦਾਲਤ 'ਚ ਵੱਖਰੀ ਪਟੀਸ਼ਨ ਦਾਇਰ ਕੀਤੀ ਹੈ। ਦੀਪ ਸਿੱਧੂ ਨੇ ਕਿਹਾ ਕਿ 26 ਜਨਵਰੀ ਨੂੰ ਆਯੋਜਿਤ ਕਿਸਾਨਾਂ ਦੀ ਟਰੈਕਟਰ ਪ੍ਰੇਡ ਦੌਰਾਨ ਲਾਲ ਕਿਲਾ 'ਤੇ ਹੋਈ ਹਿੰਸਾ ਨੂੰ ਨਹੀਂ ਭੜਕਾਇਆ, ਸਗੋਂ ਭੀੜ ਨੂੰ ਸ਼ਾਂਤ ਕਰ ਕੇ ਪੁਲਿਸ ਦੀ ਹੀ ਮਦਦ ਕੀਤੀ।

ਦੱਸ ਦੇਈਏ ਕਿ ਦਿੱਲੀ ਪੁਲਿਸ ਨੇ 9 ਫਰਵਰੀ ਨੂੰ ਲਾਲ ਕਿਲਾ ਹਿੰਸਾ ਮਾਮਲੇ ਵਿਚ ਦੀਪ ਸਿੱਧੂ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਉਸ ਨੂੰ 7 ਦਿਨਾਂ ਤੱਕ ਹਿਰਾਸਤ ਵਿਚ ਰੱਖਿਆ ਗਿਆ ਸੀ। 16 ਫਰਵਰੀ ਨੂੰ ਕੋਰਟ ਨੇ ਸਿੱਧੂ ਦੀ ਪੁਲਿਸ ਹਿਰਾਸਤ 7 ਦਿਨਾਂ ਲਈ ਹੋਰ ਵਧਾ ਦਿੱਤੀ ਸੀ। 23 ਫਰਵਰੀ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਸੀ। ਦੀਪ ਸਿੱਧੂ ਨੇ ਇਸ ਮਾਮਲੇ ਦੀ ਨਿਰਪੱਖ ਜਾਂਚ ਲਈ ਦਿੱਲੀ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ।

# ਭਾਰਤੀ ਬਿਜਲੀ ਉੱਤੇ ਚੀਨ ਦਾ ਕਬਜ਼ਾ, ਪਲਾਂ ਵਿਚ ਗੁੱਲ ਕੀਤੀ ਸੀ ਮੁੰਬਈ ਸ਼ਹਿਰ ਦੀ ਬੱਤੀ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅਮਰੀਕਾ ਦੀ ਇਕ ਕੰਪਨੀ ਨੇ ਆਪਣੇ ਤਾਜ਼ਾ ਸਰਵੇਖਣ ਵਿਚ ਸ਼ੱਕ ਜਤਾਇਆ ਹੈ ਕਿ ਜਿਸ ਸਮੇਂ ਭਾਰਤ ਅਤੇ ਚੀਨ ਦਰਮਿਆਨ ਸਰਹੱਦ 'ਤੇ ਤਣਾਅ ਚੱਲ ਰਿਹਾ ਸੀ ਉਹਨਾਂ ਦਿਨਾਂ ਵਿਚ ਚੀਨ ਦੇ ਹੈੱਕਰਾਂ ਨੇ ਮਾਲਵੇਅਰ ਜ਼ਰੀਏ ਭਾਰਤ ਦੇ ਬਿਜਲੀ ਗਰਿੱਡ ਨੂੰ ਨਿਸ਼ਾਨਾ ਬਣਾਇਆ ਸੀ। ਅਮਰੀਕੀ ਕੰਪਨੀ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਬੀਤੇ ਵਰੇ ਮੁੰਬਈ ਵਿੱਚ ਵੱਡੇ ਇਲਾਕੇ ਦੀ ਬਿਜਲੀ ਗੁਲ ਹੋਣਾ ਆਨਲਾਈਨ ਘੁਸਪੈਠ ਦਾ ਨਤੀਜਾ ਸੀ। ਮੈਸੇਚਿਊਟਸ-ਅਧਾਰਤ ਕੰਪਨੀ ਰਿਕਾਰਡਿਡ ਫਿਊਚਰ ਜੋ ਵੱਖ ਵੱਖ ਮੁਲਕਾਂ ਵੱਲੋਂ ਇੰਟਰਨੈਟ ਦੀ ਵਰਤੋਂ ਕਰਨ ਦਾ ਅਧਿਐਨ ਕਰਦੀ ਹੈ ਨੇ ਹਾਲ ਦੀ ਆਪਣੀ ਰਿਪੋਰਟ ਵਿੱਚ ਚੀਨ ਅਧਾਰਤ ਰੈੱਡ ਈਕੋ ਹੈਕਰਸ ਦੇ ਗਰੁੱਪ ਵੱਲੋਂ ਭਾਰਤੀ ਊਰਜਾ ਖੇਤਰ ਨੂੰ ਨਿਸ਼ਾਨਾ ਬਣਾਏ ਜਾਣ ਲਈ ਚਲਾਈ ਮੁਹਿੰਮ ਦਾ ਵੇਰਵਾ ਦਿੱਤਾ ਹੈ। ਇਸ ਦਾ ਪਤਾ ਵੱਡੇ ਪੱਧਰ 'ਤੇ ਆਟੋਮੈਟਿਕ ਨੈਟਵਰਕ ਟ੍ਰੈਫਿਕ ਵਿਸਲੇਸਣ ਅਤੇ ਮਾਹਰ ਵਿਸਲੇਸਣ ਨਾਲ ਲੱਗਿਆ ਹੈ।

ਦੱਸਣਯੋਗ ਹੈ ਕਿ 12 ਅਕਤੂਬਰ ਨੂੰ ਮੁੰਬਈ ਵਿੱਚ ਇਕ ਗਰਿੱਡ ਫੇਲ ਹੋ ਗਿਆ ਸੀ ਤੇ ਵੱਡੇ ਇਲਾਕੇ ਦੀ ਬਿਜਲੀ ਗੁਲ ਹੋ ਗਈ ਸੀ ਜਿਸ ਕਾਰਨ ਰੇਲ ਗੱਡੀਆਂ ਤਕ ਰੁਕ ਗਈਆਂ ਸਨ। ਬਿਜਲੀ ਬਹਾਲ ਹੋਣ ਵਿੱਚ 2 ਘੰਟਿਆਂ ਦਾ ਸਮਾਂ ਲਗ ਗਿਆ ਸੀ, ਜਿਸ ਨੂੰ ਦੇਖਦਿਆਂ ਮੁੱਖ ਮੰਤਰੀ ਨੇ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਸਨ।

ਹਾਲ ਦੀ ਘੜੀ ਅਮਰੀਕੀ ਕੰਪਨੀ ਦੇ ਇਸ ਅਧਿਐਨ ਬਾਰੇ ਭਾਰਤ ਸਰਕਾਰ ਦਾ ਕੋਈ ਜਵਾਬ ਨਹੀਂ ਆਇਆ ਹੈ ਪਰ ਚੀਨੀ ਵਿਦੇਸ ਮੰਤਰਾਲੇ ਦੇ ਬੁਲਾਰੇ ਵਾਂਗ ਵੈਨਬਿਨ ਨੇ ਸੋਮਵਾਰ ਨੂੰ ਭਾਰਤੀ ਬਿਜਲੀ ਗਰਿੱਡ ਦੀ ਹੈਕਿੰਗ ਵਿੱਚ ਚੀਨ ਦੀ ਸਮੂਲੀਅਤ ਦੇ ਖਦਸ਼ੇ ਦੀ ਆਲੋਚਨਾ ਕਰਦਿਆਂ ਇਸ ਨੂੰ "ਗੈਰ-ਜੰਮੇਵਾਰਾਨਾ ਅਤੇ ਗੈਰ-ਇਰਾਦਤਨ" ਤੇ ਬਿਨਾਂ ਸਬੂਤਾਂ ਦੀ ਕਾਰਵਾਈ ਦੱਸਿਆ ਹੈ।

# ਅਮਰੀਕਾ ਵਿਚ ਰਾਜਾਂ ਤੇ ਸੰਘੀ ਸਰਕਾਰ ਵਿਚਾਲੇ ਤਾਲਮੇਲ ਦੀ ਘਾਟ ਕਾਰਨ ਕੋਵਿਡ ਵੈਕਸੀਨ ਲਾਉਣ ਦੀ ਰਫ਼ਤਾਰ ਮੱਧਮ

## ਫੰਡਾਂ ਦੀ ਘਾਟ ਕਾਰਨ ਸਿਹਤ ਪ੍ਰਣਾਲੀ ਪੂਰੀ ਸਮਰੱਥਾ ਨਾਲ ਕੰਮ ਕਰਨ ਵਿੱਚ ਨਾਕਾਮ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਹਾਲਾਂਕਿ ਅਮਰੀਕਾ ਵਿਚ ਕੋਵਿਡ ਵੈਕਸੀਨ ਟੀਕਾਕਰਨ ਤੇਜ਼ੀ ਨਾਲ ਕਰਨ ਦੇ ਯਤਨ ਹੋ ਰਹੇ ਹਨ ਪਰ ਸਿਹਤ ਪ੍ਰਣਾਲੀ ਦੀਆਂ ਘਾਟਾਂ ਤੇ ਰਾਜਾਂ ਅਤੇ ਸੰਘੀ ਸਰਕਾਰ ਵਿਚਾਲੇ ਤਾਲਮੇਲ ਦੀ ਘਾਟ ਕਾਰਨ ਟੀਕਾਕਰਨ ਮੁਹਿੰਮ ਪ੍ਰਭਾਵਿਤ ਹੋ ਰਹੀ ਹੈ। ਰਾਜ ਤੇ ਕਾਊਂਟੀਆਂ ਕੋਵਿਡ ਵੈਕਸੀਨ ਲੈਣ ਲਈ ਆਪਣੇ ਪੱਧਰ ਉਪਰ ਯਤਨਸ਼ੀਲ ਹਨ ਪ੍ਰੰਤੂ ਪੈਸੇ ਦੀ ਘਾਟ ਕਾਰਨ ਸਿਹਤ ਪ੍ਰਣਾਲੀ ਆਪਣੀ ਸਮਰੱਥਾ ਅਨੁਸਾਰ ਕੰਮ ਨਹੀਂ ਕਰ ਰਹੀ । ਰਾਜਾਂ ਵਿਚ ਵੈਕਸੀਨ ਦੀ ਵੰਡ ਵਿਚ ਵੱਡੀ ਪੱਧਰ 'ਤੇ ਅਸਾਵਾਂਪਣ ਪਾਇਆ ਜਾ ਰਿਹਾ ਹੈ। ਹਾਵਰਡ ਟੀ ਐਚ ਚਾਨ ਸਕੂਲ ਆਫ ਪਬਲਿਕ ਹੈਲਥ ਦੇ ਸਾਬਕਾ ਡੀਨ ਤੇ ਇਮਿਊਨੋਲੌਜਿਸਟ ਬੈਰੀ ਬਲੂਮ ਨੇ ਟੀਕਾਕਰਣ ਉਪਰ ਪ੍ਰਤੀਕ੍ਰਿਆ ਪ੍ਰਗਟ ਕਰਦਿਆਂ ਕਿਹਾ ਹੈ ਕਿ ਦੇਸ਼ ਦੇ 50 ਰਾਜਾਂ ਦੀ ਸਿਹਤ ਪ੍ਰਣਾਲੀ ਦਾ ਕੰਮਕਾਜ ਪੂਰੀ ਤਰਾਂ ਅਸਥ ਵਿਅਸਥ ਹੋ ਚੁੱਕਾ ਹੈ ਤੇ ਸੰਘੀ ਸਰਕਾਰ ਨਾਲ ਤਾਲਮੇਲ ਦੀ ਘਾਟ ਵੱਡੀ ਪੱਧਰ ਉਪਰ ਪਾਈ ਜਾ ਰਹੀ ਹੈ। ਹੁਣ ਤੱਕ ਸਭ ਤੋਂ ਵਧ ਟੀਕਾਕਰਨ ਅਲਾਸਕਾ ਵਿਚ ਹੋਇਆ ਹੈ ਜਿਥੇ 23% ਆਬਾਦੀ ਨੂੰ ਘੱਟੋ ਘੱਟ ਇਕ ਟੀਕਾ ਲੱਗ ਚੁੱਕਾ ਹੈ। ਇਸ ਤੋਂ ਬਾਅਦ ਨਿਊ ਮੈਕਸੀਕੋ ਦਾ ਸਥਾਨ ਆਉਂਦਾ ਹੈ ਜਿਥੇ 22% ਲੋਕਾਂ ਨੂੰ ਕੋਵਿਡ ਵੈਕਸੀਨ ਦਿੱਤੀ ਜਾ ਚੁੱਕੀ ਹੈ। ਜਾਰਜੀਆ ਤੇ ਉਟਾਹ ਵਿਚ 12% ਤੇ ਅਲਬਾਮਾ, ਟੈਨੇਸੀ ਤੇ ਟੈਕਸਾਸ ਵਿਚ 13% ਆਬਾਦੀ ਦੇ ਟੀਕਾਕਰਣ ਹੋਇਆ ਹੈ। ਸਾਬਿਨ ਵੈਕਸੀਨ ਇੰਸਟੀਚਿਊਟ ਦੇ ਗਲੋਬਲ ਇਮਊਨੀਜ਼ੇਸ਼ਨ ਦੇ ਪ੍ਰਧਾਨ ਡਾ. ਬਰੂਸ ਗੈਲਿਨ ਦਾ ਕਹਿਣਾ ਹੈ ਕਿ ਜਿਨਾਂ ਰਾਜਾਂ ਵਿਚ ਵਧੀਆ ਕੰਮ ਹੋਇਆ ਹੈ ਉਨਾਂ ਨੇ ਆਪਣੇ ਪੱਧਰ ਉਪਰ ਨਿਰਨੇ ਲਏ ਹਨ ਤੇ ਉਪਰੋਂ ਪ੍ਰਵਾਨਗੀ ਦੀ ਉਡੀਕ ਨਹੀਂ ਕੀਤੀ। ਕਈ ਰਾਜਾਂ ਵਿਚ ਅਧਿਕਾਰੀਆਂ ਨੇ ਟੀਕਾਕਰਨ ਦੀ ਸਮੀਖਿਆ ਕਰਨ ਲਈ ਦਿਨ ਵਿਚ ਕਈ ਕਈ ਮੀਟਿੰਗ ਕੀਤੀਆਂ ਹਨ ਤਾਂ ਜੋ ਘਾਟਾਂ ਨੂੰ ਦੂਰ ਕੀਤਾ ਸਕੇ। ਉਨਾਂ ਕਿਹਾ ਕਿ ਵੈਸਟ ਵਿਰਜੀਨੀਆ ਦੀ ਉਦਾਹਰਣ ਸਾਹਮਣੇ ਹੈ ਜਿਥੇ ਗਰੀਬੀ ਦੀ ਦਰ ਸਭ ਤੋਂ ਵਧ ਹੈ, ਪ੍ਰੰਤੂ ਉਥੇ 18% ਆਬਾਦੀ ਦੇ ਟੀਕਾਕਰਣ ਹੋ ਚੁੱਕਾ ਹੈ। ਇਸ ਦਾ ਇਕ ਕਾਰਨ ਰਾਜ ਨੂੰ ਸੰਘੀ ਸਰਕਾਰ ਤੋਂ ਮਿਲ ਰਿਹਾ ਸਮਰਥਨ ਵੀ ਦਸਿਆ ਜਾ ਰਿਹਾ ਹੈ। ਨਿਰਪੱਖ ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਰਾਜ ਆਪਸ ਵਿਚ ਤੇ ਸੰਘੀ ਸਰਕਾਰ ਨਾਲ ਤਾਲਮੇਲ ਵਧਾ ਕੇ ਟੀਕਾਕਰਨ ਮੁਹਿੰਮ ਨੂੰ ਸਫਲ ਬਣਾ ਸਕਦੇ ਹਨ। ਆਪਸ ਵਿਚ ਸਹਿਯੋਗ ਦੀ ਘਾਟ ਕਾਰਨ ਟੀਕਾਕਰਨ ਮੁਹਿੰਮ ਪ੍ਰਭਾਵਿਤ ਹੋ ਰਹੀ ਹੈ।

# ਲੱਖਾ ਸਿਧਾਣਾ ਦਾ ਫੇਸਬੁੱਕ ਪੇਜ ਭਾਰਤ ਵਿਚ ਕੀਤਾ ਗਿਆ ਬੰਦ ਕੀਤਾ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਲੱਖਾ ਸਿਧਾਣਾ ਦੇ ਫੇਸਬੁੱਕ ਪੇਜ ਨੂੰ ਭਾਰਤ ਵਿਚ ਬੰਦ ਕਰ ਦਿੱਤਾ ਹੈ। ਇਹ ਪਾਬੰਦੀ ਸਿਰਫ਼ ਭਾਰਤ ਵਿਚ ਹੀ ਲਾਈ ਗਈ ਹੈ । ਦੱਸਣਯੋਗ ਹੈ ਕਿ, ਲੱਖਾ ਸਿਧਾਣਾ ਨਾਲ ਫੇਸਬੁੱਕ 'ਤੇ 3 ਲੱਖ ਤੋਂ ਵੱਧ ਲੋਕ ਜੁੜੇ ਹੋਏ ਸਨ ਅਤੇ ਇਸ ਚਲਦੇ ਸਮੇਂ ਦੌਰਾਨ ਭਾਰਤ ਸਰਕਾਰ ਸੋਸ਼ਲ ਮੀਡੀਆ 'ਤੇ ਆਪਣੀ ਗੱਲ ਰੱਖਣ ਦੀ ਅਜ਼ਾਦੀ ਨੂੰ ਲਗਾਤਾਰ ਖ਼ਤਮ ਕਰ ਰਹੀ ਹੈ ਅਤੇ ਪਿਛਲੇ ਦਿਨੀਂ ਇਸ ਸਬੰਧੀ ਨਵੇਂ ਨਿਯਮ ਵੀ ਲਿਆਂਦੇ ਗਏ ਸਨ। ਲੱਖਾ ਸਿਧਾਣਾ ਖਿਲਾਫ 26 ਜਨਵਰੀ ਨੂੰ ਕਿਸਾਨ ਸੰਘਰਸ਼ ਦੌਰਾਨ ਲਾਲ ਕਿਲੇ 'ਤੇ ਹੋਈਆਂ ਘਟਨਾਵਾਂ ਸਬੰਧੀ ਮਾਮਲਾ ਦਰਜ ਕੀਤਾ ਗਿਆ ਹੈ। ਲੱਖੇ ਸਿਧਾਣੇ ਨੂੰ ਗ੍ਰਿਫਤਾਰ ਕਰਨ ਲਈ ਫਿਰ ਰਹੀ ਦਿੱਲੀ ਪੁਲਸ ਨੇ ਲੱਖੇ ਦੇ ਸਿਰ 'ਤੇ 1 ਲੱਖ ਦਾ ਇਨਾਮ ਵੀ ਰੱਖਿਆ ਹੋਇਆ ਹੈ। ਲੱਖਾ ਪਿਛਲੇ ਦਿਨੀਂ ਮਹਿਰਾਜ ਵਿਚ ਹੋਏ ਨੌਜਵਾਨਾਂ ਦੇ ਵੱਡੇ ਇਕੱਠ 'ਚ ਸ਼ਾਮਲ ਹੋਇਆ ਸੀ। ਲੱਖੇ ਨੇ ਆਪਣੇ ਫੇਸਬੁੱਕ ਪੇਜ ਰਾਹੀਂ ਲੋਕਾਂ ਨੂੰ ਇਸ ਇਕੱਠ ਵਿਚ ਸ਼ਾਮਲ ਹੋਣ ਦੀ ਅਪੀਲ ਵੀ ਕੀਤੀ ਸੀ। ਭਾਰਤ ਸਰਕਾਰ ਵੱਲੋਂ ਬੋਲਣ ਦੀ ਅਜ਼ਾਦੀ 'ਤੇ ਕੀਤੇ ਜਾ ਰਹੇ ਹਮਲਿਆਂ ਬਾਰੇ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਬਾਰੇ ਉੱਚ ਕਮਿਸ਼ਨਰ ਨੇ ਵੀ ਫਿਕਰਮੰਦੀ ਪ੍ਰਗਟ ਕੀਤੀ ਹੈ ਅਤੇ ਭਾਰਤ ਦੀ ਨਿੰਦਾ ਕੀਤੀ ਹੈ।

# ਧੀ ਲਈ ਲੜ ਰਹੇ ਕਿਸਾਨ ਦਾ ਕਤਲ

## ਇਕ ਦੋਸ਼ੀ ਗ੍ਰਿਫ਼ਤਾਰ, ਮੁੱਖ ਮੁਲਜ਼ਮ ਸਮੇਤ ਪੰਜ ਫਰਾਰ



**ਹਾਥਰਸ/ਏ.ਟੀ.ਨਿਊਜ਼:** ਧੀ ਨਾਲ ਛੇੜਛਾੜ ਦੇ ਮਾਮਲੇ 'ਚ ਸਮਝੌਤਾ ਨਾ ਕਰਨ ਵਾਲੇ ਕਿਸਾਨ ਦੀ ਹੱਤਿਆ ਨੂੰ ਲੈ ਕੇ ਸਾਸਨੀ ਦੇ ਪਿੰਡ ਨੌਜਰਪੁਰ ਵਿਚ ਗੁੱਸੇ ਦੀ ਲਹਿਰ ਹੈ। ਬੀਤੇ ਮੰਗਲਵਾਰ ਕਤਲ ਹੋਏ ਕਿਸਾਨ ਦਾ ਸੰਸਕਾਰ ਕੀਤਾ ਗਿਆ ਜਿਸ ਵਿਚ ਉਸ ਕਿਸਾਨ ਦੀ ਧੀ ਨੇ ਵੀ ਮੋਢਾ ਦਿੱਤਾ। ਪਿੰਡ ਅਤੇ ਪਰਿਵਾਰ ਵੱਲੋਂ ਹਤਿਆਰਿਆਂ ਨੂੰ ਫਾਹੇ ਟੰਗਣ ਦੀ ਮੰਗ ਕੀਤੀ ਜਾ ਰਹੀ ਹੈ। ਪੁਲਿਸ ਨੇ ਇਕ ਮੁਲਜ਼ਮ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਹੈ, ਮੁੱਖ ਮੁਲਜ਼ਮ ਗੌਰਵ ਸ਼ਰਮਾ ਉਰਫ ਰੁਦਰਾਕਸ਼ ਪੰਡਿਤ ਸਮੇਤ ਪੰਜ ਮੁਲਜ਼ਮਾਂ ਹਾਲੇ ਵੀ ਫਰਾਰ ਹੈ। ਐੱਸਪੀ ਦਾ ਕਹਿਣਾ ਹੈ ਕਿ ਮੁਲਜ਼ਮਾਂ 'ਤੇ ਰਾਸੁਕਾ ਲਾਈ ਜਾਵੇਗੀ। ਗੌਰਵ ਖ਼ੁਦ ਨੂੰ ਸਪਾ ਨਾਲ ਜੁੜਿਆ ਦੱਸਦਾ ਰਿਹਾ ਹੈ । ਇੰਟਰਨੈੱਟ ਮੀਡੀਆ 'ਤੇ ਕਈ ਦਿੱਗਜ ਆਗੂਆਂ ਨਾਲ ਉਸ ਦੀਆਂ ਫੋਟੋਆਂ ਵਾਇਰਲ ਹੋ ਰਹੀਆਂ ਹਨ। ਹਾਲਾਂਕਿ, ਸਪਾ ਆਗੂਆਂ ਨੇ ਮੁਲਜ਼ਮ ਦੇ ਸਪਾ ਨਾਲ ਜੁੜੇ ਹੋਣ ਦੀ ਗੱਲ ਤੋਂ ਇਨਕਾਰ ਕੀਤਾ ਹੈ।

# ਕੋਰੋਨਾ ਤੋਂ ਬਾਅਦ ਹੁਣ ਦੁਨੀਆ ਸਪੇਨਿਸ਼ ਫਲੂ ਦੇ ਖ਼ਤਰੇ ਤੋਂ ਘਬਰਾਈ

## 1918 ਵਿਚ ਗਈਆਂ ਸਨ 5 ਕਰੋੜ ਜਾਨਾਂ

**ਲੰਡਨ/ਏ.ਟੀ.ਨਿਊਜ਼:** ਇਕ ਪਾਸੇ ਦੁਨੀਆ ਭਰ ਵਿਚ ਕੋਰੋਨਾ ਵਾਇਰਸ ਦਾ ਕਹਿਰ ਅਜੇ ਜਾਰੀ ਹੈ ਤੇ ਦੂਜੇ ਪਾਸੇ ਹੁਣ ਸਪੈਨਿਸ਼ ਫਲੂ ਦਾ ਖਤਰਾ ਦੁਨੀਆ ਭਰ ਵਿਚ ਮੰਡਰਾਉਣਾ ਸ਼ੁਰੂ ਹੋ ਗਿਆ ਹੈ। ਵਿਸ਼ਵ ਸਿਹਤ ਸੰਗਠਨ ਨੇ ਚਿਤਾਵਨੀ ਦਿੱਤੀ ਹੈ ਕਿ ਸਪੈਨਿਸ਼ ਫਲੂ ਮੁੜ ਤੋਂ ਪਰਤ ਸਕਦਾ ਹੈ। ਲਗਭਗ 100 ਸਾਲ ਪਹਿਲਾਂ ਇਸ ਫਲੂ ਕਾਰਨ 5 ਕਰੋੜ ਤੋਂ ਵੀ ਜ਼ਿਆਦਾ ਜਾਨਾਂ ਚਲੀਆਂ ਗਈਆਂ ਸਨ। ਬ੍ਰਿਟਿਸ਼ ਨਿਊਜ਼ ਪੇਪਰ ਦ ਸਨ ਦੀ ਰਿਪੋਰਟ ਮੁਤਾਬਕ ਡਬਲਿਊ.ਐਚ.ਓ ਦੇ ਗਲੋਬਲ ਇੰਫਲੂਜ਼ਾ ਸਰਵਿਲਾਂਸ ਐਂਡ ਰਿਸਪਾਂਸ ਸਿਸਟਮ ਦੇ ਸੀਨੀਅਰ ਮੈਂਬਰ ਡਾ. ਜੌਨ ਮੈਕਕੌਲੀ ਨੇ ਦੱਸਿਆ ਕਿ ਇਹ ਆਮ ਫਲੂ ਵਾਇਰਸ ਵਿਚ ਬਦਲ ਕੇ ਜ਼ਿਆਦਾ ਨੁਕਸਾਨਦਾਇਕ ਹੋ ਸਕਦਾ ਹੈ। ਡਾ. ਮੈਕਕੌਲੀ ਨੇ ਇਸ ਗੱਲ ਦਾ ਖੁਲਾਸਾ ਕੀਤਾ ਕਿ ਉਨਾਂ ਦੀ ਸਭ ਤੋਂ ਵੱਡੀ ਚਿੰਤਾ ਹੁਣ ਆਮ ਫਲੂ ਨੂੰ ਲੈ ਕੇ ਹੈ। ਉਨਾਂ ਚਿਤਾਵਨੀ ਦਿੱਤੀ ਕਿ ਫਲੂ ਦਾ ਸਟ੍ਰੇਨ ਭਵਿੱਖ ਵਿਚ ਹੋਣ ਵਾਲੀ ਮਹਾਂਮਾਰੀ ਦੀ ਵਜਾ ਬਣ ਸਕਦਾ ਹੈ। ਡਾ. ਮੈਕਕੌਲੀ ਮੁਤਾਬਕ ਕੋਰੋਨਾ ਤੋਂ ਬਾਅਦ ਸੀਜ਼ਨਲ ਫਲੂ ਵਰਗੇ ਵਾਇਰਸ ਜ਼ਿਆਦਾ ਖ਼ਤਰਨਾਕ ਹੋ ਸਕਦੇ ਹਨ। ਲੋਕਾਂ ਦੀ ਘਟਦੀ ਜਾ ਰਹੀ ਇਮਊਨਿਟੀ ਇਸ ਦਾ ਵੱਡਾ ਕਾਰਨ ਹੈ। ਉਨਾਂ ਕਿਹਾ ਕਿ ਬ੍ਰਿਟੇਨ ਨੂੰ ਤਾਂ ਪਹਿਲਾਂ ਹੀ ਅਲਰਟ ਕਰ ਦਿੱਤਾ ਗਿਆ ਹੈ। ਇਕ ਖੋਜ ਮੁਤਾਬਕ ਸਾਲ 1918 ਵਿਚ ਸਪੈਨਿਸ਼ ਫਲੂ ਕਾਰਨ ਦੁਨੀਆ ਦੀ ਇਕ ਤਿਹਾਈ ਅਬਾਦੀ ਸੰਕ੍ਰਮਿਤ ਹੋਈ ਸੀ। ਇਸ ਫਲੂ ਦੀ ਸ਼ੁਰੂਆਤ ਪੰਛੀਆਂ ਤੋਂ ਹੋਈ ਸੀ। ਸਪੈਨਿਸ਼ ਫਲੂ ਕਾਰਨ ਲਗਭਗ 5 ਕਰੋੜ ਲੋਕਾਂ ਦੀ ਮੌਤ ਹੋਈ ਸੀ। ਡਾ. ਮੈਕਕੌਲੀ ਨੇ ਕਿਹਾ ਕਿ ਸਾਨੂੰ ਇਸ ਨਾਲ ਲੜਨ ਲਈ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ।

# Worldwide Services, LLC

## It's TAX Time!

## Accepting New Clients!

*The best tax management professionals offering reasonable rates:*

*PERSONAL INCOME TAX FILING starting @ $99*

*BUSINESS INCOME TAX FILING starting @ $249*

**YOUR FINANCIAL SERVICES COMPANY UNDER ONE ROOF:**

- Individual & Business Income Tax Preparation.
- Immigration Consultants (Registered & Bonded).
- Business Accounting/ Bookkeeping & Payroll.
- COVID-19 Stimulus SBA's PPP & EIDL loans & SVOG grant.

your CERTIFIED, REGISTERED and BONDED CONSULTANT:

**Ravdeep S. Bhasin**

**Cell: 408-613-3876**

ravdeep@worldwidesvcs.com

15437 Stratford Drive, Ste 1, San Jose, CA 95124
contact@worldwidesvcs.com | www.worldwidesvcs.com

**PH: 408-688-9342**
**Fax: 408-688-9347**

# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

**ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ**



**28421 S CHRISMAN RD, UNIT# 3, TRACY, CA**

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

**Toll Free: 888.725.7441, Office: 209.537.0975, Fax: 209.537.0375**

# ਸੰਯੁਕਤ ਕਿਸਾਨ ਮੋਰਚੇ ਦੇ ਆਗੂ ਰਜਿੰਦਰ ਦੀਪ ਸਿੰਘ ਵਾਲਾ ਜਾਣਗੇ ਬੰਗਾਲ ਚੋਣ ਰੈਲੀ ਲਈ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਆਪਣੀਆਂ ਜ਼ਮੀਨਾਂ ਅਤੇ ਹੋਂਦ ਬਚਾਉਣ ਲਈ ਲਾਮਬੰਦ ਹੋਈ ਪੰਜਾਬ ਦੀ ਕਿਸਾਨੀ ਦੀ ਅਗਵਾਈ ਕਰ ਰਹੇ 32 ਕਿਸਾਨ ਜਥੇਬੰਦੀਆਂ ਦੇ ਸਮੂਹ ਸੰਯੁਕਤ ਕਿਸਾਨ ਮੋਰਚੇ ਦੀਆਂ ਕੁੱਝ ਕਾਮਰੇਡ ਧਿਰਾਂ ਹੁਣ ਪੱਛਮੀ ਬੰਗਾਲ ਵਿਚ ਹੋਣ ਜਾ ਰਹੀਆਂ ਚੋਣਾਂ ਵੱਲ ਧਿਆਨ ਕੇਂਦਰਤ ਕਰ ਰਹੀਆਂ ਹਨ। ਪੱਛਮੀ ਬੰਗਾਲ ਵਿਚ ਭਾਜਪਾ ਖਿਲਾਫ ਚੋਣ ਰੈਲੀ ਨੂੰ ਸੰਬੋਧਨ ਕਰਨ ਲਈ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਜਿੰਦਰ ਦੀਪ ਸਿੰਘ ਵਾਲਾ ਬੰਗਾਲ ਜਾਣਗੇ।

ਦੱਸ ਦਈਏ ਕਿ ਪੱਛਮੀ ਬੰਗਾਲ ਵਿਚ ਕਾਮਰੇਡ ਧਿਰਾਂ ਅਤੇ ਕਾਂਗਰਸ ਇਸ ਵਾਰ ਮਿਲ ਕੇ ਚੋਣ ਲੜ ਰਹੀਆਂ ਹਨ। ਭਾਵੇਂ ਕਿ ਮੁੱਖ ਮੁਕਾਬਲਾ ਮਮਤਾ ਬੈਨਰਜੀ ਦੀ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਅਤੇ ਭਾਜਪਾ ਦਰਮਿਆਨ ਹੈ ਪਰ ਕਾਮਰੇਡ-ਕਾਂਗਰਸ ਗਠਜੋੜ ਵੱਲੋਂ ਜਿੱਤ-ਹਾਰ ਵਿਚ ਅਹਿਮ ਭੂਮਿਕਾ ਨਿਭਾਉਣ ਦੀਆਂ ਕੋਸ਼ਿਸ਼ ਵਿਚ ਹਨ।

ਇਸ ਰੈਲੀ ਬਾਰੇ ਕਿਹਾ ਗਿਆ ਹੈ ਕਿ, ਇਹ



ਪ੍ਰੋਗਰਾਮ 'ਭਾਰਤੀ ਸੰਵਿਧਾਨ ਤੇ ਪੱਛਮੀ ਬੰਗਾਲ ਨੂੰ ਫਾਸ਼ੀਵਾਦੀ ਤਾਕਤਾਂ ਤੋਂ ਬਚਾਉਣ ਲਈ ਮੰਚ' ਦੇ ਬੈਨਰ ਹੇਠ ਹੋ ਰਿਹਾ ਹੈ ਜਿਸ ਦਾ ਉਦੇਸ਼ ਦੇਸ਼ ਵਿੱਚ ਮੋਦੀ ਹਕੂਮਤ ਵੱਲੋਂ ਲੋਕਾਂ ਦੀ ਹੱਕੀ ਆਵਾਜ ਨੂੰ ਦਬਾਉਣ ਤੇ ਦੇਸ਼ ਵਿੱਚ ਜਮਹੂਰੀ ਕਦਰਾਂ ਕੀਮਤਾਂ ਦਾ ਭੋਗ ਪਾ ਕੇ ਫਾਸ਼ੀਵਾਦੀ ਰਾਜ ਸੱਤਾ ਸਥਾਪਿਤ ਕਰਨ ਦੇ ਮਨਸੂਬਿਆਂ ਨੂੰ ਅਸਫ਼ਲ ਕਰਨਾ ਹੈ।

ਅਹਿਮ ਗੱਲ ਇਹ ਹੈ ਕਿ ਸੰਯੁਕਤ ਕਿਸਾਨ ਮੋਰਚੇ ਵਿਚ ਵੱਖ-ਵੱਖ ਵਿਚਾਰਧਾਰਾ ਦੀਆਂ ਧਿਰਾਂ ਸ਼ਾਮਲ ਹਨ ਅਤੇ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਕਾਮਰੇਡ ਧੀਰਾਂ ਵੱਲੋਂ ਇਹ ਗੱਲ ਬੜੇ ਜ਼ੋਰ ਨਾਲ ਸਥਾਪਤ ਕੀਤੀ ਗਈ ਸੀ, ਕਿ ਇਹ ਕਿਸਾਨੀ ਸੰਘਰਸ਼ ਸਿਰਫ਼ ਆਰਥਿਕਤਾ ਦਾ ਸੰਘਰਸ਼ ਹੈ ਅਤੇ ਇਸ ਵਿਚ ਕਿਸੇ ਵੀ ਤਰਾਂ ਦੀ ਸਿਆਸੀ ਦਖਲਅੰਦਾਜ਼ੀ ਪ੍ਰਵਾਨ ਨਹੀਂ ਕੀਤੀ ਜਾਵੇਗੀ। ਹੁਣ ਸਯੁੰਕਤ ਕਿਸਾਨ ਮੋਰਚੇ ਦੀਆਂ ਕਾਮਰੇਡੀ ਧਿਰਾਂ ਵੱਲੋਂ ਇਕ ਸੂਬੇ ਵਿਚ ਹੋ ਰਹੀਆਂ ਚੋਣਾਂ ਦਰਮਿਆਨ ਰੈਲੀਆਂ ਕਰਨ ਜਾਣਾ ਕਈ ਸਵਾਲ ਖੜੇ ਕਰ ਸਕਦਾ ਹੈ ਖਾਸ ਕਰਕੇ ਉਸ ਸਮੇਂ ਜਦੋਂ ਉੱਥੇ ਭਾਜਪਾ ਵਿਰੋਧੀ ਦੋ ਧਿਰਾਂ ਆਹਮੋ ਸਾਹਮਣੇ ਹੋਣ।

## ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ 'ਮਨੁੱਖੀ ਅਧਿਕਾਰ' ਵਰ੍ਹੇ ਵਜੋਂ ਮਨਾਓ, ਬੀਬੀ ਜਗੀਰ ਕੌਰ ਨੇ ਯੂਐੱਨਓ ਦੇ ਸਕੱਤਰ ਨੂੰ ਕੀਤੀ ਅਪੀਲ



**ਅੰਮ੍ਰਿਤਸਰ/ਏ.ਟੀ.ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਯੂਐੱਨਓ ਨੂੰ ਅਪੀਲ ਕੀਤੀ ਹੈ ਕਿ ਸਾਲ 2021 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਕੇ ਕੌਮਾਂਤਰੀ ਮਨੁੱਖੀ ਅਧਿਕਾਰ ਵਰ੍ਹੇ ਵਜੋਂ ਐਲਾਨਿਆ ਜਾਵੇ। ਇਸ ਸਬੰਧੀ ਉਨ੍ਹਾਂ ਯੂਐੱਨਓ ਦੇ ਸਕੱਤਰ ਜਨਰਲ ਐਂਤੋਨੀਓ ਗੁਟੇਰੇਜ ਨੂੰ ਲਿਖੇ ਪੱਤਰ ਵਿੱਚ ਆਖਿਆ ਕਿ ਨੌਵੇਂ ਗੁਰੂ ਨੇ ਮਾਨਵਤਾ ਦੀ ਖਾਤਰ ਆਪਣੀ ਸ਼ਹਾਦਤ ਦੇ ਕੇ ਦੁਨੀਆਂ ਦੇ ਧਾਰਮਿਕ ਇਤਿਹਾਸ ਵਿਚ ਵਿਲੱਖਣ ਪੈੜਾਂ ਸਿਰਜੀਆਂ ਹਨ। ਯੂਐੱਨਓ ਦੇ ਸਕੱਤਰ ਜਨਰਲ ਨੂੰ ਲਿਖੇ ਪੱਤਰ ਰਾਹੀਂ ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਦਾ 400 ਸਾਲਾ ਪ੍ਰਕਾਸ਼ ਪੁਰਬ ਇਸ ਸਾਲ ਪਹਿਲੀ ਮਈ ਨੂੰ ਮਨਾਇਆ ਜਾ ਰਿਹਾ ਹੈ, ਜਿਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਸਾਰਾ ਸਾਲ ਦੇਸ਼ ਵਿਦੇਸ਼ ਵਿਚ ਵੱਖ ਵੱਖ ਥਾਵਾਂ 'ਤੇ ਸਮਾਗਮ ਕਰੇਗੀ। ਗੁਰੂ ਸਾਹਿਬ ਦੀ ਮਨੁੱਖਤਾ ਪ੍ਰਤੀ ਵੱਡੀ ਦੇਣ ਨੂੰ ਵੇਖਦਿਆਂ ਇਸ ਵਰ੍ਹੇ ਨੂੰ ਕੌਮਾਂਤਰੀ ਮਨੁੱਖੀ ਅਧਿਕਾਰ ਵਰ੍ਹੇ ਵਜੋਂ ਮਨਾਇਆ ਜਾਵੇ।

# ਪ੍ਰਾਈਵੇਟ ਨੌਕਰੀਆਂ ਵਿਚ ਹਰਿਆਣਵੀਆਂ ਲਈ 75 ਫੀਸਦੀ ਕੋਟੇ 'ਤੇ ਲੱਗੀਆਂ ਸਾਰੀਆਂ ਮੋਹਰਾਂ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਹਰਿਆਣਾ ਵਿਧਾਨ ਸਭਾ ਵੱਲੋਂ ਹਰਿਆਣਾ ਵਿਚ 75 ਫੀਸਦੀ ਨੌਕਰੀਆਂ ਹਰਿਆਣਵੀਆਂ ਨੂੰ ਦੇਣ ਸਬੰਧੀ ਬਣਾਏ ਬਿੱਲ 'ਤੇ ਰਾਜਪਾਲ ਨੇ ਦਸਤਖ਼ਤ ਕਰ ਦਿੱਤੇ ਹਨ ਅਤੇ ਹਰਿਆਣਾ ਸਰਕਾਰ ਨੇ ਵੀ ਬਿੱਲ ਨੂੰ ਨੋਟੀਫਾਈਡ ਵੀ ਕਰ ਦਿੱਤਾ ਹੈ। ਇਸ ਬਿੱਲ ਦੇ ਕਾਨੂੰਨ ਬਣਨ ਨਾਲ ਹੁਣ ਹਰਿਆਣਾ ਵਿਚ ਨਿੱਜੀ (ਪ੍ਰਾਈਵੇਟ) ਕਾਰੋਬਾਰਾਂ ਵਿਚ ਵੀ 75 ਫੀਸਦੀ ਨੌਕਰੀਆਂ 'ਤੇ ਹਰਿਆਣਾ ਦੇ ਵਸਨੀਕਾਂ ਨੂੰ ਹੀ ਰੁਜ਼ਗਾਰ ਮਿਲੇਗਾ। ਹਰਿਆਣਾ ਵਿਧਾਨ ਸਭਾ ਨੇ ਇਹ ਬਿੱਲ 5 ਨਵੰਬਰ 2020 ਨੂੰ ਪਾਸ ਕੀਤਾ ਸੀ। ਹਰਿਆਣਾ ਸਰਕਾਰ ਵਿਚ ਭਾਜਪਾ ਦੀ ਭਾਈਵਾਲ ਬੀਜੇਪੀ ਵੱਲੋਂ ਇਹ ਚੋਣ ਵਾਅਦਾ ਲੋਕਾਂ ਨਾਲ ਕੀਤਾ ਗਿਆ ਸੀ।

ਇਸ ਬਿੱਲ ਅਧੀਨ ਹਰ ਤਰਾਂ ਦੀ ਪ੍ਰਾਈਵੇਟ ਇਕਾਈ ਆਉਂਦੀ ਹੈ, ਜਿਵੇਂ ਕੰਪਨੀ, ਟਰੱਸਟ, ਸੁਸਾਇਟੀ ਅਤੇ ਲਿਮਟਿਡ ਲਾਇਬਿਲਟੀ ਫਰਮ, ਜਿਨਾਂ ਵਿਚ 10 ਜਾਂ 10 ਤੋਂ ਵੱਧ ਲੋਕ ਕੰਮ ਕਰਦੇ ਹਨ। ਅਜਿਹੇ ਹਰ ਅਦਾਰੇ ਵਿਚ 75 ਫੀਸਦੀ ਮੁਲਾਜ਼ਮ ਹਰਿਆਣਾ ਦੇ ਵਸਨੀਕ ਰੱਖਣੇ ਲਾਜ਼ਮੀ ਹੋਣਗੇ।

ਦੱਸ ਦਈਏ ਕਿ ਪੰਜਾਬ ਵਿਚ ਵੀ ਅਜਿਹਾ ਕਾਨੂੰਨ ਬਣਾਉਣ ਦੀ ਨੌਜਵਾਨਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਪਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਜਿਹਾ ਕਾਨੂੰਨ ਬਣਾਉਣ ਤੋਂ ਇਨਕਾਰ ਕਰ ਦਿੱਤਾ ਹੈ। ਪੰਜਾਬ ਦੇ ਵੱਡੇ ਕਾਰੋਬਾਰੀ ਸ਼ਹਿਰਾਂ ਵਿਚ ਪੰਜਾਬ ਨਾਲੋਂ ਵਧੇਰੇ ਰੁਜ਼ਗਾਰ ਗੁਆਂਢੀ ਸੂਬਿਆਂ ਦੇ ਨੌਜਵਾਨਾਂ ਨੂੰ ਦਿੱਤੇ ਜਾਣ ਦੀਆਂ ਰਿਪੋਰਟਾਂ ਸਾਹਮਣੇ ਆ ਚੁੱਕੀਆਂ ਹਨ।

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੇਡੀਓ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501



Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਬਲਾਤਕਾਰ ਦੇ ਮੁਲਜ਼ਮ ਤੋਂ ਸੁਪਰੀਮ ਕੋਰਟ ਨੇ ਪੁੱਛਿਆ ਅਜੀਬ ਸੁਆਲ- ਕੀ ਪੀੜਤਾ ਨਾਲ ਕਰੋਗੇ ਵਿਆਹ

**ਨਵੀਂ ਦਿੱਲੀ/ਏ.ਟੀ.ਨਿਊਜ਼:** ਸੁਪਰੀਮ ਕੋਰਟ ਨੇ ਇਕ ਸੁਣਵਾਈ ਦੌਰਾਨ ਜਬਰ ਜਨਾਹ ਦੇ ਮੁਲਜ਼ਮ ਤੋਂ ਪੁੱਛਿਆ ਕਿ ਕੀ ਉਹ ਪੀੜਤਾ ਨਾਲ ਵਿਆਹ ਕਰਨ ਲਈ ਤਿਆਰ ਹੈ? ਮੁਲਜ਼ਮ ਅਧਿਕਾਰੀ ਨੇ ਬੰਬੇ ਹਾਈ ਕੋਰਟ (ਔਰੰਗਾਬਾਦ ਬੈਂਚ) ਦੇ ਉਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ, ਜਿਸ 'ਚ ਅਗਾਊਂ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਗਈ ਹੈ।

ਮਾਮਲੇ ਦੀ ਸੁਣਵਾਈ ਦੌਰਾਨ ਚੀਫ਼ ਜਸਟਿਸ ਐੱਸ ਏ ਬੋਬੜੇ ਨੇ ਮੁਲਜ਼ਮ ਪਟੀਸ਼ਨਰ ਤੋਂ ਪੁੱਛਿਆ ਕਿ ਕੀ ਤੂੰ ਉਸ ਨਾਲ ਵਿਆਹ ਕਰੇਂਗਾ? ਇਸ 'ਤੇ ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਉਸ ਨੂੰ ਇਸ ਲਈ ਪੁੱਛਣਾ ਪਵੇਗਾ। ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਉਨਾਂ ਦਾ ਮੁਵੱਕਿਲ ਸਰਕਾਰੀ ਅਧਿਕਾਰੀ ਹੈ ਅਤੇ ਜੇਕਰ ਗ੍ਰਿਫ਼ਤਾਰੀ ਹੁੰਦੀ ਹੈ ਤਾਂ ਉਸ ਨੂੰ ਨੌਕਰੀ ਤੋਂ ਸਸਪੈਂਡ ਕਰ ਦਿੱਤਾ ਜਾਵੇਗਾ। ਇਸ ਦਲੀਲ 'ਤੇ ਸੁਪਰੀਮ ਕੋਰਟ ਨੇ ਕਿਹਾ ਕਿ ਨਾਬਾਲਗ ਨਾਲ ਜਬਰ ਜਨਾਹ ਤੋਂ ਪਹਿਲਾਂ ਇਹ ਸੋਚਣਾ ਚਾਹੀਦਾ ਸੀ।

ਸੁਪਰੀਮ ਕੋਰਟ ਨੇ ਸੁਣਵਾਈ ਦੌਰਾਨ ਅਰਜ਼ੀ ਨੂੰ ਖਾਰਜ ਕਰਦਿਆਂ ਕਿਹਾ ਕਿ ਅਰਜ਼ੀਕਰਤਾ ਇਕ ਨਿਯਮਿਤ ਬੈਂਚ 'ਚ ਜਾਣ ਲਈ ਆਜ਼ਾਦ ਹੈ। ਸੁਪਰੀਮ ਕੋਰਟ ਦੀ ਇਸ ਬੈਂਚ 'ਚ ਸੀਜੇਆਈ ਬੋਬੜੇ ਤੋਂ ਇਲਾਵਾ ਜਸਟਿਸ ਏਐੱਸ ਬੋਪੰਨਾ, ਵੀ ਰਾਮਾਸੁਬਰਾਮਨੀਅਨ ਵੀ ਸ਼ਾਮਲ ਸਨ। ਬੈਂਚ ਨੇ ਪਟੀਸ਼ਨਰ ਨੂੰ 4 ਹਫ਼ਤਿਆਂ ਤੱਕ ਗ੍ਰਿਫ਼ਤਾਰੀ ਤੋਂ ਰਾਹਤ ਵੀ ਦਿੱਤੀ ਹੈ। ਦਰਅਸਲ, 2019 'ਚ ਮੁਲਜ਼ਮ ਦੇ ਖ਼ਿਲਾਫ਼ ਨਾਬਾਲਗ ਨਾਲ ਜਬਰ ਜਨਾਹ ਦਾ ਮਾਮਲਾ ਅਤੇ ਪਾਕਸੋ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ।

**ਜਾਣੋ-ਕੀ ਹੈ ਮਾਮਲਾ**

23 ਸਾਲ ਦੇ ਸੁਭਾਸ਼ ਚਵਨ 'ਤੇ ਸਾਲ 2014-15 'ਚ ਇਕ 16 ਸਾਲ ਦੀ ਲੜਕੀ ਨਾਲ ਜਬਰ ਜਨਾਹ ਦਾ ਦੋਸ਼ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਸੁਣਵਾਈ ਦੌਰਾਨ ਇਹ ਵੀ ਸਾਫ਼ ਕੀਤ ਕਿ ਉਹ ਅਰਜ਼ੀਕਰਤਾ 'ਤੇ ਸ਼ਾਦੀ ਲਈ ਦਬਾਅ ਨਹੀਂ ਪਾ ਰਿਹਾ। ਜਬਰ ਜਨਾਹ ਦੇ ਮੁਲਜ਼ਮ ਤੋਂ ਅਦਾਲਤ ਨੇ ਪੁੱਛਿਆ ਕਿ ਕੀ ਤੂੰ ਸ਼ਾਦੀ ਕਰਨਾ ਚਾਹੁੰਦਾ ਹੈਂ। ਅਸੀਂ ਦਬਾਅ ਨਹੀਂ ਪਾ ਰਹੇ। ਦਰਅਸਲ ਮੁਲਜ਼ਮ ਨੇ ਵਾਅਦਾ ਕੀਤਾ ਸੀ ਕਿ ਲੜਕੀ ਬਾਲਗ ਹੋ ਜਾਵੇਗੀ ਤਾਂ ਵਿਆਹ ਕਰ ਲਵੇਗਾ, ਪਰ ਕੀਤਾ ਨਹੀਂ ਅਤੇ ਕੇਸ ਦਰਜ ਹੋਇਆ ਹੈ।

### ਮਾਮਲਾ ਬਹਿਬਲ ਗੋਲੀ ਕਾਂਡ ਦਾ

# ਸੁਮੇਧ ਸੈਣੀ ਤੇ ਉਮਰਾਨੰਗਲ ਨੂੰ ਹਾਈ ਕੋਰਟ ਤੋਂ ਅਗਾਊਂ ਜਮਾਨਤ ਮਿਲੀ



**ਫਰੀਦਕੋਟ/ਏ.ਟੀ.ਨਿਊਜ਼:** ਬਹਿਬਲ ਗੋਲੀ ਕਾਂਡ ਵਿੱਚ ਨਾਮਜ਼ਦ ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ ਅਤੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਹਾਈਕੋਰਟ ਨੇ ਵੱਡੀ ਰਾਹਤ ਦਿੱਤੀ ਹੈ। ਹਾਈ ਕੋਰਟ ਨੇ ਇਨਾਂ ਦੋਹਾਂ ਪੁਲਿਸ ਅਧਿਕਾਰੀਆਂ ਦੀ ਗ੍ਰਿਫ਼ਤਾਰੀ ਉੱਪਰ ਰੋਕ ਲਾ ਕੇ ਉਨਾਂ ਨੂੰ ਫ਼ਰੀਦਕੋਟ ਦੀ ਅਦਾਲਤ ਵਿੱਚ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ। ਵਿਸ਼ੇਸ਼ ਜਾਂਚ ਟੀਮ ਨੇ 15 ਜਨਵਰੀ ਨੂੰ ਪਰਮਰਾਜ ਸਿੰਘ ਉਮਰਾਨੰਗਲ ਅਤੇ ਸੁਮੇਧ ਸੈਣੀ ਖਿਲਾਫ਼ ਬਹਿਬਲ ਗੋਲੀ ਕਾਂਡ ਮਾਮਲੇ ਵਿੱਚ ਇੱਥੋਂ ਦੀ ਅਦਾਲਤ ਵਿਚ ਚਲਾਨ ਪੇਸ਼ ਕੀਤਾ ਸੀ।

# ਬਜਟ ਇਜਲਾਸ ਦੇ ਪਹਿਲੇ ਦਿਨ ਵਿਧਾਨ ਸਭਾ ਵਿਚ ਗੂੰਜੇ "ਰਾਜਪਾਲ ਗੋ ਬੈਕ" ਦੇ ਨਾਅਰੇ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੇ ਸ਼ੁਰੂਆਤੀ ਦਿਨ ਪਏ ਰੌਲੇ ਰੱਪੇ ਨੇ ਸਪਸ਼ਟ ਕਰ ਦਿੱਤਾ ਹੈ ਕਿ ਇਸ ਵਾਰ ਦਾ ਸੈਸ਼ਨ ਗਰਮਾ-ਗਰਮੀ ਵਾਲਾ ਰਹੇਗਾ। ਗਰਨਵਰ ਵੀਪੀ ਸਿੰਘ ਬਦਨੌਰ ਦੇ ਸ਼ੁਰੂਆਤੀ ਭਾਸ਼ਣ ਦੌਰਾਨ ਖੇਤੀ ਕਾਨੂੰਨਾਂ ਦਾ ਮਸਲਾ ਗਰਮਾਇਆ ਰਿਹਾ। ਗਵਰਨਰ ਨੂੰ ਆਪਣਾ ਭਾਸ਼ਣ ਵਿਰੋਧ ਦੀਆਂ ਅਵਾਜ਼ਾਂ ਵਿਚ ਹੀ ਸਿਰੇ ਚੜਾਉਣਾ ਪਿਆ। ਰਾਜਪਾਲ ਦੇ ਵਿਧਾਨ ਸਭਾ ਵਿਚ ਆਉਂਦਿਆਂ ਹੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵਿਧਾਇਕਾਂ ਨੇ "ਰਾਜਪਾਲ ਗੋ ਬੈਕ" ਦੇ ਨਾਅਰੇ ਮਾਰਨੇ ਸ਼ੁਰੂ ਕਰ ਦਿੱਤੇ। ਆਮ ਆਦਮੀ ਪਾਰਟੀ ਨੇ ਵੀ ਰਾਜਪਾਲ ਦੇ ਭਾਸ਼ਣ ਦਾ ਵਿਰੋਧ ਕੀਤਾ ਅਤੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕਾਂ ਨੇ ਭਾਸ਼ਣ ਦੌਰਾਨ ਹੀ ਰਾਜਪਾਲ ਦੇ ਭਾਸ਼ਣ ਦੀਆਂ ਕਾਪੀਆਂ ਪਾੜ ਕੇ ਸਪੀਕਰ ਵੱਲ ਵਗਾਹ ਮਾਰੀਆਂ।

ਵਿਧਾਨ ਸਭਾ ਦੇ ਸ਼ੁਰੂਆਤੀ ਦਿਨ ਰਾਜਪਾਲ ਨੂੰ ਖੇਤੀ ਬਿੱਲਾਂ ਦੇ ਵਿਰੋਧ ਦੇ ਚਲਦਿਆਂ ਖਰੀਆਂ-ਖਰੀਆਂ ਸੁਣ ਕੇ ਮੁੜਨਾ ਪਿਆ । ਅਕਾਲੀ ਦਲ ਦੇ ਵਿਧਾਇਕਾਂ ਨੇ ਨਾਅਰੇਬਾਜੀ ਦੌਰਾਨ ਰਾਜਪਾਲ ਲਈ 'ਗੱਦਾਰ' ਵਰਗੇ ਲਫਜ ਵਰਤੇ ਜਦਕਿ 'ਆਪ' ਵਿਧਾਇਕਾਂ ਨੇ ਰਾਜਪਾਲ ਨੂੰ ਤਖਤੀਆਂ ਦਿਖਾਈਆਂ। 'ਆਪ' ਵਿਧਾਇਕ ਕੁਲਤਾਰ ਸੰਧਵਾਂ ਤਾਂ ਆਪਣੀ ਸੀਟ 'ਤੇ ਹੀ ਖੜੇ ਹੋ ਕੇ ਵਿਰੋਧ ਕਰਨ ਲੱਗੇ।

ਵਿਰੋਧੀ ਵਿਧਾਇਕਾਂ ਦਾ ਵੱਡਾ ਗਿਲਾ ਇਹੋ ਸੀ ਕਿ ਵਿਧਾਨ ਸਭਾ ਦੇ ਪਿਛਲੇ ਵਿਸੇਸ ਸੈਸਨ 'ਚ ਪਾਸ ਕੀਤੇ ਖੇਤੀ ਸੋਧ ਬਿੱਲਾਂ ਨੂੰ ਰਾਜਪਾਲ ਨੇ ਸਹਿਮਤੀ ਦੇਣ ਮਗਰੋਂ ਰਾਸਟਰਪਤੀ ਕੋਲ ਨਹੀਂ ਭੇਜਿਆ। ਅਜਿਹਾ ਕਰਕੇ ਕਿਸਾਨਾਂ ਦਾ ਅਪਮਾਨ ਅਤੇ ਸਦਨ ਦੀ ਤੌਹੀਨ ਕੀਤੀ ਗਈ ਹੈ।

ਉੱਧਰ ਰਾਜਪਾਲ ਦੇ ਭਾਸਣ 'ਚ ਕਿਹਾ ਕਿ ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨ ਫਿਕਰ-ਮੰਦੀ ਵਾਲੇ ਹਨ ਅਤੇ ਇਹ ਕਾਨੂੰਨ ਸਥਿਰ ਆਮਦਨੀ ਤੇ ਕਿਸਾਨੀ ਚਿੰਤਾਵਾਂ ਦਾ ਹੱਲ ਨਹੀਂ ਕਰਦੇ ਹਨ। ਉਨਾਂ ਨੂੰ ਖਦਸਾ ਹੈ ਕਿ ਇਹ ਕਾਨੂੰਨ ਏਪੀਐੱਸ ਐਕਟ-1961 ਅਧੀਨ ਲੰਮੇ ਅਰਸੇ ਤੋਂ ਸਥਾਪਤ ਖੇਤੀਬਾੜੀ ਮਾਰਕੀਟਿੰਗ ਪ੍ਰਣਾਲੀਆਂ ਨੂੰ ਭੰਗ ਕਰ ਦੇਣਗੇ। ਉਨਾਂ ਨੂੰ ਘੱਟੋ ਘੱਟ ਸਮਰਥਨ ਮੁੱਲ ਤੇ ਅਨਾਜ ਦੀ ਸਰਕਾਰੀ ਖਰੀਦ ਨੂੰ ਖਤਮ ਕਰਨ ਬਾਰੇ ਵੀ ਖਦਸਾ ਹੈ। ਉਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਨਾਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸਦਨ 'ਚ 18 ਅਗਸਤ ਤੇ 19 ਅਕਤੂਬਰ 2020 ਨੂੰ ਦੋ ਵਾਰ ਮਤੇ ਪਾਸ ਕੀਤੇ ਅਤੇ ਭਾਰਤ ਸਰਕਾਰ ਨੂੰ ਇਨਾਂ ਕਾਨੂੰਨਾਂ ਨੂੰ ਵਾਪਸ ਲੈਣ ਅਤੇ ਸਰਕਾਰੀ ਖਰੀਦ ਜਾਰੀ ਰੱਖਣ ਦੀ ਅਪੀਲ ਵੀ ਕੀਤੀ। ਰਾਜਪਾਲ ਨੇ ਖੁਲਾਸਾ ਕੀਤਾ ਕਿ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਤਿੰਨ ਸੋਧ ਕਾਨੂੰਨ ਰਾਸਟਰਪਤੀ ਦੀ ਸਹਿਮਤੀ ਲਈ ਵਿਚਾਰ ਅਧੀਨ ਹਨ।

ਦੱਸ ਦਈਏ ਕਿ ਰਾਜਪਾਲ ਦਾ ਇਹ ਭਾਸ਼ਣ ਮਹਿਜ਼ ਇਕ ਰਸਮੀ ਕਾਰਵਾਈ ਹੁੰਦੀ ਹੈ ਅਤੇ ਇਹ ਭਾਸ਼ਣ ਸੂਬਾ ਸਰਕਾਰ ਵੱਲੋਂ ਹੀ ਤਿਆਰ ਕਰਕੇ ਦਿੱਤਾ ਜਾਂਦਾ ਹੈ।



# ਪੰਜਾਬ ਦੇ ਸ਼ਹਿਰੀ ਹਿੰਦੂਆਂ ਨੇ ਭਾਜਪਾ ਨੂੰ ਨਕਾਰਿਆ

## ✪ ਭਾਜਪਾ ਨਾਲੋਂ ਵਧੀਆ ਪ੍ਰਦਰਸ਼ਨ ਅਕਾਲੀ ਦਲ ਨੇ ਸ਼ਹਿਰੀ ਹਲਕਿਆਂ ਵਿੱਚ ਕੀਤਾ ✪ ਦਲਿਤ ਸਮਾਜ ਭਾਜਪਾ ਤੋਂ ਦੂਰ ਹੋਇਆ

**ਸੰਜੀਵ ਪਾਂਡੇ**

ਭਾਜਪਾ ਦੀ ਨਜਰ ਵਿੱਚ ਕਿਸਾਨ ਅੰਦੋਲਨ ਸਿੱਖ ਕਿਸਾਨਾਂ ਦਾ ਅੰਦੋਲਨ ਹੈ। ਇਸੇ ਕਰਕੇ ਲਗਾਤਾਰ ਕੇਂਦਰ ਸਰਕਾਰ ਕਿਸਾਨ ਅੰਦੋਲਨ ਨੂੰ ਨਜ਼ਰਅੰਦਾਜ ਕਰ ਰਹੀ ਹੈ ਪਰ ਪੰਜਾਬ ਦੀਆਂ ਨਗਰ ਪੰਚਾਇਤਾਂ ਅਤੇ ਨਿਗਮਾਂ ਦੇ ਚੋਣ ਨਤੀਜਿਆਂ ਮਗਰੋਂ ਭਾਜਪਾ ਦੀ ਹਾਲਤ ਖਰਾਬ ਹੈ। ਸ਼ਹਿਰੀ ਖੇਤਰਾਂ ਦੇ ਹਿੰਦੂਆਂ ਨੇ ਭਾਜਪਾ ਨੂੰ ਰੱਦ ਕਰ ਦਿੱਤਾ ਹੈ। ਕਾਂਗਰਸ ਨੂੰ ਵੱਡੀ ਜਿੱਤ ਮਿਲੀ ਹੈ ਭਾਜਪਾ ਨਾਲੋਂ ਵਧੀਆ ਪ੍ਰਦਰਸ਼ਨ ਅਕਾਲੀ ਦਲ ਨੇ ਸ਼ਹਿਰੀ ਹਲਕਿਆਂ ਵਿੱਚ ਕੀਤਾ ਹੈ। ਕਿੱਥੇ ਭਾਜਪਾ ਪਿੰਡਾਂ ਵਿੱਚ ਆਪਣੀ ਵੋਟ ਬੈਂਕ ਦਾ ਦਾਅਵਾ ਕਰ ਰਹੀ ਸੀ ਪਰ ਹੁਣ ਸ਼ਹਿਰੀ ਖੇਤਰ ਵਿੱਚ ਵੀ ਥਿੜਕਣ ਲੱਗੀ ਹੈ। ਭਾਜਪਾ ਦੀ ਵੱਡੀ ਚਿੰਤਾ ਇਹ ਵੀ ਹੈ ਕਿ ਸ਼ਹਿਰੀ ਖੇਤਰ ਵਿੱਚ ਭਾਜਪਾ ਨਾਲੋਂ ਵਧੀਆ ਪ੍ਰਦਰਸ਼ਨ ਅਕਾਲੀ ਦਲ ਨੇ ਕੀਤਾ ਹੈ ਜੋ ਆਪਣੇ ਆਪ ਨੂੰ ਸਿੱਖਾਂ ਦੀ ਪ੍ਰਤੀਨਿਧ ਪਾਰਟੀ ਮੰਨਦੀ ਹੈ।

**ਚੋਣ ਨਤੀਜੇ ਭਾਜਪਾ ਲਈ ਵੱਡਾ ਝਟਕਾ**

ਭਾਜਪਾ ਲਈ ਇਹ ਚੋਣਾਂ ਮਾੜੀ ਖਬਰ ਲੈ ਕੇ ਆਈਆਂ ਹਨ। ਨਗਰ ਪੰਚਾਇਤਾਂ ਅਤੇ ਨਗਰ ਨਿਗਮ ਦੇ ਕੁੱਲ 2165 ਵਾਰਡਾਂ ਵਿੱਚ ਭਾਜਪਾ ਨੂੰ ਸਿਰਫ 49 ਵਾਰਡਾਂ ਵਿੱਚ ਜਿੱਤ ਮਿਲੀ ਹੈ। ਹਿੰਦੂ ਬਹੁਗਿਣਤੀ ਵਾਰਡਾਂ ਵਿੱਚ ਵੀ ਭਾਜਪਾ ਦੀ ਕਰਾਰੀ ਹਾਰ ਹੋਈ ਹੈ। ਇਹ ਭਾਜਪਾ ਲਈ ਵੱਡਾ ਝਟਕਾ ਹੈ। ਖਾਸਕਰ ਉਦੋਂ ਜਦੋਂ ਭਾਜਪਾ ਅਕਾਲੀ ਦਲ ਨਾਲੋਂ ਵੱਖ ਹੋ ਕੇ ਪੰਜਾਬ ਵਿੱਚ ਸੱਤਾ ਪ੍ਰਾਪਤ ਕਰਨ ਦੇ ਸੁਫਨੇ ਵੇਖ ਰਹੀ ਹੈ। ਕਿਸਾਨ ਅੰਦੋਲਨ ਸ਼ੁਰੂ ਹੋਣ ਤੋਂ ਬਾਅਦ ਭਾਜਪਾ ਪੰਜਾਬ ਵਿੱਚ ਦਲਿਤ-ਹਿੰਦੂ ਗੱਠਜੋੜ ਬਣਾ ਰਹੀ ਸੀ। ਭਾਜਪਾ ਆਗੂ ਇਹੋ ਪੱਤਾ ਖੇਡ ਕੇ ਕਾਂਗਰਸ ਅਤੇ ਅਕਾਲੀ ਦਲ ਨੂੰ ਪਿੱਛੇ ਧੱਕਣ ਦੀ ਯੋਜਨਾ ਬਣਾ ਰਹੇ ਸਨ। ਰਾਜ ਦੇ ਨੇਤਾਵਾਂ ਨੂੰ ਕੇਂਦਰ ਵਿੱਚ ਪ੍ਰਤੀਨਿਧਤਾ ਦੇ ਕੇ ਸੂਬੇ ਦੀ ਜਨਤਾ ਨੂੰ ਇਹ ਸੰਦੇਸ਼ ਦਿੱਤਾ ਜਾਂਦਾ ਸੀ ਕਿ ਪੰਜਾਬ ਉਨਾਂ ਲਈ ਖਾਸ ਹੈ। ਹੁਸ਼ਿਆਰਪੁਰ ਦੇ ਭਾਜਪਾ ਸੰਸਦ ਸੋਮ ਪ੍ਰਕਾਸ਼ ਨੂੰ ਕੇਂਦਰ ਵਿੱਚ ਮੰਤਰੀ ਬਣਾਇਆ ਗਿਆ। ਹਾਲ ਹੀ ਵਿੱਚ ਪੰਜਾਬ ਭਾਜਪਾ ਦੇ ਦਲਿਤ ਨੇਤਾ ਵਿਜੈ ਸਾਂਪਲਾ ਨੂੰ ਰਾਸ਼ਟਰੀ ਅਨਸੂਚਿਤ ਜਾਤੀ ਆਯੋਗ ਦਾ ਚੇਅਰਮੈਨ ਬਣਾਇਆ ਗਿਆ। ਸਾਂਪਲਾ ਪਹਿਲਾਂ ਕੇਂਦਰ ਵਿੱਚ ਮੰਤਰੀ ਰਹਿ ਚੁੱਕੇ ਹਨ। ਪੰਜਾਬ ਦੇ ਕੋਟੇ ਵਿੱਚ ਤਰੁਣ ਚੁੱਘ ਨੂੰ ਭਾਜਪਾ ਵਿੱਚ ਰਾਸ਼ਟਰੀ ਸਕੱਤਰ ਜਨਰਲ ਬਣਾਇਆ ਗਿਆ ਹੈ।



ਸਥਾਨਕ ਚੋਣਾਂ ਦੇ ਨਤੀਜਿਆਂ ਨੇ ਭਾਜਪਾ ਦੀ ਗਲਤਫਹਿਮੀ ਨੂੰ ਦੂਰ ਕਰ ਦਿੱਤਾ ਹੈ। ਚੋਣ ਨਤੀਜੇ ਦੱਸਦੇ ਹਨ ਕਿ ਭਾਜਪਾ ਨੂੰ ਨਾ ਤਾਂ ਸ਼ਹਿਰੀ ਹਿੰਦੂਆਂ ਦੀ ਵੋਟ ਮਿਲੀ ਅਤੇ ਨਾ ਹੀ ਦਲਿਤ ਜਾਤੀ ਦੀ। ਸੂਬੇ ਵਿੱਚ 109 ਨਗਰ ਪੰਚਾਇਤਾਂ ਵਿੱਚੋਂ 87 ਵਿੱਚ ਕਾਂਗਰਸ ਨੂੰ ਪੂਰਨ ਬਹੁਮਤ ਮਿਲਿਆ। ਨਗਰ ਪੰਚਾਇਤਾਂ ਦੇ ਕੁੱਲ 1815 ਵਾਰਡਾਂ ਵਿੱਚ 1128 ਵਾਰਡਾਂ ਵਿੱਚ ਕਾਂਗਰਸ ਨੂੰ ਜਿੱਤ ਮਿਲੀ। ਨਗਰ ਨਿਗਮ ਵਿੱਚ 350 ਵਾਰਡਾਂ ਵਿੱਚੋਂ 271 ਵਾਰਡਾਂ ਵਿੱਚ ਕਾਂਗਰਸ ਜਿੱਤੀ। ਅਕਾਲੀ ਦਲ ਨੂੰ ਨਗਰ ਪੰਚਾਇਤਾਂ ਵਿੱਚ 252 ਵਾਰਡਾਂ ਵਿੱਚ ਜਿੱਤ ਮਿਲੀ ਅਤੇ ਨਗਰ ਨਿਗਮ ਦੀਆਂ 33 ਸੀਟਾਂ 'ਤੇ ਜਿੱਤ ਹਾਸਲ ਕੀਤੀ। ਭਾਜਪਾ ਨੂੰ ਨਗਰ ਪੰਚਾਇਤ ਵਿੱਚ 29 ਅਤੇ ਨਗਰ ਨਿਗਮ ਵਿੱਚ 20 ਸੀਟਾਂ ਉੱਤੇ ਜਿੱਤ ਮਿਲੀ ਹੈ। ਆਪ ਨੂੰ ਨਗਰ ਪੰਚਾਇਤਾਂ ਵਿੱਚ 53 ਅਤੇ ਨਗਰ ਨਿਗਮ ਵਿੱਚ 9 ਸੀਟਾਂ 'ਤੇ ਜਿੱਤ ਮਿਲੀ।

**ਰਾਜਨੀਤਿਕ ਸਮੀਕਰਣ ਨਹੀਂ ਰਿਹਾ ਸਫਲ**

ਭਾਜਪਾ ਲਗਾਤਾਰ ਤਰਕ ਦੇ ਰਹੀ ਸੀ ਕਿ ਕਿਸਾਨ ਅੰਦੋਲਨ ਦਾ ਕੋਈ ਰਾਸ਼ਟਰੀ ਪੱਧਰ 'ਤੇ ਪ੍ਰਭਾਵ ਨਹੀਂ ਹੈ। ਇਹ ਅੰਦੋਲਨ ਪੰਜਾਬ ਦੇ ਸਿੱਖ ਕਿਸਾਨਾਂ ਦਾ ਹੈ। ਇਹੀ ਨਹੀਂ ਕਿਸਾਨ ਅੰਦੋਲਨ ਨੂੰ ਖਾਲਿਸਤਾਨੀ ਦੱਸ ਕੇ ਭਾਜਪਾ ਨੇ ਇਸ ਨੂੰ ਮੌਕੇ ਦੇ ਤੌਰ 'ਤੇ ਲਿਆ। ਪੰਜਾਬ ਦੇ ਸਿੱਖ ਕਿਸਾਨਾਂ ਵਿੱਚ ਵੱਡੀ ਗਿਣਤੀ ਜੱਟ ਕਿਸਾਨਾਂ ਦੀ ਹੈ। ਇਨਾਂ ਦਾ ਪੰਜਾਬ ਦੀ ਰਾਜਨੀਤੀ ਵਿੱਚ ਖਾਸਾ ਆਧਾਰ ਹੈ। ਭਾਜਪਾ ਨੇ ਇਨਾਂ ਖਿਲਾਫ ਇਕ ਨਵਾਂ ਸਮੀਕਰਣ ਬਣਾਉਣ ਦੀ ਕੋਸ਼ਿਸ਼ ਕੀਤੀ। ਭਾਜਪਾ ਆਗੂ ਸਿੱਖ ਕਿਸਾਨਾਂ ਖਿਲਾਫ ਨਵੇਂ ਰਾਜਨੀਤਿਕ ਸਮੀਕਰਣ ਅਨੁਸਾਰ ਸ਼ਹਿਰੀ ਹਿੰਦੂਆਂ ਅਤੇ ਪੇਂਡੂ ਇਲਾਕਿਆਂ ਵਿੱਚ ਮੌਜੂਦ ਦਲਿਤਾਂ ਨੂੰ ਲਾਮਬੰਦ ਕਰਨ ਦੀ ਯੋਜਨਾ ਬਣਾਉਣ ਲੱਗੇ। ਇਸੇ ਸਮੀਕਰਣ ਨੂੰ ਲੈ ਕੇ ਭਾਜਪਾ ਨੇਤਾ ਟੀਕਾ ਟਿੱਪਣੀ ਵੀ ਕਰਨ ਲੱਗੇ। ਇਕ ਯੋਜਨਾ ਅਨੁਸਾਰ ਰਾਸ਼ਟਰੀ ਪੱਧਰ 'ਤੇ ਕਿਸਾਨ ਅੰਦੋਲਨ ਨੂੰ ਖਾਲਿਸਤਾਨੀਆਂ ਦਾ ਅੰਦੋਲਨ ਵੀ ਦੱਸਿਆ ਗਿਆ। ਭਾਜਪਾ ਆਗੂਆਂ ਨੂੰ ਇਹ ਉਮੀਦ ਬਿਲਕੁਲ ਵੀ ਨਹੀਂ ਸੀ ਕਿ ਸ਼ਹਿਰੀ ਹਿੰਦੂ ਵੋਟ ਵੀ ਉਨਾਂ ਨੂੰ ਨਹੀਂ ਮਿਲੇਗੀ। ਚੋਣ ਪ੍ਰਚਾਰ ਦੌਰਾਨ ਭਾਜਪਾ ਆਗੂਆਂ ਦਾ ਘਰੋਂ ਬਾਹਰ ਨਿਕਲਣਾ ਵੀ ਮੁਸ਼ਕਲ ਹੋ ਗਿਆ ਸੀ। ਪੁਲਿਸ ਦੇ ਸਖਤ ਪਹਿਰੇ ਹੇਠ ਹੀ ਭਾਜਪਾ ਆਗੂ ਪ੍ਰਚਾਰ ਕਰ ਸਕੇ ਸਨ। ਇਹ ਵਿਰੋਧ ਅੱਜ ਵੀ ਬਰਕਰਾਰ ਹੈ।

**ਭਾਜਪਾ ਲਈ ਵੱਡੀ ਚਿੰਤਾ**

ਚੋਣਾਂ ਦੌਰਾਨ ਬਹੁਤ ਜਗਾ ਉਮੀਦਵਾਰ ਨਾ ਮਿਲਣੇ ਵੀ ਭਾਜਪਾ ਲਈ ਵੱਡੀ ਚਿੰਤਾ ਹੈ। ਇਸਦੇ ਬਾਵਜੂਦ ਭਾਜਪਾ ਆਗੂ ਦਾਅਵਾ ਕਰਦੇ ਹਨ ਕਿ ਭਾਜਪਾ ਪੰਜਾਬ ਵਿੱਚ ਆਪਣੀ ਸਰਕਾਰ ਬਣਾਏਗੀ। ਭਾਜਪਾ ਆਪਣੇ ਗੜ ਹੁਸ਼ਿਆਰਪੁਰ, ਪਠਾਨਕੋਟ, ਅਬੋਹਰ ਵਿੱਚ ਹਾਰ ਗਈ ਹੈ। ਪਠਾਨਕੋਟ ਅਤੇ ਹੁਸ਼ਿਆਰਪੁਰ ਤੋਂ ਭਾਜਪਾ ਦੇ ਕਈ ਵਾਰ ਵਿਧਾਇਕ ਬਣ ਚੁੱਕੇ ਹਨ। ਅਬੋਹਰ ਵਿੱਚ ਵਰਤਮਾਨ ਵਿੱਚ ਭਾਜਪਾ ਦੇ ਵਿਧਾਇਕ ਅਰੁਣ ਨਰੰਗ ਹਨ ਪਰ ਅਬੋਹਰ ਵਿੱਚ ਭਾਜਪਾ ਨੂੰ ਇੱਕ ਵੀ ਸੀਟ ਨਹੀਂ ਮਿਲੀ। ਭਾਜਪਾ ਦੇ ਪ੍ਰਦੇਸ਼ ਪ੍ਰਧਾਨ ਅਸ਼ਵਨੀ ਸ਼ਰਮਾ ਖੁਦ ਪਠਾਨਕੋਟ ਨਾਲ ਸਬੰਧਤ ਹਨ ਅਤੇ ਇੱਕ ਵਾਰ ਵਿਧਾਇਕ ਵੀ ਚੁਣੇ ਗਏ ਹਨ ਪਰ ਇਥੇ ਭਾਜਪਾ ਨੂੰ 50 ਵਿੱਚੋਂ ਸਿਰਫ 11 ਸੀਟਾਂ ਮਿਲੀਆਂ ਹਨ। ਹੁਸ਼ਿਆਰਪੁਰ ਲੋਕ ਸਭਾ ਸੀਟ ਭਾਜਪਾ ਕੋਲ ਹੈ। ਇਥੋਂ ਦੇ ਲੋਕ ਸਭਾ ਸਾਂਸਦ ਸੋਮ ਪ੍ਰਕਾਸ਼ ਕੇਂਦਰ ਵਿੱਚ ਮੰਤਰੀ ਹਨ ਪਰ ਇਥੇ ਵੀ ਭਾਜਪਾ ਨੂੰ 50 ਵਿੱਚੋਂ ਸਿਰਫ 4 ਸੀਟਾਂ ਮਿਲੀਆਂ ਹਨ। ਸੂਬੇ ਦੇ ਸਾਬਕਾ ਮੰਤਰੀ ਅਤੇ ਭਾਜਪਾ ਆਗੂ ਤੀਕਸ਼ਣ ਸੂਦ ਦੀ ਪਤਨੀ ਵੀ ਆਪਣੇ ਵਾਰਡ ਵਿੱਚੋਂ ਹਾਰ ਗਈ। ਗੁਰਦਾਸਪੁਰ ਤੋਂ ਭਾਜਪਾ ਦੇ ਲੋਕ ਸਭਾ ਮੈਂਬਰ ਸਨੀ ਦਿਓਲ ਦੇ ਖੇਤਰ ਵਿੱਚੋਂ ਭਾਜਪਾ ਨੂੰ ਇੱਕ ਵੀ ਸੀਟ ਨਹੀਂ ਮਿਲੀ। ਇਸੇ ਹਲਕੇ ਵਿੱਚ ਪਾਕਿਸਤਾਨ ਤੋਂ ਆਏ ਹਿੰਦੂਆਂ ਦੀ ਕਾਫੀ ਗਿਣਤੀ ਹੈ ਜਿਨਾਂ ਨੇ ਭਾਜਪਾ ਨੂੰ ਖਾਰਿਜ ਕਰ ਦਿੱਤਾ ਹੈ।

---

# ਲੋਕੋ ਜਾਂ ਤਾਂ 2024 'ਚ ਮੋਦੀ ਨੂੰ ਬਦਲ ਦਿਓ, ਨਹੀਂ ਤਾਂ ਫੇਰ ਮੋਦੀ ਦੇਸ਼ ਦਾ ਨਾਮ ਵੀ ਬਦਲ ਦੇਵੇਗਾ ?

## ਅਜੇ ਤਾਂ ਇਕ ਸਟੇਡੀਅਮ ਦਾ ਨਾਮ ਮੋਦੀ ਦੇ ਨਾਂ 'ਤੇ ਰੱਖਿਆ ! ਅੱਗੇ ਅੱਗੇ ਦੇਖਣਾ ਹੋਵੇਗਾ ਕੀ ?



**ਜਗਰੂਪ ਸਿੰਘ ਜਰਖੜ**

**੯੮੧੪੩੦੦੭੨੨**

ਦੇਸ਼ ਦੇ ਆਜ਼ਾਦੀ ਸੰਗਰਾਮੀਏ ਸਰਦਾਰ ਵੱਲਭ ਭਾਈ ਪਟੇਲ ਜੋ ਮੁਲਕ ਦੇ ਪਹਿਲੇ ਗ੍ਰਹਿ ਮੰਤਰੀ ਅਤੇ ਜਿਨਾਂ ਨੇ 562 ਰਿਆਸਤਾਂ ਨੂੰ ਇਕੱਠੀਆਂ ਕਰਕੇ ਮੁਲਕ ਦੇ ਨਾਲ ਜੋੜਿਆ ਸੀ, ਉਹ ਦੇਸ਼ ਦੀ ਇਕ ਪ੍ਰਵਾਨਿਤ ਅਤੇ ਹਰਮਨ ਪਿਆਰੀ ਸ਼ਖ਼ਸੀਅਤ ਹਨ। ਗੁਜਰਾਤ ਦੇ ਸ਼ਹਿਰ ਅਹਿਮਦਾਬਾਦ ਦਾ ਮਟੇਰਾ ਕ੍ਰਿਕਟ ਸਟੇਡੀਅਮ ਜੋ 1983 ਵਿੱਚ ਬਣਿਆ ਜਿਸ ਦਾ ਨਾਮ ਸਰਦਾਰ ਵੱਲਭ ਭਾਈ ਪਟੇਲ ਦੇ ਨਾਮ ਤੇ ਰੱਖਿਆ ਗਿਆ। ਉਹ ਦੁਨੀਆ ਦੇ ਖ਼ੂਬਸੂਰਤ ਅਤੇ ਵੱਡੇ ਕ੍ਰਿਕਟ ਸਟੇਡੀਅਮ ਵਿਚੋਂ ਇਕ ਹੈ ਜਿਸ ਉੱਤੇ ਕਰੋੜਾਂ ਰੁਪਏ ਖ਼ਰਚੇ ਗਏ ਹਨ। ਇਸ ਸਟੇਡੀਅਮ ਵਿੱਚ ਦਰਸ਼ਕਾਂ ਦੇ ਬੈਠਣ ਦੀ ਸਮਰੱਥਾ ਇੱਕ ਲੱਖ ਤੀਹ ਹਜ਼ਾਰ ਹੈ। ਬੀਤੇ ਦਿਨੀਂ ਦੇਸ਼ ਦਾ ਇਕ ਪ੍ਰਮੁੱਖ ਚੈਨਲ 1੦9 11:36 ਮਿੰਟ ਤੇ ਇਹ ਖ਼ਬਰ ਦਿੰਦਾ ਹੈ ਕਿ ਸਰਦਾਰ ਵੱਲਭ ਭਾਈ ਪਟੇਲ ਕ੍ਰਿਕਟ ਸਟੇਡੀਅਮ ਦਾ ਉਦਘਾਟਨ ਦੇਸ਼ ਦੇ ਰਾਸ਼ਟਰਪਤੀ ਅਤੇ ਗ੍ਰਹਿ ਮੰਤਰੀ ਕਰਨਗੇ, ਪਰ ਇਹੀ ਚੈਨਲ ਉਸ ਤੋਂ 82 ਮਿੰਟ ਬਾਅਦ ਯਾਨੀ ਦੁਪਹਿਰ 1:08 ਮਿੰਟ ਤੇ ਇਹ ਖ਼ਬਰ ਦਿੰਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਟੇਰਾ ਕ੍ਰਿਕਟ ਸਟੇਡੀਅਮ ਦਾ ਉਦਘਾਟਨ ਦੇਸ਼ ਦੇ ਰਾਸ਼ਟਰਪਤੀ ਅਤੇ ਦੇਸ਼ ਦੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਕਰਨਗੀਆਂ। ਏਨੇ ਸਮੇਂ ਵਿਚ ਅਜਿਹੀ ਕਿਹੜੀ ਪਰਲੋ ਆ ਗਈ ਕਿ ਕ੍ਰਿਕਟ ਸਟੇਡੀਅਮ ਦਾ ਨਾਮ ਸਰਦਾਰ ਵੱਲਭ ਭਾਈ ਪਟੇਲ ਦੇ ਨਾਮ ਤੋਂ ਬਦਲ ਕੇ ਨਰਿੰਦਰ ਮੋਦੀ ਕਰਨਾ ਪਿਆ। ਇਸ ਸਭ ਸੌੜੀ ਸਿਆਸਤ ਅਤੇ ਦੇਸ਼ ਦੇ ਨਿਘਾਰ ਦੀ ਵੱਡੀ ਨਿਸ਼ਾਨੀ ਹੈ ਇਸ ਸਮਾਗਮ ਵਿੱਚ ਭਾਵੇਂ ਰਾਸ਼ਟਰਪਤੀ ਕੋਵਿੰਦ ਰਾਮ, ਗ੍ਰਹਿ ਮੰਤਰੀ ਅਮਿਤ ਸ਼ਾਹ, ਉਨਾਂ ਦਾ ਬੇਟਾ ਕ੍ਰਿਕਟ ਦਾ ਰਖਵਾਲਾ ਜੈ ਸ਼ਾਹ, ਗਵਰਨਰ ਗੁਜਰਾਤ ਦਾ ਖੇਡ ਮੰਤਰੀ ਅਤੇ ਹੋਰ ਵੱਡੀਆਂ ਸ਼ਖ਼ਸੀਅਤਾਂ ਪੁੱਜੀਆਂ ਪਰ ਗੁਜਰਾਤ ਦੇ ਮੁੱਖ ਮੰਤਰੀ ਨੂੰ ਇਸ ਸਮਾਗਮ ਵਿੱਚ ਬੁਲਾਉਣਾ ਉਚਿਤ ਨਹੀਂ ਸਮਝਿਆ ਗਿਆ, ਫਿਰ ਇਨਾਂ ਲੀਡਰਾਂ ਨੇ ਮੋਦੀ ਦੀਆਂ ਤਾਰੀਫ਼ਾਂ ਦੇ ਪੁਲ ਬੰਨੇ, ਦੱਸੋ ਕ੍ਰਿਕਟ ਜਾਂ ਖੇਡਾਂ ਨੂੰ ਮੋਦੀ ਦੀ ਦੇਣ ਕੀ ਹੈ ? ਇਕੱਲਾ ਕ੍ਰਿਕਟ ਸਟੇਡੀਅਮ ਦਾ ਨਾਮ ਹੀ ਨਰਿੰਦਰ ਮੋਦੀ ਦੇ ਨਾਮ ਤੇ ਨਹੀਂ ਕੀਤਾ ਸਗੋਂ ਸਟੇਡੀਅਮ ਦਾ ਇਕ ਬਲਾਕ ਰਿਲਾਇੰਸ ਕੰਪਨੀ ਦੇ ਨਾਮ 'ਤੇ ਵੀ ਬਣਾਇਆ ਗਿਆ। ਇਕ ਹੋਰ ਬਲਾਕ ਦਾ ਨਾਮ ਅਡਾਨੀ ਦੇ ਨਾਮ 'ਤੇ ਰੱਖਿਆ ਗਿਆ। ਗੁਜਰਾਤ ਦਾ ਅੰਤਰਰਾਸ਼ਟਰੀ ਏਅਰਪੋਰਟ ਜੋ ਵੱਲਭ ਭਾਈ ਪਟੇਲ ਦੇ ਨਾਮ 'ਤੇ ਸੀ ਉਸ ਦਾ ਨਾਮ ਬਦਲ ਕੇ ਵੀ ਅਡਾਨੀ ਏਅਰਪੋਰਟ ਕਰ ਦਿੱਤਾ ਗਿਆ ਹੈ। ਹੈਰਾਨੀ ਦੀ ਗੱਲ ਇਹ ਵੀ ਹੈ ਕਿ 3 ਹਜ਼ਾਰ ਕਰੋੜ ਦੀ ਲਾਗਤ ਨਾਲ ਸਰਦਾਰ ਵੱਲਭ ਭਾਈ ਪਟੇਲ ਦੀ ਮੂਰਤੀ ਤਾਂ ਬਣ ਸਕਦੀ ਹੈ ਪਰ ਸਟੇਡੀਅਮ ਅਤੇ ਏਅਰ ਪੋਰਟ ਦਾ ਨਾਮ ਕਿਉਂ ਬਦਲਿਆ ਗਿਆ ਇਸ ਪਿੱਛੇ ਆਰ ਐੱਸ ਐੱਸ ਦਾ ਏਜੰਡਾ ਵੱਡੇ ਪੱਧਰ ਤੇ ਕੰਮ ਕਰ ਰਿਹਾ ਹੈ। ਇਤਿਹਾਸ ਦੱਸਦਾ ਹੈ ਕਿ 1947 ਵਾਲੀ ਆਜ਼ਾਦੀ ਤੋਂ ਬਾਅਦ ਜਦੋਂ ਸਰਦਾਰ ਵੱਲਭ ਭਾਈ ਪਟੇਲ ਗ੍ਰਹਿ ਮੰਤਰੀ ਬਣੇ ਸੀ ਤਾਂ ਉਨਾਂ ਨੇ ਆਰ ਐੱਸ ਐੱਸ ਤੇ ਪਾਬੰਦੀ ਲਾਉਣ ਦਾ ਐਲਾਨ ਕੀਤਾ ਸੀ, ਕਿਉਂਕਿ ਆਰ ਐੱਸ ਐੱਸ ਦੇਸ਼ ਦੇ ਵਿੱਚ ਫ਼ਿਰਕੂ ਭਾਵਨਾ ਅਤੇ ਹਿੰਦੂਤਵ ਨੂੰ ਬੜਾਵਾ ਦੇ ਰਹੀ ਸੀ, ਪਰ ਭਾਈ ਪਟੇਲ ਵਰਗੇ ਕ੍ਰਾਂਤੀਕਾਰੀ ਲੀਡਰ ਅੱਜ ਦੇ ਚਾਪਲੂਸ ਲੀਡਰਾਂ ਵਰਗੇ ਨਹੀਂ ਸਨ। ਉਨਾਂ ਵਿੱਚ ਸੱਚ ਨੂੰ ਕਹਿਣ ਦੀ ਅਤੇ ਸਹੀ ਫ਼ੈਸਲੇ ਕਰਨ ਦੀ ਹਿੰਮਤ ਸੀ ਜਿਸ ਦੀ ਕੀਮਤ ਅੱਜ ਉਨਾਂ ਨੂੰ ਮਰਨ ਉਪਰੰਤ ਚੁਕਾਉਣੀ ਪੈ ਰਹੀ ਹੈ । ਦੂਸਰੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਚ ਹੁਣ ਤਾਨਾਸ਼ਾਹੀ ਅਡੌਲਫ ਹਿਟਲਰ ਅਤੇ ਲਿਬੀਆ ਦੇ ਕਰਨਲ ਗੱਦਾਫ਼ੀ ਵਾਲੀ ਰੂਹ ਪ੍ਰਵੇਸ਼ ਕਰ ਗਈ ਹੈ ਕਿਉਂਕਿ 1933 ਵਿੱਚ ਹਿਟਲਰ ਨੇ ਵੀ ਸਟੁੱਟਗਾਰਡ ਫੁੱਟਬਾਲ ਸਟੇਡੀਅਮ ਦਾ ਨਾਮ ਬਦਲ ਕੇ ਆਪਣੇ ਨਾਮ ਤੇ ਅਡੌਲਫ ਹਿਟਲਰ ਸਟੇਡੀਅਮ ਰੱਖ ਦਿੱਤਾ ਸੀ। ਫੇਰ ਹਿਟਲਰ ਅਤੇ ਗੱਦਾਫ਼ੀ ਦਾ ਜੋ ਅੰਤ ਹੋਇਆ ਉਹ ਆਪਾਂ ਸਾਰਿਆਂ ਨੇ ਦੇਖਿਆ ਹੀ ਹੈ । ਅੱਜ ਪੂਰਾ ਦੇਸ਼ ਮਹਿੰਗਾਈ ਦੀ ਮਾਰ ਹੇਠ ਕੁਰਲਾ ਰਿਹਾ ਹੈ। ਦੇਸ਼ ਦਾ ਅੰਨਦਾਤਾ ਆਪਣੇ ਇਨਸਾਫ਼ ਲਈ ਸੜਕਾਂ 'ਤੇ ਰੁਲ ਰਿਹਾ ਹੈ ਮੋਦੀ ਅਤੇ ਉਨਾਂ ਦੀ ਟੀਮ ਨੂੰ ਖੇਡ ਸਟੇਡੀਅਮ ਦੇ ਨਾਮ ਆਪਣੇ ਨਾਮ ਤੇ ਰੱਖਣ ਦੀ ਪਈ ਹੋਈ ਹੈ। ਜੇਕਰ ਮੁਲਕ ਦੇ ਲੋਕਾਂ ਨੇ 2024 ਦੀਆਂ ਚੋਣਾਂ ਵਿੱਚ ਮੋਦੀ ਨੂੰ ਸਬਕ ਨਾ ਸਿਖਾਇਆ ਤਾਂ ਇਹ ਭਾਜਪਾ ਅਤੇ ਆਰ ਐੱਸ ਐੱਸ ਦੀ ਜੁੰਡਲੀ ਵਾਲੇ ਲੋਕ ਦੇਸ਼ ਦਾ ਹਿੰਦੂਕਰਨ ਕਰਨ ਅਤੇ ਹਿੰਦੂ ਰਾਸ਼ਟਰ ਬਣਾਉਣ ਵਿੱਚ ਦੇਰੀ ਨਹੀਂ ਕਰਨਗੇ। ਉਸ ਤੋਂ ਬਾਅਦ ਦੇਸ਼ ਦੇ ਵਿੱਚ ਮੁੜ ਕੇ ਕਦੇ ਕੋਈ ਵੀ ਚੋਣ ਨਹੀਂ ਹੋਵੇਗੀ। ਦੇਸ਼ ਦੀ ਕਰੰਸੀ ਵਾਲੇ ਨੋਟਾਂ ਦੇ ਉੱਤੇ ਮਹਾਤਮਾ ਗਾਂਧੀ ਦੀ ਫ਼ੋਟੋ ਦੀ ਜਗਾ ਮੋਦੀ ਦੀ ਫ਼ੋਟੋ ਹੋਵੇਗੀ। ਸਭ ਤੋਂ ਵੱਡਾ ਖ਼ਤਰਾ ਦੇਸ਼ ਵਿੱਚ ਵਸਦੀਆਂ ਘੱਟਗਿਣਤੀ ਕੌਮਾਂ ਸਿੱਖ, ਇਸਾਈ, ਮੁਸਲਮਾਨ ਲਈ ਹੋਵੇਗਾ। ਮੋਦੀ ਦਾ ਰਾਜ ਜੋ ਹੁਣ ਤਾਂ ਸਿਰਫ਼ ਮੁਗ਼ਲ ਰਾਜ ਦੀ ਝਲਕ ਹੀ ਪੇਸ਼ ਕਰ ਰਿਹਾ ਹੈ, ਫਿਰ ਮੁਗ਼ਲ ਰਾਜ ਨਾਲੋਂ ਵੀ ਇਕ ਭਿਆਨਕ ਰਾਜ ਹੋਵੇਗਾ ਜਿੱਥੇ ਕੋਈ ਹਿੰਦੂ, ਦਲਿਤ, ਜੈਨੀ, ਪਛੜੀਆਂ ਸ਼੍ਰੇਣੀਆਂ, ਘੱਟ ਗਿਣਤੀਆਂ ਦਾ ਰਹਿਣਾ ਦੁੱਭਰ ਹੋ ਜਾਵੇਗਾ। ਸਿਰਫ਼ ਹਿੰਦੂ ਕੱਟੜਪੰਥੀਆਂ, ਚਾਪਲੂਸਾਂ, ਧਰਮ ਦੇ ਭੇਖੀਆਂ ਅਤੇ ਆਰ ਐੱਸ ਐੱਸ ਵਾਲਿਆਂ ਦੀ ਚਾਂਦੀ ਹੋਵੇਗੀ। ਅਜੇ ਤਾਂ ਦੇਸ਼ ਦੇ ਲੋਕੋ ਇਕ ਸਟੇਡੀਅਮ ਦਾ ਨਾਮ ਹੀ ਬਦਲਿਆ, ਅੱਗੇ ਅੱਗੇ ਦੇਖਣਾ ਦੇਸ਼ ਦੇ ਬਣੇ ਇੱਕ ਸੁਨਹਿਰੀ ਇਤਿਹਾਸ ਦਾ ਇਹ ਮਲੀਆਮੇਟ ਕਿਸ ਤਰਾਂ ਕਰਦੇ ਹਨ। ਜੇਕਰ ਮੋਦੀ ਜੁੰਡਲੀ ਨੇ ਔਰੰਗਜ਼ੇਬ ਦੇ ਜ਼ੁਲਮ ਦੀ ਗੁੜਤੀ ਪੀ ਲਈ ਹੈ ਤਾਂ ਲੋਕਾਂ ਨੂੰ ਵੀ ਆਪਣੇ ਗੁਰੂਆਂ ਪੀਰਾਂ ਦੇ ਦਿੱਤੇ ਸਿਧਾਂਤਾਂ 'ਤੇ ਪਹਿਰਾ ਦੇਣਾ ਆਉਂਦਾ ਹੈ। ਅਸਲ ਫ਼ੈਸਲਾ ਤਾਂ ਕੁਦਰਤ ਦੇ ਵਰਤਾਰੇ ਨੇ ਕਰਨਾ ਹੈ, ਪਰ ਫਿਰ ਵੀ ਪ੍ਰਮਾਤਮਾ ਮੋਦੀ ਭਗਤਾਂ ਨੂੰ ਸੁਮੱਤ ਦੇਵੇ, ਮੇਰੇ ਵਤਨ ਦਾ ਹੁਣ ਰੱਬ ਰਾਖਾ!

# ਪੁਲਿਸ ਵੱਲੋਂ ਮੈਡੀਕਲ ਤੱਕ ਨਹੀਂ ਕਰਵਾਇਆ ਗਿਆ, ਬੇਰਹਿਮੀ ਨਾਲ ਕੀਤੀ ਕੁੱਟਮਾਰ, ਨੌਦੀਪ ਕੌਰ ਨੇ ਲਗਾਏ ਦੋਸ਼

## ✪ ਅਖੀਰੀ ਸਾਹ ਤੱਕ ਕਿਸਾਨਾਂ ਤੇ ਕਾਮਿਆਂ ਦੇ ਹੱਕਾਂ ਲਈ ਜੰਗ ਜਾਰੀ ਰੱਖਾਂਗੀ ✪ ਪੁਰਸ਼ ਪੁਲਿਸ ਅਧਿਕਾਰੀਆਂ ਵੱਲੋਂ ਕੁੱਟਮਾਰ ਦੌਰਾਨ ਸਰੀਰ ਦੇ ਅਨੇਕਾਂ ਅੰਗਾਂ 'ਤੇ ਮਾਰੀਆਂ ਸੱਟਾਂ

**ਦਿੱਲੀ/ਏ.ਟੀ.ਨਿਊਜ਼:** ਸੋਨੀਪਤ ਜੇਲ 'ਚੋਂ ਰਿਹਾਅ ਹੋਈ ਕਿਸਾਨ-ਮਜਦੂਰ ਸੰਗਠਨ ਦੀ ਮੈਂਬਰ ਨੌਦੀਪ ਕੌਰ ਨੇ ਪੁਲਿਸ 'ਤੇ ਕਸਟੱਡੀ ਦੌਰਾਨ ਤਸੀਹੇ ਦੇਣ ਦਾ ਗੰਭੀਰ ਦੋਸ਼ ਲਗਾਇਆ ਹੈ। ਨੌਦੀਪ ਕੌਰ ਦਾ ਕਹਿਣਾ ਹੈ ਕਿ ਉਸ ਦੀ ਗ੍ਰਿਫਤਾਰੀ ਦੇ ਸਮੇਂ ਤੋਂ ਲੈ ਕੇ ਕੁੱਟਮਾਰ ਤੱਕ ਇਕ ਵਾਰ ਵੀ ਔਰਤ ਪੁਲਿਸ ਕਰਮਚਾਰੀ ਮੌਜੂਦ ਨਹੀਂ ਸੀ। ਇੰਨਾ ਹੀ ਨਹੀਂ ਪੁਲਿਸ ਨੇ ਉਸ ਨਾਲ ਦੁਰ-ਵਿਵਹਾਰ ਵੀ ਕੀਤਾ। ਉਸ ਨੂੰ ਵਾਲਾਂ ਤੋਂ ਖਿੱਚਿਆ ਤੇ ਪੁਰਸ਼ ਪੁਲਿਸ ਅਧਿਕਾਰੀਆਂ ਨੇ ਕਥਿਤ ਕੁੱਟਮਾਰ ਦੌਰਾਨ ਉਸ ਦੇ ਗੁਪਤ ਅੰਗਾਂ 'ਤੇ ਸੱਟਾਂ ਮਾਰੀਆਂ। ਜਬਰਦਸਤੀ ਉਸ ਤੋਂ ਕਾਗਜਾਂ 'ਤੇ ਦਸਤਖਤ ਕਰਵਾਏ ਗਏ। ਨੌਦੀਪ ਕੌਰ ਨੇ ਕਿਹਾ ਕਿ ਜਦ ਇਹ ਘਟਨਾ ਹੋਈ ਤਾਂ ਫੈਕਟਰੀ ਮਾਲਕਾਂ ਦੇ ਪ੍ਰਾਈਵੇਟ ਲੋਕਾਂ ਨੇ ਮਜਦੂਰਾਂ 'ਤੇ ਫਾਈਰਿੰਗ ਤੱਕ ਕੀਤੀ। ਪੁਲਿਸ ਨੇ ਮਜ਼ਦੂਰਾਂ ਦੇ ਪੱਖ ਨੂੰ ਨਹੀਂ ਸੁਣਿਆ। ਉਲਟਾ ਉਨਾਂ 'ਤੇ ਵਸੂਲੀ ਕਰਨ ਵਰਗੇ ਗੰਭੀਰ ਕੇਸ ਦਰਜ ਕੀਤੇ ਗਏ। ਉਸ ਨੇ ਦੱਸਿਆ ਕਿ ਉਹ ਜਦ ਕਸਟੱਡੀ 'ਚ ਸੀ ਤਾਂ ਪੁਲਿਸ ਵਾਲੇ ਉਸ 'ਤੇ ਬੈਠ ਕੇ ਉਸ ਨੂੰ ਕੁੱਟਦੇ ਰਹੇ ਤੇ ਜਾਤੀਸੂਚਕ ਗਾਲਾਂ ਵੀ ਦਿੱਤੀਆਂ ਗਈਆਂ। ਹਿਰਾਸਤ ਦੌਰਾਨ ਉਸ ਦਾ ਮੈਡੀਕਲ ਤੱਕ ਨਹੀਂ ਕਰਵਾਇਆ ਗਿਆ। ਬਾਅਦ 'ਚ ਜਦ ਅਦਾਲਤ ਦੇ ਹੁਕਮ 'ਤੇ ਮੈਡੀਕਲ ਹੋਇਆ ਤਾਂ ਸੱਚਾਈ ਸਾਹਮਣੇ ਆਈ। ਇਹੀ ਹਾਲ ਉਸ ਦੇ ਸਾਥੀ ਸ਼ਿਵ ਕੁਮਾਰ ਦਾ ਕੀਤਾ ਗਿਆ ਹੈ। ਨੌਦੀਪ ਕੌਰ ਨੇ ਕਿਹਾ ਕਿ ਜ਼ਿਆਦਤੀ ਕਰਨ 'ਚ ਪੁਲਿਸ ਨੇ ਕੋਈ ਕਸਰ ਨਹੀਂ ਛੱਡੀ ਪਰ ਉਹ ਉਹ ਡਟੀ ਰਹੀ। ਉਸ ਨੇ ਕਿਹਾ ਕਿ ਕਿਸਾਨ ਤੇ ਮਜ਼ਦੂਰ ਇਸ ਅੰਦੋਲਨ ਜ਼ਰੀਏ ਆਪਣਾ ਹੱਕ ਲੈ ਕੇ ਹੀ ਰਹਿਣਗੇ।

ਉਸ ਨੇ ਕਿਹਾ ਕਿ ਉਹ ਕਿਸਾਨਾਂ ਤੇ ਕਾਮਿਆਂ ਦੇ ਹੱਕਾਂ ਲਈ ਅਖੀਰ ਤੱਕ ਲੜਦੀ ਰਹੇਗੀ। ਇਹ ਅੰਦੋਲਨ ਸਿਰਫ ਕਿਸਾਨਾਂ ਦਾ ਨਹੀਂ ਬਲਕਿ ਛੋਟੇ ਕਿਸਾਨਾਂ, ਕਾਮਿਆਂ ਤੇ ਆਮ ਲੋਕਾਂ ਦਾ ਵੀ ਹੈ। ਇਸ ਅੰਦੋਲਨ 'ਚ ਸ਼ਾਮਲ ਹਰ ਵਿਅਕਤੀ ਸਰਕਾਰ ਦੀ ਰਾਜਨੀਤੀ ਤੋਂ ਅੱਕ ਚੁੱਕਾ ਹੈ, ਇਹ ਉਨਾਂ ਦਾ ਅੰਦੋਲਨ ਹੈ। ਭਾਵੇਂ ਸਰਕਾਰ ਕਿੰਨੇ ਵੀ ਕਾਨੂੰਨ ਲੈ ਆਵੇ, ਉਸ ਨੂੰ ਇਹ ਵਾਪਸ ਲੈਣੇ ਹੀ ਪੈਣਗੇ।

**ਜਬਰਨ ਵਸੂਲੀ ਦੇ ਦੋਸ ਨਕਾਰੇ**

ਨੌਦੀਪ ਕੌਰ ਨੇ ਆਪਣੇ ਉਪਰ ਲੱਗੇ ਜਬਰਨ ਵਸੂਲੀ ਤੇ ਹੋਰ ਦੋਸ਼ਾਂ ਨੂੰ ਮੁੱਢੋਂ ਨਕਾਰਦਿਆਂ ਕਿਹਾ ਕਿ ਇਹ ਮਜ਼ਦੂਰਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਹੈ। ਉਸ ਨੇ ਸਾਥੀ ਸ਼ਿਵ ਕੁਮਾਰ ਦੀ ਰਿਹਾਈ ਲਈ ਵੀ ਆਵਾਜ਼ ਉਠਾਉਣ ਦੀ ਮੰਗ ਕੀਤੀ। ਉਸ ਦੀ ਭੈਣ ਰਾਜਬੀਰ ਕੌਰ ਨੇ ਦੋਸ਼ ਲਾਇਆ ਕਿ ਮਜ਼ਦੂਰਾਂ ਖ਼ਿਲਾਫ਼ ਸਿਸਟਮ ਵੀ ਪੱਖਪਾਤੀ ਹੈ।

ਮਜ਼ਦੂਰ ਕਾਰਕੁਨ ਨੌਦੀਪ ਕੌਰ ਨੇ ਕਿਹਾ ਕਿ ਲੋਕਾਂ ਦੀ ਤਾਕਤ ਬਹੁਤ ਵੱਡੀ ਹੁੰਦੀ ਹੈ ਤੇ ਸਰਕਾਰਾਂ, ਮੰਤਰੀ ਜਾਂ ਪੈਸਾ ਜਨਤਾ ਦੇ ਰੋਹ ਅੱਗੇ ਨਹੀਂ ਟਿਕ ਸਕਦੇ।



ਨੌਦੀਪ ਕੌਰ ਨੇ ਕਿਹਾ ਕਿ ਉਹ ਜਨਤਾ ਵੱਲੋਂ ਆਵਾਜ਼ ਬੁਲੰਦ ਕਰਨ ਕਰਕੇ ਹੀ ਬਾਹਰ ਆ ਸਕੀ ਹੈ ਤੇ ਹੁਣ ਉਹ ਮਜ਼ਦੂਰਾਂ ਤੇ ਦੱਬੇ-ਕੁਚਲੇ ਲੋਕਾਂ ਲਈ ਆਖ਼ਰੀ ਦਮ ਤਕ ਕੰਮ ਕਰੇਗੀ। ਉਸ ਨੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਮੱਥਾ ਟੇਕਿਆ, ਜਿੱਥੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਸ ਦਾ ਸਨਮਾਨ ਕੀਤਾ ਗਿਆ। ਉਸ ਨੇ ਆਪਣੀ ਨਜ਼ਰਬੰਦੀ ਦੌਰਾਨ ਦੇਸ਼-ਵਿਦੇਸ਼ ਤੋਂ ਮਿਲੇ ਭਰਪੂਰ ਸਮਰਥਨ ਨੂੰ ਇਸ ਰਿਹਾਈ ਦਾ ਮੁੱਖ ਕਾਰਨ ਕਰਾਰ ਦਿੱਤਾ। ਉਸ ਨੇ ਕਿਹਾ ਕਿ ਮਜ਼ਦੂਰਾਂ, ਔਰਤਾਂ, ਕਿਸਾਨਾਂ ਤੇ ਦਲਿਤਾਂ 'ਤੇ ਅੱਤਿਆਚਾਰ ਹੁੰਦੇ ਹਨ। ਇਨਾਂ ਵਰਗਾਂ ਤੋਂ ਕੰਮ ਲਿਆ ਜਾਂਦਾ ਹੈ ਪਰ ਸਹੂਲਤਾਂ ਦੇਣ ਸਮੇਂ ਇਨਾਂ ਨੂੰ ਅਣਗੌਲਿਆ ਜਾਂਦਾ ਹੈ। ਉਸ ਨੇ ਦੱਸਿਆ ਕਿ ਉਹ ਆਪਣੀ ਮਾਂ ਨਾਲ ਬਚਪਨ ਤੋਂ ਹੀ ਸੰਘਰਸ਼ਾਂ ਦਾ ਹਿੱਸਾ ਬਣਦੀ ਆਈ ਹੈ ਤੇ ਹਾਸ਼ੀਆਗਤ ਲੋਕਾਂ ਦੀ ਹਾਲਤ ਉਸ ਨੇ ਮਹਿਸੂਸ ਕੀਤੀ ਹੈ।

# ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰ ਦੇਵੇਗਾ ਕਿਸਾਨੀ ਅੰਦੋਲਨ : ਭਾਨੂੰ ਪ੍ਰਤਾਪ ਸਿੰਘ

## ✪ ਕਿਸਾਨੀ ਅੰਦੋਲਨ ਵਿਚ ਜੇ ਸਿੱਖ ਭਾਈਚਾਰਾ ਨਾ ਹੁੰਦਾ ਤਾਂ ਇਹ ਮੋਰਚਾ ਨਹੀ ਚੱਲ ਸਕਦਾ ਸੀ ਏਨਾ ਲੰਬਾ ਸਮਾਂ

## ✪ ਜੇ ਚੋਣ ਪ੍ਰਣਾਲੀ ਦੇ ਫੰਡ ਵਿਚ ਕਾਰਪੋਰੇਟ ਉਪਰ ਪਬੰਦੀ ਨਾ ਲਗੀ ਤਾਂ ਨਿਆਂ, ਲੋਕ ਅਜ਼ਾਦੀ, ਲੋਕ ਹਸਤੀ, ਆਰਥਿਕ ਬਰਾਬਰੀ ਸੱਭ ਹੋ ਜਾਣਗੇ ਖ਼ਤਮ : ਪ੍ਰੋਫੈਸਰ

## ✪ ਦੇਸ਼ ਭਗਤ ਯਾਦਗਾਰ ਹਾਲ ਵਿੱਚ ਤਿੰਨ ਰੋਜ਼ਾ ਪੁਸਤਕ ਮੇਲਾ ਤੇ ਸਮਾਜਿਕ ਸੰਮੇਲਨ ਦੌਰਾਨ ਕਿਸਾਨੀ ਹੱਕਾਂ ਬਾਰੇ ਛਿੜੀ ਚਰਚਾ

**ਜਲੰਧਰ/ਏ.ਟੀ.ਨਿਊਜ਼:** ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿੱਚ ਤਿੰਨ ਦਿਨ ਚੱਲਣ ਵਾਲਾ ਪੁਸਤਕ ਮੇਲਾ ਤੇ ਸਮਾਜਿਕ ਸੰਮੇਲਨ ਬੀਤੇ ਦਿਨੀਂ ਸਮਾਪਤ ਹੋ ਗਿਆ। ਇਸ ਮੇਲੇ ਦਾ ਪ੍ਰਬੰਧ ਨਵਚੇਤਨਾ ਪਬਲੀਕੇਸ਼ਨ ਵੱਲੋਂ ਕੀਤਾ ਗਿਆ ਹੈ।

ਸੰਮੇਲਨ ਵਿੱਚ ਸੁਪਰੀਮ ਕੋਰਟ ਦੇ ਐਡਵੋਕੇਟ ਭਾਨੂੰ ਪ੍ਰਤਾਪ ਸਿੰਘ, ਸੀਪੀਆਈ ਦੇ ਨੈਸ਼ਨਲ ਕੌਂਸਲ ਦੇ ਮੈਂਬਰ ਹਰਦੇਵ ਅਰਸ਼ੀ, ਸਿੱਖ ਚਿੰਤਕ ਪ੍ਰੋਫੈਸਰ ਬਲਵਿੰਦਰਪਾਲ ਸਿੰਘ, ਹਿਮਾਚਲ ਪ੍ਰਦੇਸ਼ ਤੋਂ ਬਾਮਸੇਫ ਕੋਆਰਡੀਨੇਟਰ ਸੁਭਾਸ਼ ਚੰਦਰ ਮੁਸਾਫਰ ਸ਼ਾਮਲ ਹੋਏ।

ਇਸ ਮੌਕੇ ਐਡਵੋਕੇਟ ਭਾਨੂੰ ਪ੍ਰਤਾਪ ਨੇ ਖੇਤੀ ਕਾਨੂੰਨਾਂ 'ਤੇ ਚਰਚਾ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਇਸ ਅੰਦੋਲਨ ਨੂੰ ਸਮਝ ਹੀ ਨਹੀਂ ਸਕੀ ਕਿ ਇਹ ਕਿੰਨਾ ਵੱਡਾ ਅੰਦੋਲਨ ਬਣ ਚੁੱਕਾ ਹੈ, ਜਿਸ ਨਾਲ ਦੇਸ਼ ਦੇ ਲੋਕ ਪੂਰੀ ਤਰਾਂ ਨਾਲ ਦਿਲੋਂ ਜੁੜ ਚੁੱਕੇ ਹਨ। ਉਨਾਂ ਇਸ ਅੰਦੋਲਨ ਦੇ ਪੈ ਰਹੇ ਦੇਸ਼ ਵਿਆਪੀ ਅਸਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਭਾਜਪਾ ਦੀ ਸੱਤਾ ਨੂੰ ਉਖਾੜ ਦੇਵੇਗਾ। ਉਨਾਂ ਦਾਅਵਾ ਕੀਤਾ ਕਿ ਖੇਤੀ ਕਾਨੂੰਨ ਹਰ ਹਾਲਤ ਵਿੱਚ ਕੇਂਦਰ ਸਰਕਾਰ ਨੂੰ ਵਾਪਸ ਲੈਣੇ ਹੀ ਪੈਣਗੇ। ਭਾਨੂੰ ਪ੍ਰਤਾਪ ਸਿੰਘ ਨੇ ਕਿਹਾ ਕਿ ਸਿੱਖ ਕਿਸਾਨ ਮੋਰਚੇ ਦੀ ਰੂਹ ਤੇ ਤਾਕਤ ਹਨ ਜਿਨਾਂ ਕਾਰਨ ਇਹ ਮੋਰਚਾ ਪੂਰੇ ਭਾਰਤ ਤੇ ਵਿਸ਼ਵ ਪੱਧਰ ਉਪਰ ਫੈਲਿਆ। ਜੇ ਇਸ ਮੋਰਚੇ ਵਿਚ ਸਿਖ ਨਾ ਹੁੰਦੇ ਤਾਂ ਇਹ ਲੰਬਾ ਸਮਾਂ ਨਾ ਚਲ ਸਕਦਾ।

ਇਸ ਸੰਮੇਲਨ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਆਗੂ ਐਡਵੋਕੇਟ ਰਜਿੰਦਰ ਮੰਡ ਨੇ ਕਿਹਾ ਕਿ ਕਿਸਾਨ ਜਿਵੇਂ ਉੱਠ ਰਿਹਾ ਹੈ, ਭਾਰਤ ਵਿਚ ਉਵੇਂ ਪਹਿਲਾਂ ਕਦੇ ਨਹੀਂ ਹੋਇਆ। ਹੁਣ ਤੱਕ ਉਹ ਸਰਕਾਰਾਂ ਹੱਥੋਂ ਘਿਰਦਾ ਹੀ ਰਿਹਾ ਸੀ ਪਰ ਹੁਣ ਬਾਜ਼ੀ ਉਲਟੀ ਪੈ ਰਹੀ ਹੈ। ਇਹ ਅੰਦੋਲਨ ਭਵਿੱਖ ਦੀ ਸਿਆਸੀ ਜ਼ਮੀਨ ਤੇ ਸਭਿਆਚਾਰਕ ਕ੍ਰਾਂਤੀ ਦਾ ਅਗਾਜ਼ ਹੈ। ਇਹ ਸਹਿਜ



ਚੇਤਨਾ ਹੁਕਮਰਾਨ ਜਮਾਤਾਂ ਦੀ ਨੀਤੀ ਤੇ ਨੀਅਤ ਤੋਂ ਪਰਦਾ ਉਠਾ ਰਹੀ ਹੈ, ਜਿਸ ਲਈ ਕਰੋਨਾ ਕਾਲ ਦਾ 'ਸੰਕਟ ਹੀ ਬਿਹਤਰ ਅਵਸਰ' ਬਣ ਗਿਆ ਸੀ।

ਇਹ ਲੋਕ ਅੰਦੋਲਨ ਭਵਿੱਖ ਦੇ ਸਿਆਸੀ-ਸਮਾਜੀ ਸਰੋਕਾਰਾਂ ਨੂੰ ਤਬਦੀਲ ਕਰਨ ਦੇ ਸਮਰੱਥ ਪ੍ਰਤੀਤ ਹੋ ਰਿਹਾ ਹੈ। ਇਸ ਦੇ ਜੇਤੂ ਹੋਣ ਤੱਕ ਕੌਣ ਕਿਸ ਤਰਾਂ ਦੀ ਭੂਮਿਕਾ ਅਦਾ ਕਰੇਗਾ; ਇਹ ਸਵਾਲ ਹਾਲ ਦੀ ਘੜੀ ਸਵਾਲ ਹੀ ਹੈ ਅਤੇ ਇਹ ਬਾਰੀਕਬੀਨ ਜਵਾਬ ਭਾਲਣ ਦਾ ਵੇਲ਼ਾ ਵੀ ਨਹੀਂ ਹੈ। ਇਹ ਤਾਂ ਸੱਤਾ ਦੀ ਸਿਆਸਤ, ਇਸ ਦੇ ਅਸਲ ਮਾਲਕਾਂ ਦੇ ਆਰਥਿਕ ਟੀਚੇ ਅਤੇ ਇਨਾਂ ਦੋਵਾਂ ਦੇ ਗ਼ੁਲਾਮ ਗੋਦੀ ਮੀਡੀਆ ਦੇ ਕੱਚ-ਸੱਚ ਨੂੰ ਸਮਝਣ-ਸਿਆਣਨ ਦਾ ਵੇਲ਼ਾ ਹੈ।

ਇਸ ਮੌਕੇ ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਨੇ ਕਿਹਾ ਕਿ ਉਨਾਂ ਦਾ ਜੀਵਨ ਸੰਘਰਸ਼ ਵਿਚੋਂ ਗੁਜਰਿਆ ਹੈ। ਪੰਜਾਬ ਸੰਤਾਪ ਦੇ ਦਿਨਾਂ ਦੌਰਾਨ ਉਹਨਾਂ ਬਹੁਜਨ ਸਟੂਡੈਂਟਸ ਦੇ ਅੰਦੋਲਨ ਮੰਡਲ ਕਮਿਸ਼ਨ ਦੀ ਅਗਵਾਈ ਕੀਤੀ ਸੀ ਤੇ ਸ਼ਿਵ ਸੈਨਾ ਨਾਲ ਜੁੜੇ ਵਿਦਿਆਰਥੀਆਂ ਦੇ ਹੱਲੇ ਤੋਂ ਦਲਿਤ ਵਿਦਿਆਰਥੀਆਂ ਨੂੰ ਆਪਣੇ ਸਿੱਖ ਸਾਥੀਆਂ ਨਾਲ ਮਿਲਕੇ ਬਚਾਇਆ ਸੀ। ਇਸ ਕਰਕੇ ਬਹੁਜਨ ਸਮਾਜ ਪਾਰਟੀ ਦੇ ਬਾਨੀ ਕਾਸ਼ੀ ਰਾਮ ਨੇ ਸਨਮਾਨਿਆ ਸੀ। ਉਹਨਾਂ ਕਿਹਾ ਕਿ ਭਾਰਤੀ ਰਾਜਨੀਤੀ ਤੇ ਚੋਣ ਕਾਰਪੋਰੇਟਾਂ ਦੇ ਫੰਡ ਉਪਰ ਲੜੀ ਜਾ ਰਹੀ ਹੈ। ਨਿਜੀਕਰਨ ਇਸ ਲੋਕ ਵਿਰੋਧੀ ਰਾਜਨੀਤੀ ਦੀ ਆਤਮਾ ਹੈ। ਜੇ ਚੋਣ ਪ੍ਰਣਾਲੀ ਦੇ ਫੰਡ ਵਿਚ ਕਾਰਪੋਰੇਟ ਉਪਰ ਪਬੰਦੀ ਨਾ ਲਗੀ ਤਾਂ ਨਿਆਂ, ਲੋਕ ਅਜ਼ਾਦੀ, ਲੋਕ ਹਸਤੀ, ਆਰਥਿਕ ਬਰਾਬਰੀ ਸਭ ਖਤਮ ਹੋ ਜਾਣਗੇ। ਇਹ ਕਾਰਪੋਰੇਟ ਰਾਜਨੀਤੀ ਸੰਵਿਧਾਨ ਤੇ ਜਮਹੂਰੀਅਤ ਵਿਰੁਧ ਚੈਲਿੰਜ ਹੈ। ਖੇਤੀਬਾੜੀ ਸੰਕਟ ਇਸ ਵਿਚੋਂ ਨਿਕਲਿਆ ਹੈ। ਪਰ ਇਹ ਅੰਦੋਲਨ ਰਾਜਨੀਤੀ ਦੀ ਦਿਸ਼ਾ ਤੈਅ ਕਰੇਗਾ।

ਸੀਪੀਆਈ ਦੇ ਨੈਸ਼ਨਲ ਕੌਂਸਲ ਦੇ ਮੈਂਬਰ ਹਰਦੇਵ ਅਰਸ਼ੀ ਨੇ ਸੰਮੇਲਨ ਵਿਚ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਦਸਿਆ ਕਿ ਕਿਸਾਨ ਰੈਲੀਆਂ ਰਾਹੀਂ ਕਾਰਪੋਰੇਟਾਂ ਪੱਖੀ ਖੇਤੀ ਕਾਨੂੰਨਾਂ ਬਾਰੇ ਆਮ ਜਨਮਾਨਸ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ । ਖੇਤੀ ਕਾਨੂੰਨਾਂ ਵਿਰੁੱਧ ਸੁਰੂ ਹੋਇਆ ਕਿਸਾਨ ਅੰਦੋਲਨ ਹੁਣ ਹਕੂਮਤ ਵਿਰੋਧੀ ਅੰਦੋਲਨ ਦਾ ਰੁਖ ਅਖਤਿਆਰ ਕਰਦਾ ਜਾ ਰਿਹਾ ਹੈ । ਪੰਜਾਬ ਵਿੱਚ ਤਾਂ ਇਸ ਦਾ ਅਸਰ ਮਿਉਂਸਪਲ ਚੋਣਾਂ ਵਿੱਚ ਹੀ ਸਾਹਮਣੇ ਆ ਗਿਆ, ਜਦੋਂ ਭਾਜਪਾ ਨੂੰ ਉਮੀਦਵਾਰਾਂ ਦਾ ਹੀ ਟੋਟਾ ਪੈ ਗਿਆ ਸੀ, ਬਾਕੀ ਕਸਰ ਨਤੀਜੇ ਆਉਣ 'ਤੇ ਨਿਕਲ ਜਾਵੇਗੀ । ਉਹਨਾਂ ਕਿਹਾ ਕਿ ਇਸ ਅੰਦੋਲਨ ਨੂੰ ਸਿਰਫ ਦੋ ਸੂਬਿਆਂ ਪੰਜਾਬ, ਹਰਿਆਣਾ ਦਾ ਕਹਿਣ ਵਾਲੇ ਸੱਤਾਧਾਰੀਆਂ ਦਾ ਵੀ ਮੂੰਹ ਚਿੜਾ ਰਹੀਆਂ ਹਨ। ਪੰਜਾਬ, ਹਰਿਆਣਾ ਤੇ ਰਾਜਸਥਾਨ ਇਸ ਵੇਲੇ ਸਮੁੱਚੇ ਤੌਰ 'ਤੇ ਕਿਸਾਨ ਅੰਦੋਲਨ ਨਾਲ ਖੜੇ ਹੋ ਗਏ ਹਨ । ਪੱਛਮੀ ਯੂ.ਪੀ. ਤੋਂ ਸ਼ੁਰੂ ਹੋਇਆ ਅੰਦੋਲਨ ਕੇਂਦਰੀ ਯੂ.ਪੀ. ਤੱਕ ਪੁੱਜ ਚੁੱਕਾ ਹੈ ਤੇ ਸਮੇਂ ਦੇ ਨਾਲ ਇਸ ਨੇ ਪੂਰਬੀ ਯੂ ਪੀ ਨੂੰ ਵੀ ਆਪਣੇ ਕਲਾਵੇ ਵਿੱਚ ਲੈ ਲੈਣਾ ਹੈ । ਨਾਲ ਲਗਦੇ ਬਿਹਾਰ ਨੇ ਵੀ ਪੂਰਨੀਆਂ ਤੋਂ ਸ਼ੁਰੂਆਤ ਕਰ ਦਿੱਤੀ ਹੈ । ਉਨਾਂ ਕਿਹਾ ਕਿ ਕਿਸਾਨ ਅੰਦੋਲਨ ਦਾ ਘੇਰਾ ਜੇਕਰ ਦਿਨੋ-ਦਿਨ ਇਸੇ ਤਰਾਂ ਵਧਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ, ਜਦੋਂ ਇਹ ਸੱਤਾਧਾਰੀ ਆਗੂਆਂ ਦੇ ਘੁਮੰਡ ਨੂੰ ਚਕਨਾਚੂਰ ਕਰ ਦੇਵੇਗਾ।

# ਅੰਤਰਰਾਸ਼ਟਰੀ ਮੁਦਰਾ ਫੰਡ ਦੇ ਬੁਲਾਰੇ ਗੈਰੀ ਰਾਈਸ ਵੱਲੋਂ ਖੇਤੀ ਕਾਨੂੰਨ ਬਾਰੇ ਟਿੱਪਣੀ

## ਬੇਰੁਜ਼ਗਾਰੀ ਹੋਰ ਵਧੇਗੀ ਤੇ ਸਮਾਜਿਕ ਸੁਰੱਖਿਆ ਦੀ ਰੁਜ਼ਗਾਰ ਵਾਲੀ ਮਦ ਪ੍ਰਭਾਵਿਤ ਹੋਵੇਗੀ



**ਡਾਕਟਰ ਐਸ .ਐਸ .ਛੀਨਾ**

ਏਨੀ ਵੱਡੀ ਗਿਣਤੀ ਵਿਚ ਅਤੇ ਏਨਾ ਲੰਮਾ ਸਮਾਂ ਚੱਲਣ ਕਰਕੇ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਿਹਾ ਅੰਦੋਲਨ ਅੰਤਰਰਾਸ਼ਟਰੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਅੰਤਰਰਾਸ਼ਟਰੀ ਮੁਦਰਾ ਫੰਡ (ਆਈ.ਐਮ.ਐਫ.) ਦੇ ਬੁਲਾਰੇ ਗੈਰੀ ਰਾਈਸ ਵੱਲੋਂ ਕੀਤੀ ਗਈ ਇਸ ਟਿੱਪਣੀ ਕਿ 'ਖੇਤੀ ਕਾਨੂੰਨ ਹਨ ਤਾਂ ਬਹੁਤ ਚੰਗੇ ਪਰ ਇਸ ਦੇ ਨਾਲ ਸਮਾਜਿਕ ਸੁਰੱਖਿਆ ਦਾ ਖ਼ਿਆਲ ਜ਼ਰੂਰ ਰੱਖਿਆ ਜਾਣਾ ਚਾਹੀਦਾ ਹੈ' ਇਕ ਮਹੱਤਵਪੂਰਨ ਟਿੱਪਣੀ ਹੈ। ਸਮਾਜਿਕ ਸੁਰੱਖਿਆ ਦਾ ਜ਼ਿਕਰ ਕਰਨਾ ਇਹ ਸਾਬਤ ਕਰਦਾ ਹੈ ਕਿ ਇਨ੍ਹਾਂ ਕਾਨੂੰਨਾਂ ਦੇ ਸਮਾਜਿਕ ਸੁਰੱਖਿਆ 'ਤੇ ਪ੍ਰਭਾਵ ਪੈ ਸਕਦੇ ਹਨ। ਅੰਤਰਰਾਸ਼ਟਰੀ ਮੁਦਰਾ ਫੰਡ ਉਹ ਸੰਸਥਾ ਹੈ ਜੋ ਆਪਣੇ ਮੈਂਬਰ ਦੇਸ਼ਾਂ ਦੀਆਂ ਵਿਦੇਸ਼ੀ ਮੁਦਰਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਦਦ ਕਰਦੀ ਹੈ। ਅੰਤਰਰਾਸ਼ਟਰੀ ਵਪਾਰ ਕਰਨ ਲਈ ਉਨ੍ਹਾਂ ਦੇਸ਼ਾਂ ਨੂੰ ਕਿਸੇ ਹੋਰ ਦੇਸ਼ ਦੀ ਵਿਦੇਸ਼ੀ ਮੁਦਰਾ ਦੀ ਲੋੜ ਪੈਂਦੀ ਹੈ, ਜਿਨ੍ਹਾਂ ਦਾ ਵਪਾਰ ਦਾ ਸੰਤੁਲਨ ਉਨ੍ਹਾਂ ਦੇ ਉਲਟ ਹੋ ਜਾਂਦਾ ਹੈ, ਜਿਸ ਦਾ ਅਰਥ ਹੈ ਕਿ ਉਨ੍ਹਾਂ ਦੀ ਬਰਾਮਦ ਘੱਟ ਅਤੇ ਦਰਾਮਦ ਦਾ ਮੁੱਲ ਜ਼ਿਆਦਾ ਹੋਣ ਕਰਕੇ ਉਨ੍ਹਾਂ ਨੇ ਵਿਦੇਸ਼ਾਂ ਵੱਲ ਵੱਧ ਪੈਸੇ ਦੇਣੇ ਹੁੰਦੇ ਹਨ, ਜਿਹੜੇ ਕਿ ਵਿਦੇਸ਼ੀ ਮੁਦਰਾ ਦੀ ਸ਼ਕਲ ਵਿਚ ਦੇਣੇ ਹੁੰਦੇ ਹਨ, ਜਿਸ ਲਈ ਆਈ.ਐਮ.ਐਫ. ਮਦਦ ਕਰਦਾ ਹੈ। ਇਹ ਅੰਤਰਰਾਸ਼ਟਰੀ ਸੰਸਥਾ ਵਿਸ਼ਵ ਵਪਾਰ ਬੈਂਕ ਕੋਲੋਂ ਕਿਸੇ ਦੇਸ਼ ਦੇ ਵਿਕਾਸ ਲਈ ਕਰਜ਼ੇ ਦੀ ਵਿਵਸਥਾ ਵੀ ਕਰਵਾਉਂਦੀ ਹੈ ਅਤੇ ਉਸ ਦੇਸ਼ ਦੀ ਮੁਦਰਾ ਦਾ ਮੁੱਲ ਵਿਦੇਸ਼ੀ ਮੁਦਰਾ ਨਾਲ ਸਥਿਰ ਕਰਨ ਦੀ ਕੋਸ਼ਿਸ਼ ਵਿਚ ਵੀ ਮਦਦ ਕਰਦੀ ਹੈ। ਯਕੀਨਨ ਹੀ ਮੁਦਰਾ ਕੋਸ਼ ਦੇ ਬੁਲਾਰੇ ਨੂੰ ਸਮਾਜਿਕ ਸੁਰੱਖਿਆ ਤੇ ਉਸ ਦੇ ਮਾੜੇ ਪ੍ਰਭਾਵ ਪੈਣ ਦੇ ਸੰਦੇਹ ਹੋਏ ਹੋਣਗੇ, ਤਾਂ ਹੀ ਇਸ ਤਰ੍ਹਾਂ ਦੀ ਟਿੱਪਣੀ ਕੀਤੀ ਗਈ ਹੈ। ਸਮਾਜਿਕ ਸੁਰੱਖਿਆ ਦੇ ਪੱਧਰ ਵਿਚ ਭਾਰਤ ਬਹੁਤ ਮਗਰ ਹੈ। ਵਿਕਸਿਤ ਦੇਸ਼ਾਂ ਦੀ ਸਮਾਜਿਕ ਸੁਰੱਖਿਆ ਵੱਲ ਜੇ ਨਜ਼ਰ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਹਰ ਵਿਅਕਤੀ ਦਾ ਓਨਾ ਹੀ ਖ਼ਿਆਲ ਰੱਖਦੀਆਂ ਹਨ, ਜਿੰਨਾ ਕਿ ਪਰਿਵਾਰਕ ਮੈਂਬਰ ਦਾ ਰੱਖਿਆ ਜਾਂਦਾ ਹੈ। ਉਨ੍ਹਾਂ ਦੇਸ਼ਾਂ ਵਿਚ ਹਰ ਇਕ ਲਈ ਰੁਜ਼ਗਾਰ ਦੀ ਗਾਰੰਟੀ ਹੈ ਜੇ ਰੁਜ਼ਗਾਰ ਨਹੀਂ ਤਾਂ ਬੇਰੁਜ਼ਗਾਰੀ ਭੱਤੇ ਦੀ ਵਿਵਸਥਾ ਹੈ। ਹਰ ਇਕ ਲਈ ਹਰ ਪੱਧਰ ਤੱਕ ਵਿੱਦਿਆ ਮੁਫ਼ਤ ਹੈ, ਇਲਾਜ, ਬੁਢਾਪਾ ਪੈਨਸ਼ਨ, ਦੁਰਘਟਨਾ ਦੀ ਹਾਲਤ ਵਿਚ ਮੁਆਵਜ਼ਾ ਜਾਂ ਇਹ ਕਹਿ ਲਓ ਕਿ ਹਰ ਵਿਅਕਤੀ ਨੂੰ ਆਰਥਿਕ ਤੌਰ 'ਤੇ ਸੁਰੱਖਿਅਤ ਰੱਖਣ ਲਈ ਸਰਕਾਰ ਵੱਲੋਂ ਯਕੀਨੀ ਬਣਾਇਆ ਜਾਂਦਾ ਹੈ, ਜਦੋਂਕਿ ਭਾਰਤ ਵਿਚ ਇਸ ਪੱਧਰ 'ਤੇ ਅਜੇ ਬਹੁਤ ਕੁਝ ਕਰਨ ਵਾਲਾ ਹੈ। ਜੇ ਇਸ ਸਮਾਜਿਕ ਸੁਰੱਖਿਆ ਦਾ ਅਧਿਐਨ ਕੀਤਾ ਜਾਵੇ ਤਾਂ ਭਾਰਤ ਵਿਚ 67 ਫ਼ੀਸਦੀ ਲੋਕਾਂ ਨੂੰ ਦਿੱਤੀ ਜਾਣ ਵਾਲੀ ਖ਼ੁਰਾਕ ਸੁਰੱਖਿਆ ਹੀ ਇਕ ਉਹ ਜ਼ਰੂਰੀ ਤੱਤ ਹੈ, ਜਿਹੜਾ ਸਿਰਫ਼ ਇਕੱਲੇ ਭਾਰਤ ਵਿਚ ਹੀ ਹੈ ਅਤੇ ਸ਼ਾਇਦ ਮਿਸਟਰ ਗੈਰੀ ਰਾਈਸ ਨੂੰ ਇਸ ਨਿਗੂਣੀ ਜਿਹੀ ਸਮਾਜਿਕ ਸੁਰੱਖਿਆ ਦੇ ਪ੍ਰਭਾਵਿਤ ਹੋਣ ਦਾ ਸੰਦੇਹ ਵੀ ਉਸ ਦੇ ਮਨ ਵਿਚ ਆਇਆ ਹੋਵੇ।

ਇਨ੍ਹਾਂ ਤਿੰਨਾਂ ਕਿਸਾਨ ਕਾਨੂੰਨਾਂ ਦਾ ਨਿਚੋੜ ਇਸ ਗੱਲ ਵਿਚ ਹੈ, 'ਕੋਈ ਵੀ ਵਪਾਰੀ ਕਿਤੋਂ ਵੀ ਖ਼ਰੀਦ ਸਕਦਾ ਹੈ ਅਤੇ ਕੋਈ ਵੀ ਕਿਸਾਨ ਕਿਤੇ ਵੀ ਵੇਚ ਸਕਦਾ ਹੈ।' ਇਸ ਵਿਚ ਨਿੱਜੀ ਮੰਡੀ ਵਾਲੀ ਵਿਵਸਥਾ ਯਕੀਨਨ ਹੈ। ਭਾਰਤ ਨੇ 60ਵਿਆਂ ਦੇ ਅਖੀਰ ਵਿਚ ਸਰਕਾਰੀ ਖ਼ਰੀਦ ਦੀ ਨੀਤੀ ਅਪਣਾਈ ਸੀ, ਜਿਸ ਨਾਲ ਸਿਰਫ਼ ਕਣਕ ਅਤੇ ਝੋਨਾ ਦੋ ਹੀ ਫ਼ਸਲਾਂ ਨੂੰ ਸਰਕਾਰ ਵੱਲੋਂ ਪਹਿਲਾਂ ਤੋਂ ਐਲਾਨੀਆਂ ਘੱਟੋ-ਘੱਟ ਸਮਰਥਨ ਕੀਮਤਾਂ 'ਤੇ ਖ਼ਰੀਦਿਆ ਜਾਣਾ ਯਕੀਨੀ ਬਣਾਇਆ, ਉਹ ਵੀ ਕੁਝ ਹੀ ਪ੍ਰਾਂਤਾਂ ਵਿਚ ਪਰ ਇਸ ਨਾਲ ਜਿੱਥੇ ਉਨ੍ਹਾਂ ਪ੍ਰਾਂਤਾਂ ਦੇ ਕਿਸਾਨ ਕੁਝ ਸੁਰੱਖਿਅਤ ਹੋਏ ਉੱਥੇ ਹੀ ਇਸ ਸਰਕਾਰੀ ਖ਼ਰੀਦ ਦੇ ਆਧਾਰ 'ਤੇ ਕਣਕ ਅਤੇ ਝੋਨੇ ਦੀ ਸਰਕਾਰ ਵੱਲੋਂ ਰਿਆਇਤੀ ਕੀਮਤਾਂ ਤੇ ਵੰਡ ਨੂੰ ਯਕੀਨੀ ਬਣਾਇਆ ਗਿਆ। ਸੰਦੇਹ ਕੀਤਾ ਜਾਂਦਾ ਹੈ ਕਿ ਸਰਕਾਰੀ ਖ਼ਰੀਦ ਤੋਂ ਬਾਅਦ ਨਿੱਜੀ ਭੰਡਾਰਾਂ ਨਾਲ ਇਸ ਤਰ੍ਹਾਂ ਦੀ ਯਕੀਨੀ ਖ਼ੁਰਾਕ ਸੁਰੱਖਿਆ ਪ੍ਰਭਾਵਿਤ ਨਾ ਹੋ ਜਾਵੇ।

ਪਰ ਸਮਾਜਿਕ ਸੁਰੱਖਿਆ ਦਾ ਘੇਰਾ ਬਹੁਤ ਵੱਡਾ ਹੈ ਅਤੇ ਉਹ ਸਿਰਫ਼ ਖ਼ੁਰਾਕ ਸੁਰੱਖਿਆ ਤੱਕ ਹੀ ਸੀਮਤ ਨਹੀਂ। ਭਾਰਤ ਦੇ ਸੰਵਿਧਾਨ ਵਿਚ ਹਰ ਇਕ ਲਈ ਬਰਾਬਰ ਦੇ ਮੌਕਿਆਂ ਦੀ ਵਿਵਸਥਾ ਕੀਤੀ ਜਾਂਦੀ ਹੈ। ਹਰ ਕੋਈ ਕਿਸੇ ਵੀ ਪੇਸ਼ੇ ਨੂੰ ਅਖ਼ਤਿਆਰ ਕਰ ਸਕਦਾ ਹੈ। ਪਰ ਉਸ ਲਈ ਘੱਟੋ-ਘੱਟ ਯੋਗਤਾ ਤਾਂ ਬਣਾਉਣੀ ਪਵੇਗੀ। ਪਰ ਦੂਜੇ ਪਾਸੇ ਭਾਰਤ ਵਿਚ ਸਾਖਰਤਾ ਦਰ ਅਜੇ ਵੀ 74 ਫ਼ੀਸਦੀ ਹੈ, ਜਿਸ ਦਾ ਅਰਥ ਹੈ ਕਿ 100 ਵਿਚੋਂ 26 ਬੱਚੇ 8ਵੀਂ ਜਮਾਤ ਤੋਂ ਪਹਿਲਾਂ ਹੀ ਆਪਣੀ ਵਿੱਦਿਆ ਛੱਡ ਜਾਂਦੇ ਹਨ, ਕਿਉਂ ਜੋ 8ਵੀਂ ਪਾਸ ਨੂੰ ਪੜ੍ਹਿਆ-ਲਿਖਿਆ ਮੰਨ ਲਿਆ ਜਾਂਦਾ ਹੈ ਪਰ ਜਦੋਂ ਇੰਨੀ ਗਿਣਤੀ ਵਿਚ ਉਹ ਬੱਚੇ 8ਵੀਂ ਤੋਂ ਪਹਿਲਾਂ ਹੀ ਪੜ੍ਹਾਈ ਛੱਡ ਜਾਂਦੇ ਹਨ ਤਾਂ ਉਹ ਆਪਣੀ ਘੱਟੋ-ਘੱਟ ਯੋਗਤਾ ਕਿਸ ਤਰ੍ਹਾਂ ਬਣਾ ਸਕਦੇ ਹਨ ? ਸਮਾਜਿਕ ਸੁਰੱਖਿਆ ਦੀ ਇਹ ਮੱਦ ਤਦ ਹੀ ਬਣ ਸਕਦੀ ਹੈ ਜੇ ਉਸ ਪਰਿਵਾਰ ਦੀ ਇਹ ਸਥਿਤੀ ਹੋਵੇ ਕਿ ਆਰਥਿਕ ਮੁਸ਼ਕਿਲਾਂ ਉਸ ਦੀ ਪੜ੍ਹਾਈ ਵਿਚ ਰੁਕਾਵਟ ਨਹੀਂ।

1950 ਵਿਚ 75 ਫੀਸਦੀ ਵਸੋਂ ਖੇਤ ਵਿਚ ਲੱਗੀ ਹੋਈ ਸੀ ਅਤੇ ਉਨ੍ਹਾਂ ਦਾ ਦੇਸ਼ ਦੇ ਘਰੇਲੂ ਉਤਪਾਦਨ ਵਿਚ 60 ਫੀਸਦੀ ਹਿੱਸਾ ਸੀ ਜਦੋਂ ਕਿ 1990 ਵਿਚ ਵਸੋਂ ਘਟ ਕੇ 60 ਫੀਸਦੀ ਹੋ ਗਈ, ਜਦੋਂ ਕਿ ਘਰੇਲੂ ਉਤਪਾਦਨ ਵਿਚ ਖੇਤੀ ਦਾ ਹਿੱਸਾ ਘਟ ਕੇ 40 ਫੀਸਦੀ ਰਹਿ ਗਿਆ। ਅੱਜ ਕੱਲ ਵੀ ਖੇਤੀ ਵਿਚ ਵਸੋਂ ਤਾਂ 60 ਫੀਸਦੀ ਹੀ ਹੈ ਪਰ ਕੁੱਲ ਘਰੇਲੂ ਉਤਪਾਦਨ ਵਿਚ ਹਿੱਸਾ ਸਿਰਫ 14 ਫੀਸਦੀ ਰਹਿ ਗਿਆ ਹੈ, ਜਿਸ ਦਾ ਇਹ ਵੀ ਅਰਥ ਹੈ ਕਿ 60 ਫੀਸਦੀ ਵਸੋਂ ਦੇਸ਼ ਦੀ ਕੁੱਲ ਆਮਦਨ ਵਿਚ ਸਿਰਫ 14 ਫੀਸਦੀ ਤੱਕ ਹਿੱਸੇਦਾਰ ਹੈ, ਜਿਹੜਾ ਖੇਤੀ ਅਤੇ ਗੈਰ-ਖੇਤੀ ਉਤਪਾਦਨ ਵਿਚ ਵੱਡੇ ਫਰਕ ਦਾ ਵਿਖਾਵਾ ਕਰਦਾ ਹੈ। ਦੇਸ਼ ਦੀ 22 ਫੀਸਦੀ ਵਸੋਂ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ, ਜਿਸ ਵਿਚ ਦਰਮਿਆਨੇ ਕਿਸਾਨਾਂ ਦੀ ਵੀ ਵੱਡੀ ਗਿਣਤੀ ਹੈ ਭਾਵੇਂ ਕਿ ਗਰੀਬੀ ਦੀ ਰੇਖਾ ਦੀ ਪਰਿਭਾਸ਼ਾ ਇਹ ਹੈ ਕਿ ਜਿਹੜਾ ਪਿੰਡਾਂ ਵਿਚ ਹਰ ਰੋਜ਼ 27 ਰੁਪਏ, ਸ਼ਹਿਰਾਂ ਵਿਚ ਹਰ ਰੋਜ਼ 32 ਰੁਪਏ ਕਮਾਉਂਦਾ ਹੈ, ਉਹ ਗਰੀਬੀ ਦੀ ਰੇਖਾ ਤੋਂ ਬਾਹਰ ਮੰਨਿਆ ਜਾਂਦਾ ਹੈ ਪਰ ਫਿਰ ਵੀ 30 ਕਰੋੜ ਦੇ ਕਰੀਬ ਵਸੋਂ ਇੰਨੀ ਵੀ ਆਮਦਨ ਨਹੀਂ ਕਮਾਉਂਦੀ ਫਿਰ ਉਨ੍ਹਾਂ ਲਈ ਬਗੈਰ ਕਿਸੇ ਸਮਾਜਿਕ ਸੁਰੱਖਿਆ ਦੇ ਜੀਵਨ ਕਠਿਨਾਈਆਂ ਭਰਪੂਰ ਬਣਿਆ ਰਹਿੰਦਾ ਹੈ, ਜਦੋਂਕਿ ਸਮਾਜਿਕ ਸੁਰੱਖਿਆ ਦੀਆਂ ਮੱਦਾਂ ਵਿਚ ਸਿਰਫ ਦੋ ਵਕਤ ਦਾ ਖਾਣਾ ਹੀ ਨਹੀਂ ਬਹੁਤ ਕੁਝ ਹੋਰ ਵੀ ਹੈ।

ਦੇਸ਼ ਦੇ 3 ਕਰੋੜ ਬੱਚੇ ਕਿਰਤ ਕਰਨ ਲਈ ਮਜਬੂਰ ਹਨ ਕਿਉਂ ਜੋ ਉਨ੍ਹਾਂ ਦੇ ਮਾਂ-ਬਾਪ ਦੀ ਆਮਦਨ, ਉਨ੍ਹਾਂ ਦੀ ਬੇਰੁਜ਼ਗਾਰੀ ਦੀ ਵਜਾ ਕਰਕੇ ਘਰ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੀ। ਦੇਸ਼ ਵਿਚ ਭਾਵੇਂ ਬੇਰੁਜ਼ਗਾਰੀ ਦੀ ਦਰ ਤਾਂ 6 ਫ਼ੀਸਦੀ ਹੈ ਪਰ ਇਸ ਤੋਂ ਕਿਤੇ ਜ਼ਿਆਦਾ ਅਰਧ-ਬੇਰੁਜ਼ਗਾਰੀ ਅਤੇ ਲੁਕੀ-ਛਿਪੀ ਬੇਰੁਜ਼ਗਾਰੀ ਹੈ ਅਤੇ ਇਹ ਬੇਰੁਜ਼ਗਾਰੀ ਖੇਤੀ ਖੇਤਰ ਵਿਚ ਹੀ ਜ਼ਿਆਦਾ ਹੈ। ਕੀ ਵਜਾ ਹੈ ਕਿ ਖੇਤੀ ਵਿਚ ਵਿਕਾਸ ਹੋਣ ਦੇ ਬਾਵਜੂਦ ਵੀ ਖੇਤੀ ਵਿਚ ਹੀ ਰੁਜ਼ਗਾਰ ਵਧਦਾ ਜਾਂਦਾ ਹੈ। ਭਾਵੇਂ ਉਹ ਰੁਜ਼ਗਾਰ ਨਹੀਂ ਅਰਧ-ਰੁਜ਼ਗਾਰ ਹੈ। ਇਸ ਦੀ ਵਜਾ ਇਹ ਹੈ ਕਿ ਹੋਰ ਖੇਤਰਾਂ ਦਾ ਵਿਕਾਸ ਇਸ ਯੋਗ ਨਹੀਂ ਬਣਿਆ ਕਿ ਉਹ ਵਧਦੀ ਵਸੋਂ ਨੂੰ ਰੁਜ਼ਗਾਰ ਦੇਵੇ।

ਕੀ ਨਵੇਂ ਕਾਨੂੰਨਾਂ ਨਾਲ ਅਤੇ ਮੰਡੀਕਰਨ ਦੇ ਨਿੱਜੀਕਰਨ ਅਤੇ ਇੱਕਤਰਫ਼ਾ ਬਣਨ ਨਾਲ ਬੇਰੁਜ਼ਗਾਰੀ ਹੋਰ ਵਧ ਨਹੀਂ ਜਾਵੇਗੀ ਅਤੇ ਸਮਾਜਿਕ ਸੁਰੱਖਿਆ ਦੀ ਰੁਜ਼ਗਾਰ ਵਾਲੀ ਮਦ ਹੋਰ ਬੁਰੀ ਤਰ੍ਹਾਂ ਪ੍ਰਭਾਵਿਤ ਨਹੀਂ ਹੋਵੇਗੀ ?

ਅੰਤਰਰਾਸ਼ਟਰੀ ਮੁਦਰਾ ਫੰਡ ਦੀ ਸਮਾਜਿਕ ਸੁਰੱਖਿਆ ਬਾਰੇ ਕੀਤੀ ਟਿੱਪਣੀ ਨੂੰ ਘੋਖਿਆ ਜਾਣਾ ਚਾਹੀਦਾ ਹੈ ਅਤੇ ਵਿਚਾਰ ਕਰਨੀ ਚਾਹੀਦੀ ਹੈ ਕਿ ਆਮ ਕਿਸਾਨ ਜਾਂ ਆਮ ਭਾਰਤੀ ਦੀ ਸਮਾਜਿਕ ਸੁਰੱਖਿਆ ਜਿਸ ਵਿਚ ਵਿੱਦਿਆ, ਡਾਕਟਰੀ ਸਹਾਇਤਾ, ਰੁਜ਼ਗਾਰ, ਬੁਢੇਪਾ ਪੈਨਸ਼ਨ ਆਦਿ ਦੀਆਂ ਮੱਦਾਂ ਅਤੇ ਇਨ੍ਹਾਂ ਕਾਨੂੰਨਾਂ ਦੇ ਪ੍ਰਭਾਵ ਅਨੁਕੂਲ ਹਨ ਜਾਂ ਉਲਟ ਹਨ।

# ਕਿਸਾਨ ਅੰਦੋਲਨ ਦੌਰਾਨ ਗ੍ਰਿਫਤਾਰ ਕੀਤੇ 15 ਹੋਰ ਲੋਕਾਂ ਨੂੰ ਮਿਲੀ ਜ਼ਮਾਨਤ,

## ਹੁਣ ਤੱਕ 105 ਲੋਕਾਂ ਨੂੰ ਮਿਲੀ ਜ਼ਮਾਨਤ ਜਿਨਾਂ ਵਿੱਚੋਂ 84 ਜੇਲ ਵਿਚੋਂ ਰਿਹਾਅ ਹੋਏ




**ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ):** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਕਿਸਾਨ ਅੰਦੋਲਨ ਦੌਰਾਨ ਗ੍ਰਿਫਤਾਰ ਕੀਤੇ ਗਏ 15 ਹੋਰ ਲੋਕਾਂ ਨੂੰ ਕਮੇਟੀ ਵਲੋਂ ਕੀਤੇ ਉਪਰਾਲੇ ਸਦਕਾ ਜ਼ਮਾਨਤ ਮਿਲ ਗਈ।

ਮੀਡੀਆ ਨੂੰ ਜਾਰੀ ਕੀਤੇ ਬਿਆਨ ਵਿਚ ਸ੍ਰੀ ਸਿਰਸਾ ਨੇ ਦੱਸਿਆ ਕਿ ਨਾਂਗਲੋਈ ਪੁਲਿਸ ਥਾਣੇ ਵਿਚ ਦਰਜ ਐਫ ਆਈ ਆਰ ਤਹਿਤ ਗ੍ਰਿਫਤਾਰ ਕੀਤੇ ਗਏ ਰਣਜੀਤ ਸਿੰਘ, ਜਗਦੀਸ਼ ਸਿੰਘ, ਭਾਗ ਸਿੰਘ, ਨਵਨੀਤ ਸਿੰਘ, ਬਲਦੀਪ ਸਿੰਘ, ਹਰਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਜਗਦੀਪ ਸਿੰਘ, ਜਸਵੰਤ ਸਿੰਘ, ਰਮਨਦੀਪ ਸਿੰਘ ਤੇ ਸ਼ਮਸ਼ੇਰ ਸਿੰਘ ਨੂੰ ਜ਼ਮਾਨਤ ਮਿਲ ਗਈ ਹੈ, ਜਦਕਿ ਨਜਫਗੜ੍ਹ ਪੁਲਿਸ ਥਾਣੇ ਵਿਚ ਦਰਜ ਕੇਸ ਵਿਚ ਦਯਾ ਕਿਸ਼ਨ ਅਨਿਲ ਕੁਮਾਰ ਪੁੱਤਰ ਧਰਮਪਾਲ ਤੇ ਜਗਬੀਰ ਸਿੰਘ ਦੀ ਜ਼ਮਾਨਤ ਮਨਜ਼ੂਰ ਹੋ ਗਈ ਤੇ ਹੁਣ ਇਹ ਲੋਕ ਤਿਹਾੜ ਜੇਲ ਵਿਚੋਂ ਬਾਹਰ ਆ ਸਕਣਗੇ।

ਸ੍ਰੀ ਸਿਰਸਾ ਨੇ ਇਨਾਂ ਦੀ ਜ਼ਮਾਨਤ ਕਰਵਾਉਣ ਲਈ ਚਾਰਾਜ਼ੋਈ ਕਰਨ ਲਈ ਐਡਵੋਕੇਟ ਸੰਜੀਵ ਨਿਸ਼ਿਆਰ, ਜਸਪ੍ਰੀਤ ਸਿੰਘ ਰਾਏ, ਕੁਨਾਲ ਮਦਾਨ, ਕਪਿਲ ਮਦਾਨ, ਗੁਰਮੁੱਖ ਸਿੰਘ ਅਰੋੜਾ, ਦਿਨੇਸ਼ ਮੋਦਗਿੱਲ, ਨਵਦੀਪ ਸਿੰਘ, ਨੇਹਾ, ਚਿਤਵਨ ਗੋਦਾਰਾ, ਰਾਜਿੰਦਰ ਸ਼ਹਿਰਾਵਤ, ਏ ਐਸ ਭੁੱਲਰ ਤੇ ਐਡਵੋਕੇਟ ਵਿਕਰਮ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਜਿਨਾਂ ਨੇ ਇਨਾਂ ਲੋਕਾਂ ਦੀ ਜ਼ਮਾਨਤ ਕਰਵਾਉਣ ਲਈ ਬਹੁਤ ਮਿਹਨਤ ਕੀਤੀ

ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਦੱਸਿਆ ਕਿ ਇਹ 15 ਜ਼ਮਾਨਤਾਂ ਮਿਲਾ ਕੇ ਹੁਣ ਤੱਕ ਕੁੱਲ 105 ਲੋਕਾਂ ਦੀਆਂ ਜ਼ਮਾਨਤਾਂ ਹੋ ਚੁੱਕੀਆਂ ਹਨ, 84 ਲੋਕ ਜੇਲ ਵਿਚੋਂ ਬਾਹਰ ਆ ਚੁੱਕੇ ਹਨ। ਉਨਾਂ ਦੱਸਿਆ ਕਿ ਪਹਿਲਾਂ 121 ਲੋਕ ਗ੍ਰਿਫਤਾਰ ਕੀਤੇ ਗਏ ਤੇ ਫਿਰ 11 ਲੋਕ ਹੋਰ ਗ੍ਰਿਫਤਾਰ ਕੀਤੇ ਗਏ। ਇਨਾਂ ਵਿਚੋਂ ਵੀ 5 ਦੀ ਜ਼ਮਾਨਤ ਹੋ ਗਈ। ਉਨਾਂ ਦੱਸਿਆ ਕਿ ਜਿਨਾਂ ਨੂੰ ਨੋਟਿਸ ਭੇਜੇ ਸੀ, ਉਨਾਂ ਵਿਚੋਂ 6 ਦੀ ਪੇਸ਼ਗੀ ਜ਼ਮਾਨਤ ਕਰਵਾ ਲਈ ਤੇ 5 ਲੋਕਾਂ ਨੂੰ ਕ੍ਰਾਈਮ ਬ੍ਰਾਂਚ ਅੱਗੇ ਪੇਸ਼ ਕਰ ਕੇ ਬੇਕਸੂਰ ਸਾਬਤ ਕਰ ਕੇ ਘਰਾਂ ਨੂੰ ਭੇਜਿਆ ਗਿਆ।

# ਕਿਸਾਨੀ ਸੰਘਰਸ 'ਚ ਮਜ਼ਹਬ ਪਹਿਚਾਣ ਜਾਤੀ ਆਪਣਾ ਵੱਧ ਤੋਂ ਵੱਧ ਸਹਿਯੋਗ ਦੇਣ ਅਤੇ ਮੇਰੀ ਇਸ ਬੇਨਤੀ ਨੂੰ ਤਵੱਜੋ ਦੇਣਾ ਜਥੇਦਾਰ ਗੁਰਵਿੰਦਰ ਬਾਜਵਾ




**ਭੁਲੱਥ/ ਅਜੈ ਗੋਗਨਾ:** ਨੌਜਵਾਨ ਆਜਾਦ ਕਿਸਾਨ ਭੁਲੱਥ ਦੇ ਆਗੂ ਜਥੇਦਾਰ ਗੁਰਵਿੰਦਰ ਸਿੰਘ ਬਾਜਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸਾਨੀ ਸੰਘਰਸ ਵਿਚ ਪਿਛਲੇ 6 ਮਹੀਨਿਆ ਵਿੱਚ ਇਹ ਨਾਹਰਾ ਕਾਫੀ ਪ੍ਰਚਲਿਤ ਹੈ ਕਿ ਇਕ ਝੰਡੇ ਹੇਠ ਇਕ ਇਨਕਲਾਬ ਦੀ ਜੰਗ ਲੜੀ ਜਾ ਰਹੀ ਤੇ ਇਸ ਜੰਗ ਵਿੱਚ ਹਰ ਮਜਹਬ, ਪਹਿਚਾਣ, ਵਰਗ ਅਤੇ ਜਾਤੀ ਆਪਣਾ ਯੋਗਦਾਨ ਦੇ ਰਹੀ ਹੈ। ਅੰਦੋਲਨ ਦੇ ਬੁੱਧੀਜੀਵੀਆ, ਇਖਲਾਕੀ ਫਰਜ ਨਿਭਾਉਣ ਵਾਲਿਆ ਵੱਲੋ ਇਕ ਗੱਲ ਆਖੀ ਜਾਦੀ ਕਿ ਇਹ ਲੜਾਈ-ਅੰਦੋਲਨ ਕੇਵਲ ਕਿਸਾਨਾ ਮਜਦੂਰਾ ਦਾ ਨਹੀ ਬਲਕਿ ਇਹ ਹਰੇਕ ਅਧਾਰੇ, ਵਪਾਰਕ, ਕਿੱਤੇ, ਪੇਸੇ, ਭਾਰਤੀ ਨਾਗਰਿਕ ਦਾ ਅੰਦੋਲਨ ਹੈ, ਭਾਵ ਇਸ ਅੰਦੋਲਨ ਨੂੰ ਅਸੀਂ ਇਨਸਾਨੀ ਅੰਦੋਲਨ ਵੀ ਆਖ ਸਕਦੇ ਹਾਂ। ਅੱਜ ਅੰਦੋਲਨ ਬਾਬਤ ਕੋਈ ਗੱਲ ਹੋਵੇ ਤਾ ਬਰੂਏ ਲਾਲ ਕਿਲਾ ਸਾਹਮਣੇ ਰੱਖ ਦਿੱਤਾ ਜਾਦਾ ਕਿ, ਉਥੇ ਗਲਤ ਹੋਇਆ। ਲਾਲ ਕਿਲਾ ਵਿੱਚ ਕਿਸਾਨਾ ਨੇ ਕੀ ਕੀਤਾ ਦੱਸੋ, ਮੁਕੱਦਮੇ ਸਰਕਾਰ ਨੇ ਦਰਜ ਕੀਤੇ, ਗ੍ਰਿਫਤਾਰੀਆ ਸਰਕਾਰ ਨੇ ਕਰਾਈਆ, ਦਰਵਾਜੇ-ਰਸਤੇ ਸਰਕਾਰਾ ਨੇ ਖੋਲੇ, ਕੁੱਟ-ਮਾਰ ਸਰਕਾਰ ਨੇ ਕਰਾਈ, ਬਜੁਰਗਾ ਤੇ ਤਸੱਦਦ, ਬਾਅਦ ਵਿੱਚ ਪੱਥਰਬਾਜੀ ਕੀਤੀ, ਹੋਰ ਵੀ ਕੋਸ਼ੀਆ ਹਰਕਤਾ ਕੀਤੀਆ ਤੇ ਹੁਣ ਦੱਸੋ ਹਿੰਸਾ ਸਰਕਾਰ ਨੇ ਫੈਲਾਈ ਕਿ ਲੋਕਾ ਨੇ, ਇਸ ਹਿੰਸਾ ਮਾਹੌਲ ਤਣਾਅਪੂਰਣ ਦਾ ਕਾਰਨ ਸਰਕਾਰ ਹੈ। ਪਰ ਕੁੱਝ ਅੱਖੀ ਅੰਨੇ, ਕੰਨੀ ਬੋਲੇ ਲੋਕ ਇਹ ਹੀ ਸਮਝਦੇ, ਬਸ ਆਪਣੀ ਕੱਟੜਤਾ ਤੇ ਕਾਇਮ ਰਹਿਣਾ ਚਾਹੁੰਦੇ ਹਨ। ਉਹਨਾ ਨੂੰ ਇਕ ਮਸਵਰਾ ਕਿ ਕੌਮ ਭਾਈਚਾਰਾ, ਗੁਆਢ, ਹਕੀਕੀ, ਨਜਦੀਕੀ ਆਉਦਾ ਹੈ, ਅੱਜ ਨਾਲ ਖੜੋਗੇ ਤਾ ਕਲ ਕੋਈ ਤੁਹਾਡੀ ਤਕਲੀਫ ਵਿੱਚ ਤਹਿਰੀਰ ਬਣੇਗਾ। ਬਾਕੀ ਇਹ ਕੇਵਲ ਆਮਦਨ ਦੀ ਲੜਾਈ ਨਹੀ ਇਹ ਮਿੱਟੀ, ਰੋਟੀ ਤੇ ਨਾਲ ਫਸਲ ਤੇ ਆਉਣ ਵਾਲੀ ਨਸਲ ਦੀ ਸੰਵੇਦਨਸੀਲਤਾ ਦੀ ਲੜਾਈ ਹੈ ਤੇ ਅਕਲ ਨਾਲ ਚਲਦੀ ਰੱਖੀ ਜਾ ਸਕਦੀ। ਬਾਕੀ ਅਸੀ ਵੀ ਇਰਦਾ ਦ੍ਰਿੜ ਰੱਖੀਏ, ਅਫਵਾਹਾ ਤੋ ਬਚੀਏ, ਸਾਡੇ ਕਿਰਦਾਰ, ਪਹਿਚਾਣ, ਇਮਾਨ ਹਰ ਵੇਲੇ ਜਿੰਦਾਬਾਦ ਦਾ ਪਹਿਰਾ ਦੇਵੇ। ਇਸ ਲਹਿਰ ਵਿੱਚ ਸਾਮੂਲੀਅਤ ਕਰੀਏ ਤੇ ਇਕ ਦੂਜੇ ਦੀ ਬੁਰਾਈ, ਕਿੜ ਰੱਖਣੀ, ਰੰਜਿਸ ਕੱਢਣੀ ਫਿਲਹਾਲ ਬੰਦ ਕਰੀਏ ਤੇ ਬਦਲਾਖੋਰੀ ਵਿੱਚ ਸੈਟਰ ਸਰਕਾਰ ਨੂੰ ਦਾਖਲਾ ਦੇਈਏ ਆਖਰਕਾਰ ਇਹੋ ਬੇਨਤੀ ਕਿ ਸਰਬੱਤ ਦਾ ਭਲਾ ਮੰਗੋ ਤੇ ਕਿਸਾਨੀ ਅੰਦੋਲਨ ਦਾ ਆਪਣਾ ਪਰਿਵਾਰ ਸਮਝ ਕੇ ਸਾਥ ਦਿਊ, ਜਿੱਤ ਨਿਸਚਿਤ ਹੈ, ਮੈਨੂੰ ਉਮੀਦ ਹੈ ਇਸ ਜਿੱਤ ਦਾ ਮਨਸੂਬਾ ਹਰੇਕ ਨੂੰ ਮੁਨਾਫਾ ਦਾ ਭਾਗੀਦਾਰ ਬਣਾਏਗਾ।

ਅੰਮ੍ਰਿਤਸਰ ਟਾਈਮਜ਼ AMRITSAR TIMES

03 ਮਾਰਚ 2021 ਤੋਂ 09 ਮਾਰਚ 2021

## ਪਾਤਸ਼ਾਹੀ ਦਾਅਵਾ ਅਤੇ ਰਾਜ

ਥੋੜਾ ਧਿਆਨ ਅਤੇ ਇਮਾਨਦਾਰੀ ਨਾਲ ਸੋਚਣ ਉੱਤੇ ਸਹਿਜੇ ਸਮਝ ਆਉਂਦਾ ਹੈ ਕਿ ਗੁਰੂ ਖਾਲਸਾ ਪੰਥ ਦਾ ਪਾਤਸ਼ਾਹੀ ਦਾਅਵਾ ਅਤੇ ਕਿਸੇ ਖਿੱਤੇ/ਖਿੱਤਿਆਂ ਉੱਤੇ ਸਿਰਫ ਦੁਨਿਆਵੀ ਰਾਜ ਪ੍ਰਬੰਧ ਕਾਇਮ ਕਰ ਕੇ ਸੂਬੇਦਾਰੀ ਲੈਣ ਵਿੱਚ ਬੜਾ ਵੱਡਾ ਫਰਕ ਹੈ ਪਰ ਅਸੀਂ ਪਿਛਲੇ ਕੁਝ ਸਮੇਂ ਤੋਂ ਆਪਣੇ ਅੰਦਰ ਦੀ ਢਿੱਲ ਕਾਰਨ ਕੁਝ ਬਾਹਰੀ ਪ੍ਰਭਾਵਾਂ ਹੇਠ ਅਜਿਹਾ ਆਏ ਕਿ ਅਸੀਂ ਪਾਤਸ਼ਾਹੀ ਦਾਅਵੇ ਅਤੇ ਰਾਜ ਕਰਨ ਦੀ ਗੱਲ ਨੂੰ ਰਲ ਗੱਡ ਕਰ ਲਿਆ ਹੈ। ਸਾਡੀ ਸਾਰੀ ਪਹੁੰਚ ਮੌਜੂਦਾ ਪ੍ਰਚਲਤ ਤਰੀਕਿਆਂ ਵਿੱਚੋਂ ਲੰਘ ਰਹੀ ਹੈ ਅਤੇ ਉਸ ਤੋਂ ਵੀ ਅਗਾਂਹ ਦਿਨ ਪਰ ਦਿਨ ਆਪਣਾ ਘੇਰਾ ਸੁੰਘੜਦੀ ਜਾ ਰਹੀ ਹੈ। ਸਾਨੂੰ ਇਹਨਾਂ ਦੋਵੇਂ ਗੱਲਾਂ ਨੂੰ ਵੱਖ ਵੱਖ ਰੱਖ ਕੇ ਮੁੜ ਤੋਂ ਵੇਖਣ ਸਮਝਣ ਦੀ ਅਹਿਮ ਜਰੂਰਤ ਹੈ ਅਤੇ ਫਿਰ ਇਸੇ ਸਮਝ ਵਿੱਚੋਂ ਆਪਣੀ ਅਗਲੀ ਕਸਰਤ ਵਿਚਾਰਨੀ ਪੈਣੀ ਹੈ।

ਦੋ ਉਦਾਹਰਨਾਂ ਸੱਤਵੇਂ ਪਾਤਸ਼ਾਹ ਦੇ ਇਤਿਹਾਸ ਵਿੱਚੋਂ ਰਾਜ ਕਰਨ ਵਾਲਿਆਂ ਅਤੇ ਰਾਜ ਬਖਸ਼ਣ ਵਾਲਿਆਂ ਨੂੰ ਵੱਖ ਵੱਖ ਕਰ ਕੇ ਵੇਖਣ ਸਮਝਣ ਲਈ ਬਹੁਤ ਅਹਿਮ ਹਨ। ਪਹਿਲੀ, ਜਦੋਂ ਮਾਲਵੇ ਦਾ 'ਕਾਲਾ ਚੌਧਰੀ' ਗੁਰੂ ਸਾਹਿਬ ਕੋਲ ਆਪਣੇ ਦੋ ਭਤੀਜਿਆਂ ਨੂੰ ਲੈ ਕੇ ਆਇਆ ਅਤੇ ਦੋਵਾਂ ਨੇ ਗੁਰੂ ਸਾਹਿਬ ਨੂੰ ਨਮਸ਼ਕਾਰ ਕਰਕੇ ਆਪਣੇ ਢਿੱਡ 'ਤੇ ਹੱਥ ਫੇਰਿਆ, ਗੁਰੂ ਸਾਹਿਬ ਨੇ ਹੱਸ ਕੇ ਕਿਹਾ ਇਹ ਕੀ ਮੰਗਦੇ ਹਨ, ਉਹਨੇ ਕਿਹਾ ਸੱਚੇ ਪਾਤਸ਼ਾਹ ਇਹ ਲੰਗਰ ਮੰਗਦੇ ਹਨ। ਗੁਰੂ ਸਾਹਿਬ ਦਾ ਬਚਨ ਸੀ "ਫੁਲ ਬਹੁਤ ਫੁਲੇ ਫੁਲੇਗਾ।" ਅਨੰਤ ਥਾਈਂ ਇਹਦੀ ਸੰਤਾਨ ਦੇ ਲੰਗਰ ਚੱਲਣਗੇ, ਸਤਲੁਜ ਯਮੁਨਾ ਦੇ ਅੰਦਰ ਸਾਰੇ ਮੁਲਕ ਉੱਤੇ ਇਹਦੀ ਔਲਾਦ ਰਾਜ ਕਰੇਗੀ। ਤੂੰ ਇਹਨਾਂ ਲਈ ਰੋਟੀਆਂ ਮੰਗੀਆਂ ਅਸੀਂ ਰਾਜ ਬਖਸ਼ਿਆ। ਦੂਸਰੀ, ਜਦੋਂ 'ਸ਼ਾਹ ਜਹਾਂ' ਦਾ ਪੁੱਤਰ 'ਦਾਰਾ ਸ਼ਿਕੋਹ' ਜਿਸ ਪਿੱਛੇ ਔਰੰਗਜ਼ੇਬ ਦੀ ਫੌਜ ਲੱਗੀ ਸੀ, ਸੱਤਵੇਂ ਪਾਤਸ਼ਾਹ ਕੋਲ ਸਹਾਇਤਾ ਮੰਗਣ ਆਉਂਦਾ ਹੈ ਤਾਂ ਗੁਰੂ ਸਾਹਿਬ ਆਪਣੀ ਫੌਜ ਮੈਦਾਨ ਚ ਉਤਾਰ ਕੇ ਬਿਆਸ ਦੇ ਕੰਢੇ ਸਭ ਬੇੜੀਆਂ ਆਪਣੇ ਕਬਜ਼ੇ ਵਿੱਚ ਕਰ ਲੈਂਦੇ ਹਨ ਤਾਂ ਕਿ 'ਦਾਰਾ ਸ਼ਿਕੋਹ' ਸਹੀ ਸਲਾਮਤ ਲਾਹੌਰ ਪੁੱਜ ਸਕੇ। ਉਦੋਂ ਪਾਤਸ਼ਾਹ ਨੇ ਉਸਨੂੰ ਕਿਹਾ ਸੀ ਕਿ "ਜੇ ਬਾਦਸ਼ਾਹੀ ਚਾਹੀਦੀ ਹੈ ਤਾਂ ਦੱਸ ਸਭ ਸਿੱਖ ਇਕ ਢਾਲ ਹੋ ਕੇ ਲੜਨਗੇ। ਇਹ ਦੋ ਉਦਾਹਰਨਾਂ ਦਸਦੀਆਂ ਹਨ ਕਿ ਸਿੱਖਾਂ ਲਈ ਰਾਜ ਕਰਨਾ ਵੱਡੀ ਪ੍ਰਾਪਤੀ ਨਹੀਂ, ਸਿੱਖ ਨੇ ਤਾਂ ਅਗਾਂਹ ਰਾਜ ਦੇਣੇ ਹਨ ਭਾਵ ਪੂਰੇ ਸੰਸਾਰ ਅੰਦਰ ਜਿੱਥੇ ਰਾਜ ਵਿੱਚ ਗੜਬੜ ਹੈ, ਸਿੱਖ ਨੇ ਉਹ ਠੀਕ ਕਰਨਾ ਹੈ ਅਤੇ ਲੋੜ ਪੈਣ ਉੱਤੇ ਉਸ ਨੂੰ ਜੜ੍ਹੋਂ ਪੁੱਟ ਕੇ ਉੱਥੇ ਸਰਬੱਤ ਦੇ ਭਲੇ ਵਾਲਾ ਰਾਜ ਪ੍ਰਬੰਧ ਕਾਇਮ ਕਰਨਾ ਹੈ। ਜੇਕਰ ਖਾਸ ਹਲਾਤਾਂ ਵਿੱਚ ਰਾਜ ਸਾਂਭਣਾ ਪਵੇ ਤਾਂ ਕੋਈ ਗੁਨਾਹ ਵੀ ਨਹੀਂ ਹੈ ਪਰ ਇਹ ਸਿੱਖ ਦਾ ਆਖਰੀ ਨਿਸ਼ਾਨਾ ਨਹੀਂ ਹੋਣਾ ਚਾਹੀਦਾ। ਹਰਿੰਦਰ ਸਿੰਘ ਮਹਿਬੂਬ ਆਪਣੀ ਕਿਤਾਬ 'ਸਹਿਜੇ ਰਚਿਓ ਖਾਲਸਾ' ਵਿੱਚ ਲਿਖਦੇ ਹਨ ਕਿ "ਖਾਲਸਾ ਉਹਨਾਂ ਰਾਜਸੀ ਪਰਿਸਥਿਤੀਆਂ ਨੂੰ ਲਿਆਉਣ ਲਈ ਹਮੇਸ਼ਾ ਹੀ ਜੱਦੋਜਹਿਦ ਕਰੇਗਾ, ਜਿਹੜੀਆਂ ਉਸਦੇ ਧਰਮ ਦੇ ਆਤਮਕ ਸਰੂਪ ਨੂੰ ਸੁਤੰਤਰ, ਸੁਅੱਛ ਅਤੇ ਤਾਜ਼ਾ ਰੱਖ ਸਕਣ। ਜੇ ਬਾਦਸ਼ਾਹਤ ਉਸਦੀ ਹੋਂਦ ਦੇ ਅਨੁਕੂਲ ਹੈ, ਤਾਂ ਉਸਦੀ ਰੂਹਾਨੀਅਤ ਦੇ ਪਾਵਨ ਚਸ਼ਮੇ ਬਾਦਸ਼ਾਹਤ ਨੂੰ ਹਰਾ-ਭਰਾ ਕਰ ਦੇਣਗੇ, ਪਰ ਜੇ ਜਮਹੂਰੀਅਤ ਉਸਨੂੰ ਬਾਂਝ ਕਰਦੀ ਹੈ, ਤਾਂ ਉਸਦਾ ਗਜ਼ਬ ਜਮਹੂਰੀਅਤ ਨੂੰ ਤੋੜ ਦੇਵੇਗਾ। ਖਾਲਸੇ ਦੀ ਧਾਰਮਿਕ ਗਤੀ ਰਾਜਸੀ ਨਿਜ਼ਾਮਾਂ ਨੂੰ ਜਨਮ ਦੇਵੇਗੀ ਅਤੇ ਉਹਨਾਂ ਨੂੰ ਆਪਣੇ ਸੁਰਤਾਲ ਵਿੱਚ ਰੱਖੇਗੀ, ਪਰ ਕਿਸੇ ਵੀ ਰਾਜਸੀ ਨਿਜ਼ਾਮ ਨੂੰ ਖ਼ਾਲਸਾ ਆਪਣੀ ਧਾਰਮਿਕ ਗਤੀ ਉੱਤੇ ਹਾਵੀ ਨਹੀਂ ਹੋਣ ਦਵੇਗਾ।"

'ਅਗਾਂਹ ਵੱਲ ਨੂੰ ਤੁਰਦਿਆਂ' ਖਰੜੇ ਵਿੱਚ ਪਾਤਸ਼ਾਹੀ ਦਾਅਵੇ ਅਤੇ ਰਾਜ ਬਾਬਤ ਲਿਖਿਆ ਮਿਲਦਾ ਹੈ ਕਿ "ਖਾਲਸਾ ਪੰਥ ਦਾ ਪਾਤਿਸਾਹੀ ਦਾਅਵਾ ਅਕਾਲੀ ਪ੍ਰਭੂਸੱਤਾ ਹੈ ਜਦਕਿ ਰਾਜ, ਕਾਲ ਅਧੀਨ ਤਖਤ ਨਾਲ ਸਬੰਧਤ ਹੋਂਦ ਹੈ। ਗੁਰਬਾਣੀ ਅਨੁਸਾਰ ਕਾਲ ਸਦੀਵ ਨਹੀਂ ਹੈ ਇਸ ਲਈ ਗੁਰੂ ਖਾਲਸਾ ਪੰਥ ਸਦਾ ਹੀ ਆਪਣੇ ਵੱਲੋਂ ਬਣਾਏ ਰਾਜ ਪ੍ਰਬੰਧ ਤੋਂ ਉਪਰ ਰਹੇਗਾ। ਪਾਤਿਸਾਹੀ ਦੇ ਸਿਧਾਂਤ ਅਨੁਸਾਰ ਅਕਾਲਪੁਰਖ ਤੋਂ ਇਲਾਵਾ ਹੋਰ ਕਿਸੇ ਵੀ ਤਾਕਤ, ਵਿਚਾਰ ਜਾਂ ਰਾਜ ਪ੍ਰਬੰਧ ਦੀ ਅਧੀਨਗੀ ਜਾਂ ਗੁਲਾਮੀ ਖਾਲਸਾ ਪੰਥ ਕਿਸੇ ਵੀ ਰੂਪ ਵਿੱਚ ਨਹੀਂ ਕਬੂਲ ਕਰ ਸਕਦਾ। ਗੁਰੂ-ਲਿਵ ਤੋਂ ਵਿਰਵਾ ਹੋ ਜਾਣ ਦੀ ਸੂਰਤ ਵਿੱਚ ਖਾਲਸਾ ਪੰਥ ਆਪਣੀ ਗੁਰੂ ਅਤੇ ਖਾਲਸਾ ਹੋਣ ਦੀ ਪਦਵੀ ਖੋ ਬੈਠਦਾ ਹੈ ਅਤੇ ਨਾਲ ਹੀ ਪਾਤਿਸਾਹੀ ਦਾਅਵਾ ਅਲੋਪ ਹੋ ਜਾਂਦਾ ਹੈ। ਬੱਸ ਇੱਕ ਸਭਿਆਚਾਰਕ ਪਹਿਚਾਣ ਤੱਕ ਸੀਮਤ ਹੋ ਜਾਂਦਾ ਹੈ। ਪਿਛਲੇ ੧੫੦ ਸਾਲ ਤੋਂ ਸਿੱਖ-ਸੰਗਤ ਦਾ ਜਿਆਦਾ ਹਿੱਸਾ ਰੱਬੀ ਪਾਤਿਸਾਹੀ ਦੇ ਦਾਅਵੇ ਨੂੰ ਵਿਸਾਰ ਕੇ ਹੋਰ ਦੁਨਿਆਵੀ ਰਾਜਸੀ ਜਮਾਤਾਂ ਤੇ ਯੂਰਪੀਅਨ ਨੇਸ਼ਨ ਵਾਂਗੂ ਰਾਜ ਪ੍ਰਬੰਧ ਨੂੰ ਹਾਸਲ ਕਰਨ ਲਈ ਸੋਚਦਾ ਆ ਰਿਹਾ ਹੈ।"

ਅਕਸਰ ਸਮਾਂ ਅਤੇ ਹਲਾਤ ਬੰਦੇ ਉੱਤੇ ਆਪਣਾ ਅਸਰ ਛੱਡਦੇ ਹਨ ਜਿਸ ਕਰ ਕੇ ਹੀ ਅਜਿਹੀਆਂ ਸਮੱਸਿਆਵਾਂ ਆਉਂਦੀਆਂ ਹਨ, ਜੋ ਸਾਡਾ ਨਹੀਂ, ਉਹ ਸਾਡਾ ਲੱਗਣ ਲੱਗ ਪੈਂਦਾ ਹੈ ਅਤੇ ਜੋ ਸਾਡਾ ਹੈ ਉਹ ਸਮੇਂ ਅਤੇ ਹਾਲਾਤ ਅਨੁਸਾਰ ਸਵਾਲੀਆ ਚਿੰਨ੍ਹ ਹੇਠ ਆ ਜਾਂਦਾ ਹੈ ਜਾਂ ਓਪਰਾ ਲੱਗਣ ਲੱਗ ਜਾਂਦਾ ਹੈ। 'ਸਹਿਜੇ ਰਚਿਓ ਖਾਲਸਾ' ਦੀ ਭੂਮਿਕਾ ਵਿਚ ਲਿਖੀਆਂ ਹਰਿੰਦਰ ਸਿੰਘ ਮਹਿਬੂਬ ਦੀਆਂ ਇਹ ਸਤਰਾਂ ਵਿਚਾਰਨਯੋਗ ਹਨ "ਜਦੋਂ ਕੌਮਾਂ ਆਪਣੇ ਜਨਮਦਾਤਾ ਪੈਗੰਬਰ ਦੇ ਨੇੜੇ ਹੁੰਦੀਆਂ ਹਨ ਤਾਂ ਉਨ੍ਹਾਂ ਦੀ ਫਿਤਰਤ ਵਿੱਚ ਆਪਣੇ ਮਜ਼੍ਹਬ ਦੀਆਂ ਬਹੁਤ ਤਾਜ਼ਾ ਅਤੇ ਮੌਲਿਕ ਰਮਜ਼ਾਂ ਪਈਆਂ ਹੁੰਦੀਆਂ ਹਨ। ਉਨ੍ਹਾਂ ਦੇ ਸੁਪਨਿਆਂ, ਆਸਾਂ ਅਤੇ ਚੜ੍ਹਦੀ ਕਲਾ ਦੀ ਚੇਤਨਾ ਵਿੱਚ ਉਨ੍ਹਾਂ ਦੇ ਜਨਾਮਦਾਤਿਆਂ ਦੇ ਇਸ਼ਾਰੇ ਭਰਪੂਰ ਮਾਤਰਾ ਵਿੱਚ ਪਏ ਹੁੰਦੇ ਹਨ। ਉਸਦੀ ਕਹਿਣੀ ਅਤੇ ਕਰਨੀ ਵਿੱਚ ਗੁਰੂ-ਪੈਗੰਬਰ ਦੀ ਅਤਿ ਨੇੜੇ ਦੀ ਛੋਹ ਹੁੰਦੀ ਹੈ। ਉਦੋਂ ਇਸਦੀ ਸਮੂਹਿਕ ਚੇਤਨਾ ਕਿਸੇ ਪ੍ਰਕਾਰ ਦੇ ਵਿਰੋਧ-ਵਿਕਾਸ ਦੇ ਅਸੂਲ ਦੀ ਸਰਦਾਰੀ ਨਹੀਂ ਕਬੂਲਦੀ, ਉਦੋਂ ਇਸਦੀ ਗਤੀ ਆਮ ਇਤਿਹਾਸ ਨਾਲੋਂ ਤਾਕਤਵਰ ਅਤੇ ਤੀਬਰ ਹੁੰਦੀ ਹੈ, ਕਿਉਂਕਿ ਉਦੋਂ ਇਤਿਹਾਸ ਇਸ ਵਿਚੋਂ ਜਨਮ ਲੈਂਦੇ ਹਨ। ਸਮਾਂ ਬੀਤਣ ਨਾਲ ਬਹੁਤ ਸਾਰੇ ਕਾਰਨਾਂ ਅਧੀਨ ਮਜ਼੍ਹਬਾਂ ਦੀ ਇਹ ਪਹਿਲ-ਤਾਜ਼ਗੀ ਵਾਲੀ ਅਵਸਥਾ ਕਮਜ਼ੋਰ ਪੈਣ ਲਗਦੀ ਹੈ। ਜਦੋਂ ਇਸਦੀ ਤੀਬਰਤਾ ਘਟਦੀ ਹੈ ਤਾਂ ਕੌਮਾਂ ਦੇ ਮਨ ਕਮਜ਼ੋਰ ਪੈਣ ਲਗਦੇ ਹਨ ਅਤੇ ਸਿੱਟੇ ਵਜੋਂ ਇਨ੍ਹਾਂ ਦੀ ਕਹਿਣੀ ਅਤੇ ਕਰਣੀ ਬਾਹਰਲੇ ਹਾਲਾਤਾਂ ਦੇ ਅਧੀਨ ਹੋ ਜਾਂਦੀ ਹੈ।" ਗੁਰੂ ਪਾਤਸ਼ਾਹ ਮਿਹਰ ਕਰਨ ਅਸੀਂ ਆਪਣੇ ਪਾਤਸ਼ਾਹੀ ਦਾਅਵੇ ਨੂੰ ਕਿਸੇ ਖਿੱਤੇ/ਖਿੱਤਿਆਂ ਦੀ ਸੂਬੇਦਾਰੀ ਨਾਲੋਂ ਵੱਖਰਾ ਕਰਕੇ ਵੇਖਣ ਸਮਝਣ ਲਈ ਯਤਨ ਕਰੀਏ ਅਤੇ ਓਸੇ ਵਿੱਚੋਂ ਸੇਧ ਲੈ ਕੇ ਆਪਣੇ ਅਗਲੇ ਅਮਲ ਤੈਅ ਕਰੀਏ।

# ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥ (ਮ:5, ਪੰ:1375): ਕਿਰਸਾਣੀ ਸੰਘਰਸ਼ ਦਾ ਸਹੀ ਪਰਿਪੇਖ



ਗੁਰਤੇਜ ਸਿੰਘ

ਕਿਰਸਾਣੀ ਸੰਘਰਸ਼ ਦਾ ਸੰਦਰਭ ਜਾਣਨ ਲਈ ਸਿੱਖੀ ਦਾ ਅਸਲ ਸਰੂਪ ਅਤੇ ਬਿਰਦ ਜਾਣਨਾ ਲਾਜ਼ਮੀ ਹੈ ਕਿਉਂਕਿ ਸੰਸਾਰੀ ਵਿਹਾਰ ਦੀ ਨਿਗਾਹ ਤੋਂ ਸਿੱਖੀ ਦੇ ਦੋ ਮੁੱਢਲੇ ਸਰੂਪ ਹਨ। ਇੱਕ ਸਰੂਪ ਧਰਮ ਦਾ ਹੈ। ਏਸ ਸਰੂਪ ਦੀ ਨੀਂਹ ਮਾਨਵਤਾ ਵਿੱਚ ਆਦਿ ਕਾਲ ਤੋਂ ਚੱਲੀ ਆਉਂਦੀ ਰੀਤ ਅਨੁਸਾਰ ਦੋ ਮਹਾਂ-ਪੁਖਤਾ ਮਾਨਤਾਵਾਂ ਉੱਤੇ ਹੈ। ਸਾਰੀ ਸ੍ਰਿਸ਼ਟੀ ਦਾ ਇੱਕ ਅਕਾਲ ਪੁਰਖ ਅੰਦਰ ਸਮਾਏ ਹੋਣ ਦਾ ਯਕੀਨ ਪ੍ਰਥਮ ਹੈ। ਦੋਮ ਹੈ ਗੁਰੂ ਨਾਨਕ ਦਸਮੇਸ਼ ਨੂੰ ਅਕਾਲੀ ਹੋਂਦ ਦਾ ਸਾਖੀ ਅਤੇ ਅਕਾਲ ਰੂਪ ਗੁਰੂ ਪਰਮੇਸ਼ਰ ਦਾ ਜਲੌਅ ਅਤੇ ਗੁਰੂ ਪਰਮੇਸ਼ਰ ਸਰੂਪ ਪ੍ਰਵਾਣ ਕਰਨਾ। ਇਹ ਦੋਵੇਂ ਬੁਨਿਆਦੀ ਨੁਕਤੇ ਜਿਸ ਦੀ ਸਮਝ ਪ੍ਰਵਾਣ ਨਹੀਂ ਕਰਦੀ ਉਸ ਲਈ ਸਿੱਖੀ ਧਰਮ ਨਹੀਂ ਹੋ ਸਕਦੀ।

ਇਸੇ ਤਰਾਂ ਸਿੱਖੀ ਨੂੰ ਇੱਕ ਸਰਬ-ਕਲਿਆਣਕਾਰੀ, ਸਦੀਵੀ ਇੰਨਕਲਾਬ ਤਸੱਵਰ ਕਰਨ ਵਾਲਿਆਂ ਲਈ ਨਾਨਕ ਦਸਮੇਸ਼ ਨੂੰ ਵੱਡਾ ਦਾਰਸ਼ਨਕ ਸਮਝਣਾ ਅਤੇ ਓਸ ਦਰਸ਼ਨ ਨੂੰ ਅਧਿਆਤਮਕਤਾ ਵਿੱਚ ਰੰਗਿਆ ਹਕੀਕੀ ਫ਼ਲਸਫ਼ਾ ਅਰਥਾਤ ਮਾਨਵਤਾ ਦੀ ਨਿਰੰਤਰ ਤਰੱਕੀ ਦਾ ਗਾਡੀ ਰਾਹ (ਪੰਥ) ਪਛਾਣਨਾ ਜ਼ਰੂਰੀ ਹੈ। ਮਨੁੱਖ ਮਾਤਰ ਦੇ ਸਰਵੋਤਮ ਦਾਨਸ਼ਵਰਾਂ ਦਾ ਇਹ ਫ਼ਰਜ਼ ਹੈ ਕਿ ਉਹ ਉਪਰੋਕਤ ਦੋਹਾਂ ਨੁਕਤਿਆਂ ਦਾ ਡੂੰਘਾ ਮੁਤਾਲਿਆ ਕਰ ਕੇ, ਆਪਣੇ ਵਿਚਾਰਾਂ ਨੂੰ ਸੋਧ-ਛਾਂਟ ਕੇ ਕਿਸੇ ਸੱਚੀ-ਸੁੱਚੀ ਤਰਤੀਬ ਵਿੱਚ ਲਿਆ ਕੇ, ਦੁਨੀਆ ਦੇ ਨਾਲ ਵਿਚਾਰ ਗੋਸ਼ਟੀ ਕਰਨ।

ਕੇਵਲ ਦੁਨਿਆਵੀ ਪੱਧਰ ਉੱਤੇ ਵਿਚਰਦੀ ਮਾਨਸਿਕਤਾ ਸਿਰਫ ਦੂਜੇ ਨੁਕਤੇ ਉੱਤੇ ਧਿਆਨ ਸੰਕੋਚ ਕੇ ਆਪਣੇ ਅਕੀਦਿਆਂ ਅਨੁਸਾਰ ਜੀਵਨ ਜਿਊਂਦੀ ਹੋਈ ਵੀ ਦਸਮੇਸ਼ ਨਾਨਕ ਦੇ ਗੁਰੂ ਗ੍ਰੰਥ ਸਰੂਪ ਤੋਂ ਭਰਪੂਰ ਅਗਵਾਈ ਲੈ ਕੇ, ਸੰਸਾਰਕ ਤਰੱਕੀ ਨੂੰ ਹਰ ਪੱਖੋਂ ਆਖਰੀ ਮੰਜਲਿ ਤੱਕ ਲੈ ਕੇ ਜਾ ਸਕਦੀ ਹੈ। ਪਰ ਅੰਮ੍ਰਿਤਧਾਰੀ ਖਾਲਸਾ ਦੋਹਾਂ ਮੁੱਢਲੇ ਸਰੋਕਾਰਾਂ ਨੂੰ ਤਨੋਂ-ਮਨੋਂ ਹੱਥ ਪਾਏ ਸਰਬ-ਲੋਹ ਦੇ ਕੜੇ ਅਤੇ ਗਾਤਰੇ ਕਿਰਪਾਨ ਵਾਂਗ ਫ਼ੌਲਾਦੀ ਯਕੀਨ ਪਰਪੱਕ ਕਰ ਕੇ ਹੀ ਮਨੁੱਖਾ ਜੀਵਨ ਦੀ ਆਖਰੀ ਮੰਜਲਿ ਅਰਥਾਤ ਜੀਵਨ-ਮੁਕਤਾ ਦੀ ਪਦਵੀ ਹਾਸਲ ਕਰ ਸਕਦਾ ਹੈ। ਦੋਹਾਂ ਅਸਥਾਵਾਂ ਰਾਹੀਂ ਸੁਰਖ਼ਰੂ ਹੋਣ ਦੀ ਪ੍ਰਕਿਰਿਆ ਵਿੱਚ ਫ਼ਰਕ ਏਸ ਲਈ ਹੈ ਕਿ ਇੱਕ ਹਿੱਸੇ ਨੇ ਕੇਵਲ ਸੁੱਚੀ ਬੁੱਧ ਨੂੰ ਸਾਧ ਕੇ ਦੁਨੀਆ ਦੇ ਭੰਬਲਭੂਸੇ ਵਿੱਚੋਂ ਸਹੀ ਰਾਹ ਲੱਭਣਾ ਹੁੰਦਾ ਹੈ। ਸੱਚ ਨੂੰ ਪ੍ਰਣਾਈ ਬੁੱਧੀ ਇਸ ਯੋਗ ਹੈ ਕਿ ਉਹ ਇਸ ਇਮਤਿਹਾਨ ਵਿੱਚ ਸਫ਼ਲ ਹੋ ਸਕੇ: "ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ॥" ਪ੍ਰੰਤੂ ਖਾਲਸੇ ਨੂੰ ਘੋਰ ਸਾਧਨਾਂ ਦਾ ਨਿਰੰਤਰ ਆਸਰਾ ਲੈ ਕੇ ਸਦਾ ਸ਼ਬਦ ਦਾ ਪਰਚਾ ਲਾ ਕੇ ਸਿੱਖੀ ਮਾਰਗ ਉੱਤੇ ਅਡਿੱਗ ਚੱਲਣਾ ਪੈਂਦਾ ਹੈ। ਕਿਉਂਕਿ ਉਸ ਨੇ ਹਰ ਹਾਲ ਵਿੱਚ ਮਾਨਵਤਾ ਦੇ ਸਾਹਮਣੇ ਆਪਣਾ ਮਾਣਕ-ਸਰੂਪ ਪਰਗਟ ਕਰਨਾ ਹੁੰਦਾ ਹੈ ਤਾਂ ਕਿ ਸੱਚ ਦੇ ਰਾਹ ਉੱਤੇ ਚੱਲਣ ਵਾਲਿਆਂ ਦੇ ਸਾਬਤ ਕਦਮਾਂ ਵਿੱਚ ਕਦੇ ਵੀ ਥਿੜਕਣ ਨਾ ਆਵੇ: "ਕੇਤੇ ਬੰਧਨ ਜੀਅ ਕੇ ਗੁਰਮਖਿ ਮੋਖ ਦੁਆਰ॥" ਖ਼ਾਲਸਾ ਨਿਜੀ ਹਸਤੀ ਤੋਂ ਅਗਾਂਹ ਜਾ ਕੇ ਮਨੁੱਖਤਾ ਦਾ ਮਾਰਗ-ਦਰਸ਼ਕ ਸਿਰਦਾਰ ਵੀ ਹੈ। ਜਿਵੇਂ ਗੁਰੂ ਦੇ ਰਾਹ ਉੱਤੇ ਆਗੂਆਂ ਲਈ ਦੁਸ਼ਵਾਰੀਆਂ ਅਣਗਿਣਤ ਹਨ, ਇਵੇਂ ਏਸ ਰਾਹ ਉੱਤੇ ਅਧਿਆਤਮਕ ਰਹੱਸ ਦਰ ਰਹੱਸ ਦੇ ਸਾਖਿਆਤ ਦਰਸਨ-ਪਰਸਨ ਰੂਹ ਦਾ ਉਹ ਹੁਲਾਰਾ ਹਨ ਜਿਨਾਂ ਦਾ ਦੁਨਿਆਵੀ ਜੋੜ ਮੁੱਢੋਂ-ਸੁੱਢੋਂ ਹੀ ਹੈ ਨਹੀਂ: "ਸਚਹੁ ਓਰੈ ਸਭੁ ਕੋ ਉਪਰਿ ਸਚ ਆਚਾਰੁ॥" ਦੁਨਿਆਵੀ ਸੁੱਖ-ਸੋਭਾ ਦੇ ਮੁਕਾਬਲਤਨ ਟੈਂ-ਟੈਂ ਤੇ ਰਾਮ-ਰਾਮ ਵਾਲੀ ਹਾਲਤ ਬਣ ਜਾਂਦੀ ਹੈ।

ਕਿਉਂ ਕਿ ਖਾਲਸਾ ਆਦਿ ਗੁਰੂ ਦੇ ਗੁਣਾਂ ਵਿੱਚ ਰਮ ਕੇ ਅਕਾਲ-ਰੂਪ ਹੋ ਵਿਚਰਦਾ ਹੈ। ਉਸ ਦਾ ਹਰ ਕਰਮ ਪ੍ਰਭੂ-ਇੱਛਾ ਅਨੁਸਾਰ ਸਰਬ- ਕਲਿਆਣਕਾਰੀ ਹੋ ਨਿੱਬੜਦਾ ਹੈ। ਉਸ ਦੀ ਹਰ ਟੇਕ ਸਰਬੱਤ ਦੇ ਭਲ਼ੇ ਉੱਤੇ ਹੈ; ਉਸ ਦਾ ਆਪਾ ਵਾਰਨ ਦਾ ਚਾਅ ਏਸ ਮਹਾਂ-ਸੱਚ ਦਾ ਜਾਮਨ ਹੈ। ਖਾਲਸੇ ਦਾ ਹਰ ਪ੍ਰਤੀਕ, ਹਰ ਰਹਿਤ, ਹਰ ਬਚਨ, ਹਰ ਫੁਰਨਾ ਅਕਾਲ ਫ਼ਤਹਿ ਵੱਲ ਸਾਧਿਆ ਹੋਇਆ ਹੁੰਦਾ ਹੈ। ਗੁਰਦੁਆਰੇ ਵਿੱਚ ਸਰਬ-ਸਾਂਝੇ ਉਪਦੇਸ਼, ਗੁਰੂ ਗ੍ਰੰਥ ਦਾ ਪ੍ਰਕਾਸ਼ ਉਸ ਨੂੰ ਭਵਿੱਖ ਦੀ ਵਿਤਕਰੇ ਰਹਿਤ ਸਮਾਜਕ ਬਣਤਰ ਦਾ ਸਾਂਝਾ ਕੇਂਦਰ ਸਥਾਪਤ ਕਰਨ ਲਈ ਕਾਫੀ ਹੈ। ਏਸ ਕੇਂਦਰ ਵਿੱਚ ਪੂਜਾ ਕੇਵਲ ਅਕਾਲ ਦੀ ਹੋ ਸਕਦੀ ਹੈ ਅਤੇ ਓਥੇ ਨਵੇਂ ਸਮਾਜ ਦੀ ਸਿਰਜਣਾ ਦੀ ਮਸ਼ਕ ਕਰਨ ਨੂੰ ਹੀ ਪੂਜਾ-ਵਿਧੀ ਜਾਣਿਆ ਜਾਂਦਾ ਹੈ। ਗੁਰਦੁਆਰੇ ਦਾ ਹਰ ਕਰਮ ਅਤੇ ਪ੍ਰਤੀਕ ਲੰਗਰ, ਨਗਾਰੇ, ਨਿਸ਼ਾਨ ਆਦਿ ਮਾਨਵਤਾ ਨੂੰ ਸਕੂਨ, ਧਰਵਾਸ ਅਤੇ ਹੌਂਸਲਾ ਦੇਣ ਲਈ ਸਿਰਜੇ ਹੋਏ ਹਨ ਅਤੇ ਏਸੇ ਲਈ ਸਿੱਖੀ ਅਤੇ ਸਿੱਖ ਫਲਸਫੇ ਦਾ ਅਨਿੱਖੜਵਾਂ ਅੰਗ ਗਿਣੇ ਜਾਂਦੇ ਹਨ। ਇੱਥੇ ਕੁਝ ਵੀ ਅਕਾਲ ਤੋਂ ਰਹਿਤ ਨਹੀਂ, ਕੁਝ ਵੀ ਅਕਾਲ ਦੇ ਬਾਹਰ ਨਹੀਂ ਤਾਂਹੀਓਂ ਮਨੁੱਖੀ ਮਹੱਤਵ ਅਕਾਂਖਿਆਵਾਂ ਤੋਂ ਢੇਰ ਉੱਤੇ ਉੱਠ ਕੇ ਅਕਾਲ ਫ਼ਤਹਿ ਦਾ ਡੰਕਾ ਜਾਂ ਸਿੰਘ-ਗਰਜਣਾ ਬਣ ਜਾਂਦਾ ਹੈ।

ਮਨੁੱਖਤਾ ਦਾ ਆਰਥਕ ਤੌਰ ਉੱਤੇ ਖੁਸ਼ਹਾਲ ਹੋਣ ਦਾ ਉਸ ਦੇ ਸਦੀਵੀ ਸੁਖ ਨਾਲ ਡੂੰਘਾ ਰਿਸ਼ਤਾ ਹੈ। ਗੁਜ਼ਾਰੇ ਵਾਲਾ ਮਨੁੱਖ ਹੀ ਧਰਮ ਕਮਾ ਸਕਦਾ ਹੈ ਅਤੇ ਅਕਾਲ ਪੁਰਖ ਦੀ ਸਲਤਨਤ ਦਾ ਮੁਕੰਮਲ, ਸੁਤੰਤਰ ਸ਼ਹਿਰੀ ਬਣਨ ਦਾ ਸੁਪਨਾ ਲੈ ਸਕਦਾ ਹੈ। ਆਖਰੀ ਨਿਸ਼ਾਨੇ ਨੂੰ ਵਿਸਾਰ ਕੇ ਸੰਸਾਰੀ ਮਨੁੱਖ ਨੇ ਜੋ ਤਰਕੀਬਾਂ ਮਨੁੱਖ ਵਾਸਤੇ ਘੜੀਆਂ ਉਹ ਅੰਤ ਅਨਿਆਂ, ਤੱਦੀ ਅਤੇ ਸ਼ੋਸ਼ਣ ਦਾ ਜ਼ਰੀਆ ਬਣ ਗਈਆਂ। ਸੱਚੇ ਸਾਹਿਬ ਦੀ ਸੰਤਾਨ ਨੂੰ ਸਾਮੰਤਵਾਦ, ਰਾਜਾਸ਼ਾਹੀ, ਸਾਮਰਾਜਵਾਦ, ਪੂੰਜੀਵਾਦ ਆਦਿ-ਆਦਿ ਦੌਰਾਂ ਵਿੱਚ ਬਹੁਤ ਖੱਜਲ-ਖੁਆਰ ਹੋਣਾ ਪਿਆ। ਨਵ-ਉਦਾਰਵਾਦ ਵੀ ਉਸੇ ਚਾਲ ਚੱਲ ਰਿਹਾ ਹੈ ਅਤੇ ਬੜੀ ਤੇਜ਼ੀ ਨਾਲ ਮਨੁੱਖਤਾ ਦੇ ਗੁਲਾਮੀਕਰਣ ਵੱਲ ਵਧ ਰਿਹਾ ਹੈ ਜਿਸ ਕਾਰਣ ਸਾਰੇ ਮਨੁੱਖੀ ਭਾਈਚਾਰੇ ਦਾ ਮਨ ਗਮਗੀਨ ਅਤੇ ਰੂਹ ਬੇਚੈਨ ਹੈ। ਝੂਠੇ ਲੋਭ-ਲਾਲਚ, ਭਰਮਾਂ, ਛਲਾਵਿਆਂ ਦਾ ਬੁਲੰਦ-ਆਵਾਜ਼ ਪ੍ਰਚਾਰ ਕਰ ਕੇ ਇਸ ਦੇ ਅਲੰਬਰਦਾਰ ਸਭ ਮਨੁੱਖੀ ਸ਼ਕਤੀ ਦੇ ਸਰੋਤ ਆਪਣੇ ਕਬਜੇ ਵਿੱਚ ਕਰਨ ਵਿੱਚ ਕਾਮਯਾਬ ਹੁੰਦੇ ਜਾ ਰਹੇ ਹਨ। ਗੁਰੂ ਦੀ ਚਰ-ਛੋਹ ਧਰਤੀ ਦੇ ਲੋਕ ਚਾਹੇ ਕਿਸੇ ਧਰਮ ਦੇ ਹੋਣ ਸੁਤੰਤਰਤਾ ਦੀ ਜੀਵਨ-ਜਾਚ ਦੇ ਧਾਰਨੀ ਹਨ। ਏਸੇ ਲਈ ਇੱਥੇ ਫੂਕ ਫੂਕ ਕੇ ਪੈਰ ਰੱਖੇ ਜਾ ਰਹੇ ਹਨ। ਏਸ ਧਰਤ ਦੇ ਪੰਜਾਂ ਪਾਣੀਆਂ ਦੀ ਤਾਸੀਰ ਵੀ ਉਨਾਂ ਨੂੰ ਕਿਸੇ ਦੀ ਟੈਂ ਨਾ ਮੰਨਣ ਦੇ ਰਾਹ ਤੋਰਦੀ ਸੀ। ਯਾਦ ਹੋਵੇਗਾ ਕਿ ਇਸ ਧਰਤੀ ਦੇ ਜਾਇਆਂ ਨੇ ਬ੍ਰਾਹਮਣੀ ਪ੍ਰਥਾ ਦੇ ਮਰਿਆਦਾ-ਪੁਰਸ਼ੋਤਮ ਦੇ ਘੋੜੇ ਦੀਆਂ ਵਾਗਾਂ ਵੀ ਫੜ ਲਈਆਂ ਸਨ ਕਿਉਂਕਿ ਉਸ ਉੱਤੇ ਪਈ ਖੁਰਜੀ ਵਿੱਚ ਮਨੂੰ-ਸਮ੍ਰਿਤੀ ਦੀ ਧੌਂਸ ਸੀ।

ਜਦੋਂ ਮਹਾਂਮਾਰੀ ਦਾ ਕਵਚ ਪਾ ਕੇ ਉਹ ਧੌਂਸ ਫੇਰ ਬੁੱਕਲ-ਮੀਡੀਆ ਰਾਹੀਂ ਟੈਲੀਵਿਜ਼ਨ ਦੇ ਜ਼ਰਖ਼ਰੀਦ ਘੋੜੇ ਉੱਤੇ ਸਵਾਰ ਹੋ 'ਸਾਧ ਦੀ ਧਰਤੀ' ਉੱਤੇ ਕਬਜਾ ਕਰਨ ਲਈ ਉਮੜੀ ਤਾਂ ਪੰਜਾਬ ਦੇ ਜਾਇਆਂ ਨੇ ਇੱਕ ਵਾਰ ਫੇਰ ਏਸ ਦਾ ਅਸ਼ਵਮੇਧ ਯੱਗ ਰੋਕ ਦਿੱਤਾ। ਸੰਸਾਰ ਦੇ ਅਨੇਕਾਂ ਪੜ੍ਹੇ-ਲਿਖੇ ਸਮਾਜ ਹੁੰਦਿਆਂ ਨਵੇਂ ਉਦਾਰਵਾਦ ਦਾ ਘਾਤਕ ਰਹੱਸ ਕੇਵਲ ਅਕਾਲ-ਅਹਿਰਣ ਉੱਤੇ ਗੁਰੂ-ਵਦਾਨ ਦੀਆਂ ਸੱਟਾਂ ਨਾਲ ਚੰਡਿਆਂ ਨੂੰ ਹੀ ਸਮਝ ਆਇਆ। ਠੰਢੀਆਂ ਯੱਖ ਰਾਤਾਂ, ਪਾਣੀ-ਤੋਪਾਂ, ਟਿੱਬਿਆਂ, ਟੋਇਆਂ ਨੂੰ ਟੱਪਦੇ ਇਹ ਬੁਰੇ ਦੇ ਘਰ ਦੇ ਐਨ ਬੂਹੇ ਉੱਤੇ ਆ ਬੈਠੇ। ਇਨਾਂ ਦੇ ਹੱਥ ਉਹ ਨਿਸ਼ਾਨ ਸੀ ਜਿਸ ਦੀ ਮਨੁੱਖਤਾ ਦੇ ਮਹਿਰਮ ਵਜੋਂ ਪਛਾਣ ਅੱਜ ਕੈਨੇਡਾ, ਅਮਰੀਕਾ ਨਿਊਜ਼ੀਲੈਂਡ, ਔਸਟ੍ਰੇਲੀਆ, ਬੰਗਲਾਦੇਸ਼, ਕਸਮੀਰ ਆਦਿ ਵਿੱਚ ਸਥਾਪਤ ਹੋ ਚੁੱਕੀ ਹੈ। ਭਲ਼ੇ ਮਨੁੱਖਾਂ ਹੱਥ ਭਲ਼ਾ ਨਿਸ਼ਾਨ ਦੇਖ ਕੇ ਸਾਰੀ ਹਿੰਦ ਦੇ ਦੁਖੀਏ ਨਾਲ ਆ ਜੁੜੇ ਕੰਨਿਆ ਕੁਮਾਰੀ ਤੱਕ ਕੰਨਸੋਆਂ ਜਾ ਪਹੁੰਚੀਆਂ।

ਦੁਨੀਆ ਜਾਣ ਗਈ ਹੈ ਕਿ ਹਿੰਦ ਦੀ ਸਰਕਾਰ (ਹਰ ਆਪਣੇ ਘਰ ਸੁਲਤਾਨ) 'ਹੰਨੇ-ਹੰਨੇ ਮੀਰ' ਦੀ ਖੁਦਦਾਰੀ ਭੰਨ ਕੇ ਉਸ ਨੂੰ ਕਾਰਪੋਰੇਟ ਘਰਾਣਿਆਂ ਦੇ ਦਰ ਉੱਤੇ ਮਜ਼ਦੂਰ ਬਣ ਖੜਾ ਵੇਖਣਾ ਚਾਹੁੰਦੀ ਹੈ। ਇਸ ਨੂੰ ਅੰਦਾਜਾ ਨਹੀਂ ਹੈ ਕਿ ਕਿੰਨੇ ਕੁ ਮਜਦੂਰਾਂ ਦੀ ਲੋੜ ਹੈ। ਪਹਿਲਾਂ ਬਿਹਾਰ, ਝਾਰਖੰਡ, ਯੂ.ਪੀ. ਦੇ ਏਸੇ ਮਨਸ਼ਾ ਹੇਠ ਮਜਦੂਰ ਬਣਾਏ ਲੋਕਾਂ ਨੂੰ ਇਹ ਫ਼ੈਕਟਰੀਆਂ ਵਿੱਚ ਰੁਜਗਾਰ ਨਹੀਂ ਦੇ ਸਕੇ। ਨਾ ਇਸ ਕੋਲ ਨਵੇਂ ਬਣਨ ਵਾਲੇ ਮਜਦੂਰਾਂ ਲਈ ਰੁਜਗਾਰ ਦੇ ਜ਼ਰੂਰੀ ਸਾਧਨ ਹਨ, ਨਾ ਹੀ ਉਨਾਂ ਨੂੰ ਫ਼ੈਕਟਰੀਆਂ ਵਿੱਚ ਕੰਮ ਕਰਨ ਯੋਗ ਬਣਾਉਣ ਲਈ ਸਿੱਖਿਆ ਦੇਣ ਦੇ ਸਾਧਨ। ਬੇਰੁਜਗਾਰਾਂ ਦੀਆਂ ਧਾੜਾਂ ਮਨੁੱਖਤਾ ਲਈ ਕਿੰਨਾਂ ਵੱਡਾ ਖ਼ਤਰਾ ਬਣਨਗੀਆਂ, ਇਨਾਂ ਨੂੰ ਅੰਦਾਜ਼ਾ ਹੀ ਨਹੀਂ। ਹੱਥ ਦੀਵਾ ਲੈ ਕੇ ਖੂਹ ਵਿੱਚ ਡਿੱਗਣ ਨਾਲ ਮਨੂੰ-ਸਮ੍ਰਿਤੀ ਸਥਾਪਤ ਨਹੀਂ ਹੋ ਸਕਣੀ।

ਹੁਣ ਜਮੀਂਦਾਰ ਦਾ ਮਸਲਾ ਸੰਸਾਰ-ਵਿਆਪੀ ਸੰਤਾਪ ਦਾ ਪ੍ਰਤੀਕ ਬਣ ਚੁੱਕਿਆ ਹੈ। ਸਭ ਦੀਆਂ ਨਿਗਾਹਾਂ ਨਿਸ਼ਾਨ ਸਾਹਿਬ ਉੱਤੇ ਹਨ ਜਿਸ ਨੂੰ ਜਾਤਾਂ-ਪਾਤਾਂ, ਧਰਮਾਂ, ਦੇਸ਼ਾਂ, ਨਸਲਾਂ, ਕਬੀਲਿਆਂ ਤੋਂ ਉੱਚੇ ਉੱਠਣ ਵਾਲੇ ਸੱਚ ਦਾ ਅਤੇ ਸਭ ਦਾ ਸਾਂਝਾ ਨਿਸ਼ਾਨ ਜਾਣਦੇ ਹਨ। ਕਈ ਦੇਸ਼ਾਂ ਦੇ ਝੰਡਿਆਂ ਨੇ ਇਸ ਦੇ ਨਾਲ ਝੂਲ ਕੇ ਨਿਰੋਲ ਮਨੁੱਖਤਾ ਦੇ ਸਰੋਕਾਰਾਂ ਨੂੰ ਗਲ਼ ਲਾ ਕੇ ਮਾਣ ਹਾਸਲ ਕੀਤਾ। ਹਿੰਦ ਦਾ ਤਿਰੰਗਾ ਤਾਂ ਹੈ ਹੀ ਇਸੇ ਖ਼ੇਤ ਦੀ ਪੈਦਾਵਾਰ। ਯਕੀਨ ਬਣਦਾ ਜਾ ਰਿਹਾ ਹੈ ਕਿ ਕੁੱਲ ਲੁਕਾਈ ਦੇ ਸੁਹਿਰਦ ਸਹਿਯੋਗ ਨਾਲ ਅਕਾਲ ਫ਼ਤਹਿ ਦੇ ਦਿਨ ਕਰੀਬ ਆ ਰਹੇ ਹਨ। ਸਾਧ ਦੀ ਧਰਤੀ ਸਾਧ ਫੇਰ ਮਾਣਨਗੇ ਅਤੇ ਕਬਜਾ ਕਰਨ ਦੇ ਚਾਹਵਾਨ ਤਸਕਰਾਂ ਨੂੰ 310 ਸਾਲ ਬਾਅਦ ਫੇਰ ਮੂੰਹ ਦੀ ਖਾਣੀ ਪਵੇਗੀ

# ਮਮਤਾ ਬੈਨਰਜੀ, ਬੰਗਾਲ ਦੀਆਂ ਚੋਣਾਂ ਤੇ ਕਿਸਾਨ ਅੰਦੋਲਨ ਬਨਾਮ ਭਾਜਪਾ ਭਿੱਜੇ ?

**ਐਡਵੋਕੇਟ ਗੁਰਮੀਤ ਸ਼ੁਗਲੀ**

ਭਾਰਤ ਦੇ ਕੁਝ ਸੂਬਿਆਂ ਵਿੱਚ ਇਸ ਸਾਲ ਚੋਣਾਂ ਹੋਣ ਵਾਲੀਆਂ ਹਨ। ਜਿਨਾਂ ਸੂਬਿਆਂ ਬਾਰੇ ਅਜੇ ਤਕ ਤਾਰੀਕਾਂ ਦਾ ਐਲਾਨ ਨਹੀਂ ਹੋਇਆ, ਉਨਾਂ ਵਿੱਚੋਂ ਇੱਕ ਸੂਬਾ ਹੈ ਪੱਛਮੀ ਬੰਗਾਲ ਹੈ। ਦਸ ਕਰੋੜ ਦੀ ਅਬਾਦੀ ਵਾਲਾ ਇਹ ਸੂਬਾ ਅੱਜਕੱਲ ਕਾਫ਼ੀ ਚਰਚਾ ਵਿੱਚ ਹੈ। ਇਸ ਸੂਬੇ ਨੂੰ ਹੜੱਪਣ ਲਈ ਭਾਜਪਾ ਨੇ ਦਿਨ-ਰਾਤ ਇੱਕ ਕੀਤਾ ਹੋਇਆ ਹੈ। ਇਸ ਬਾਰੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਅਸੀਂ ਪੱਛਮੀ ਬੰਗਾਲ ਨੂੰ ਜਿੱਤਣ ਲਈ 2014 ਵਿੱਚ ਹੀ ਫ਼ੈਸਲਾ ਕਰ ਲਿਆ ਸੀ ਅਤੇ ਇਸ ਮੁਤਾਬਕ ਹੀ ਅਸੀਂ ਆਪਣੀਆਂ ਕੋਸ਼ਿਸ਼ਾਂ ਆਰੰਭ ਕਰ ਦਿੱਤੀਆਂ ਸਨ। ਪਾਰਲੀਮੈਂਟ ਚੋਣਾਂ ਵਿੱਚ ਬੀ ਜੇ ਪੀ ਇਸ ਸੂਬੇ ਦੀਆਂ ਤਕਰੀਬਨ ਡੇਢ ਦਰਜਨ ਸੀਟਾਂ ਜਿੱਤ ਚੁੱਕੀ ਹੈ ਅਤੇ ਅਮਿਤ ਸ਼ਾਹ ਮੁਤਾਬਕ ਅਸੀਂ ਸੂਬੇ ਦੀਆਂ ਅਸੰਬਲੀ ਚੋਣਾਂ ਵਿੱਚ ਦੋ ਸੋ ਤੋਂ ਵੱਧ ਸੀਟਾਂ ਜਿੱਤ ਕੇ ਪੱਛਮੀ ਬੰਗਾਲ 'ਤੇ ਬੀ.ਜੇ.ਪੀ. ਦਾ ਝੰਡਾ ਝੁਲਾਵਾਂਗੇ।

ਪੱਛਮੀ ਬੰਗਾਲ ਵਿੱਚ ਕਮਿਊਨਿਸਟਾਂ ਨੇ ਕਾਂਗਰਸ ਨੂੰ ਹਰਾ ਕੇ ਆਪਣਾ ਝੰਡਾ ਲਹਿਰਾਇਆ। ਜ਼ਮੀਨੀ ਸੁਧਾਰਾਂ ਸਮੇਤ ਕਈ ਸੁਧਾਰ ਕਰਕੇ ਜਨਤਾ ਨੂੰ ਇੱਕ ਚੰਗਾ ਪ੍ਰਸ਼ਾਸਨ ਮੁਹੱਈਆ ਕਰਵਾਇਆ ਅਤੇ ਲਗਭਗ 34 ਸਾਲ ਲਗਾਤਾਰ ਰਾਜ ਕੀਤਾ, ਜਿਸ ਨੂੰ ਮਮਤਾ ਦੀਦੀ ਨੇ ਕਾਂਗਰਸ ਤਿਆਗ ਕੇ ਤ੍ਰਿਮੂਲ ਕਾਂਗਰਸ ਬਣਾਈ। ਬੜਾ ਸਾਦਾ ਜੀਵਨ ਜਿਉਂ ਕੇ ਬੰਗਾਲੀਆਂ ਵਿੱਚ ਕੰਮ ਕੀਤਾ। ਆਪਣੀ ਵੱਧ ਇਮਾਨਦਾਰੀ ਦਿੱਖ ਸਕਦਾ ਖੱਬੇ-ਪੱਖੀਆਂ ਦੀ ਚੌਂਤੀ ਸਾਲ ਦੀ ਸਰਕਾਰ ਨੂੰ ਚੱਲਦਾ ਕੀਤਾ ਅਤੇ ਦੋ ਵਾਰੀ ਲਗਾਤਾਰ ਜਿੱਤ ਕੇ ਬੰਗਾਲੀਆਂ ਦੇ ਦਿਲਾਂ 'ਤੇ ਰਾਜ ਕੀਤਾ। ਹੁਣ ਮਮਤਾ ਦੀਦੀ ਜੋ ਪੰਜ ਫੁੱਟ ਦੋ ਇੰਚ ਦੀ ਦਲੇਰ ਅਤੇ ਸਾਦਗੀ ਦੀ ਮੂਰਤ ਹੈ, ਲਗਾਤਾਰ ਤੀਜੀ ਵਾਰ ਜਿੱਤ ਕੇ ਹੈਟਰਿਕ ਬਣਾਉਣ ਦੀ ਕੋਸ਼ਿਸ਼ ਵਿੱਚ ਹੈ।

ਇਸ ਵਾਰ ਦੀਆਂ ਚੋਣਾਂ ਵਿੱਚ ਮੁਕਾਬਲਾ ਚਾਰ ਪਾਰਟੀਆਂ, ਤ੍ਰਿਮੂਲ ਕਾਂਗਰਸ, ਲੈਫਟ, ਕਾਂਗਰਸ ਅਤੇ ਬੀ.ਜੇ.ਪੀ. ਵਿੱਚ ਹੋਵੇਗਾ। ਲਗਦਾ ਹੈ ਮੁੱਖ ਮੁਕਾਬਲਾ ਤ੍ਰਿਮੂਲ ਕਾਂਗਰਸ ਅਤੇ ਬੀ ਜੇ ਪੀ ਵਿੱਚ ਹੋਵੇਗਾ। ਅਜਿਹਾ ਇਸ ਕਰਕੇ ਹੋਵੇਗਾ, ਕਿਉਂਕਿ ਤ੍ਰਿਮੂਲ ਕਾਂਗਰਸ ਦੀ ਦੀਦੀ ਪਿਛਲੇ ਦਸ ਸਾਲਾਂ ਤੋਂ ਰਾਜਗੱਦੀ 'ਤੇ ਬਿਰਾਜਮਾਨ ਹੈ ਅਤੇ ਬੀ ਜੇ ਪੀ ਨੇ ਬੰਗਾਲ ਜਿੱਤਣ ਨੂੰ ਆਪਣੀ ਮੁੱਛ ਦਾ ਸਵਾਲ ਬਣਾਇਆ ਹੋਇਆ ਹੈ। ਬੀ ਜੇ ਪੀ ਪੂਰੀ ਤਿਆਰੀ ਨਾਲ ਬੰਗਾਲ 'ਤੇ ਹਮਲਾਵਰ ਹੈ। ਉਸ ਨੇ ਜਿੱਤ ਪ੍ਰਾਪਤ ਕਰਨ ਲਈ ਸਭ ਜਾਇਜ਼-ਨਜਾਇਜ਼ ਇੱਕ ਕੀਤਾ ਹੋਇਆ ਹੈ। ਬੀ ਜੇ ਪੀ ਤ੍ਰਿਮੂਲ ਕਾਂਗਰਸ ਪਾਰਟੀ ਵਿੱਚੋਂ ਮੰਤਰੀਆਂ ਅਤੇ ਸੀਨੀਅਰ ਪਾਰਟੀ ਕਾਰਕੁੰਨਾਂ ਤੋਂ ਵੱਡੀ ਪੱਧਰ 'ਤੇ ਦਲ-ਬਦਲੀ ਕਰਵਾ ਰਹੀ ਹੈ। ਉਹ ਫ਼ਿਲਮੀ ਸਟਾਰਾਂ, ਗੀਤਕਾਰਾਂ, ਸੰਗੀਤਕਾਰਾਂ ਅਤੇ ਆਰਟਿਸਟਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਵਾ ਰਹੀ ਹੈ। ਅਮਿਤ ਸ਼ਾਹ ਨੇ ਤਾਂ ਖੁੱਲੀ ਧਮਕੀ ਵੀ ਦੇ ਰੱਖੀ ਹੈ ਕਿ ਦੀਦੀ ਯਾਦ ਰੱਖੀਂ, ਇੱਕ-ਇੱਕ ਕਰਕੇ ਸਭ ਸਾਡੀ ਪਾਰਟੀ ਵਿੱਚ ਆ ਜਾਣਗੇ ਤੇ ਤੂੰ ਅਖੀਰ ਇਕੱਲੀ ਹੀ ਰਹਿ ਜਾਵੇਂਗੀ।

ਉਂਝ ਦੀਦੀ ਆਪਣੇ ਕੱਦ ਅਤੇ ਸਾਦਗੀ ਮੁਤਾਬਕ ਬੰਗਾਲੀਆਂ ਦੀ ਅਜਿਹੀ ਲੀਡਰ ਹੈ, ਜਿਸ ਨੂੰ ਅੱਜ ਤਕ ਤਕਰੀਬਨ ਸਾਰੇ ਸਰਵਿਆਂ ਨੇ ਜਿਤਾਇਆ ਹੈ। ਭਾਵੇਂ ਕਿ ਬੀ ਜੇ ਪੀ ਨੇ ਉਸ ਨੂੰ ਵੱਧ ਤੋਂ ਵੱਧ ਡਰਾਇਆ ਹੈ। ਪ੍ਰਧਾਨ ਮੰਤਰੀ ਜੀ, ਅਮਿਤ ਸ਼ਾਹ ਅਤੇ ਬੀ ਜੇ ਪੀ ਦੇ ਪ੍ਰਧਾਨ ਇੱਕ ਤੋਂ ਬਾਅਦ ਇੱਕ ਪਰਿਵਰਤਨ ਰੈਲੀ ਕਰ ਰਹੇ ਹਨ। ਉਨਾਂ ਆਪਣਾ ਸਭ ਕੁਝ ਝੋਕ ਦਿੱਤਾ ਹੈ ਤਾਂ ਕਿ ਜਿੱਤ ਪ੍ਰਾਪਤ ਕੀਤੀ ਜਾ ਸਕੇ। ਬੀ ਜੇ ਪੀ ਨੇ ਜੈ ਸ੍ਰੀ ਰਾਮ ਦੇ ਨਾਅਰੇ ਨੂੰ ਵੀ ਚੋਣਾਵੀ ਨਾਅਰਾ ਬਣਾ ਲਿਆ ਹੈ। ਜੈ ਸ੍ਰੀ ਰਾਮ, ਜੈ ਸ੍ਰੀ ਰਾਮ ਹੋ ਰਹੀ ਹੈ। ਦੂਜੇ ਪਾਸੇ ਬੰਗਾਲੀਆਂ ਦੀ ਦੀਦੀ ਸਰਸਵਤੀ ਦੀ ਪੂਜਾ ਦੀ ਗੱਲ ਕਰ ਰਹੀ ਹੈ।

ਜੇਕਰ ਲਾਅ ਐਂਡ ਆਰਡਰ ਦੀ ਗੱਲ ਕਰੀਏ ਤਾਂ ਸਰਕਾਰੀ ਅੰਕੜਿਆਂ ਮੁਤਾਬਕ ਬੰਗਾਲੀ ਦੀਦੀ ਦੀ ਸਥਿਤੀ ਪ੍ਰਧਾਨ ਮੰਤਰੀ ਦੇ ਲਾਡਲੇ ਯੂ ਪੀ ਦੇ ਮੁੱਖ ਮੰਤਰੀ ਯੋਗੀ ਨਾਲੋਂ ਕਾਫ਼ੀ ਚੰਗੀ ਹੈ। ਯੂ ਪੀ ਵਿੱਚ ਤਾਂ ਕੋਈ ਦਿਨ ਅਜਿਹਾ ਨਹੀਂ ਬੀਤਦਾ ਹੋਵੇਗਾ, ਜਿਸ ਦਿਨ ਔਰਤ ਜਾਤੀ ਨਾਲ ਹਰ ਤਰਾਂ ਨਾਲ ਜ਼ਿਆਦਤੀ ਨਾ ਹੁੰਦੀ ਹੋਵੇ, ਪੁਲਿਸ ਮੁਕਾਬਲੇ ਨਾ ਹੁੰਦੇ ਹੋਣ। ਉਂਝ ਵੀ ਜਿਵੇਂ ਬੰਗਾਲੀ ਦੀਦੀ, ਜਿਸ ਦਲੇਰੀ ਨਾਲ ਬੀ ਜੇ ਪੀ ਦਾ ਮੁਕਾਬਲਾ ਕਰ ਰਹੀ ਹੈ, ਉਹ ਆਪਣੇ-ਆਪ ਵਿੱਚ ਇੱਕ ਮਿਸਾਲ ਹੈ।

ਇਸ ਵਾਰ ਕਾਂਗਰਸ ਅਤੇ ਖੱਬੇਪੱਖੀ ਪਾਰਟੀਆਂ ਰਲ ਕੇ ਚੋਣ ਲੜ ਰਹੀਆਂ ਹਨ। ਹੁਣ ਆਉਣ ਵਾਲੇ ਸਮੇਂ ਵਿੱਚ ਇਹ ਦੇਖਣਾ ਹੋਵੇਗਾ ਕਿ ਉਨਾਂ ਦੀਆਂ ਵੋਟਾਂ ਆਪਸ ਵਿੱਚ ਕਿੰਨੀ ਇਮਾਨਦਾਰੀ ਨਾਲ ਇੱਕ-ਦੂਜੇ ਨੂੰ ਟਰਾਂਸਫ਼ਰ ਹੁੰਦੀਆਂ ਹਨ। ਇਹ ਦੋਵੇਂ ਰਲ ਕੇ ਕਿੰਨੇ ਪ੍ਰਤੀਸ਼ਤ ਵੋਟਾਂ ਲੈਂਦੀਆਂ ਹਨ। ਇਹ ਪ੍ਰਤੀਸ਼ਤ ਵੀ ਨਤੀਜੇ ਤੇ ਕਾਫ਼ੀ ਅਸਰ ਪਾਵੇਗਾ। ਬੀ ਜੇ ਪੀ ਦੀ ਸਰਕਾਰ ਬਣਨੋਂ ਰੋਕਣ ਲਈ ਇਹ ਪ੍ਰਤੀਸ਼ਤ ਵੋਟ ਕਾਫ਼ੀ ਰੋਲ ਅਦਾ ਕਰੇਗੀ, ਪਰ ਇਹ ਸਭ ਅਜੇ ਤਕ ਭਵਿੱਖ ਦੀ ਕੁੱਖ ਵਿੱਚ ਹੈ।

ਇਹ ਗੱਲ ਵੀ ਸੋਲਾਂ ਆਨੇ ਸੱਚ ਹੈ ਕਿ ਮਮਤਾ ਦੀਦੀ ਆਪਣੇ ਭਤੀਜੇ ਨੂੰ ਸਿਆਸਤ ਵਿੱਚ ਆਪਣਾ ਵਾਰਸ ਬਣਾਉਣਾ ਚਾਹੁੰਦੀ ਹੈ। ਹੁਣ ਇਹ ਗੱਲ ਲੁਕੀ-ਛਿਪੀ ਨਹੀਂ ਰਹੀ। ਦੀਦੀ ਨੇ ਇਸ ਸੰਬੰਧ ਵਿੱਚ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਆਰੰਭ ਵੀ ਕਰ ਦਿੱਤੀਆਂ ਹਨ। ਦੂਜੇ ਪਾਸੇ ਬੀ ਜੇ ਪੀ ਨੇ ਵੀ ਇਸ ਖ਼ਿਲਾਫ਼ ਆਪਣਾ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ ਕਿ ਦੀਦੀ ਪਰਿਵਾਰਵਾਦ ਨੂੰ ਬੜਾਵਾ ਦੇ ਰਹੀ ਹੈ, ਭਾਵੇਂ ਕਿ ਅਮਿਤ ਸ਼ਾਹ ਹੁਰੀਂ ਵੀ ਇਸ ਤੋਂ ਅਛੂਤੇ ਨਹੀਂ ਰਹੇ ਹਨ।



ਦੂਜੇ ਪਾਸੇ ਮਮਤਾ ਦੀਦੀ ਨੇ ਆਪਣੀ ਜਿੱਤ ਯਕੀਨੀ ਬਣਾਉਣ ਦੀ ਖ਼ਾਤਰ ਅਤੇ ਹੈਟ੍ਰਿਕ ਬਣਾਉਣ ਦੀ ਖ਼ਾਤਰ ਪੀ ਕੇ ਦੇ ਨਾਂਅ ਨਾਲ ਮਸ਼ਹੂਰ ਰਣਨੀਤੀਕਾਰ ਪ੍ਰਸ਼ਾਤ ਕਿਸ਼ੋਰ ਜੋ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, 2015 ਵਿੱਚ ਨਿਤੀਸ਼ ਕੁਮਾਰ ਨੇ ਬਿਹਾਰ ਦੀਆਂ ਚੋਣਾਂ ਵਿੱਚ, 2017 ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਾਸਤੇ, ਆਂਧਰਾ ਪ੍ਰਦੇਸ਼ ਵਿੱਚ ਜਗਨ ਰੈਡੀ 2019 ਵਿੱਚ ਅਤੇ ਇਸੇ ਸਾਲ ਅਰਵਿੰਦ ਕੇਜਰੀਵਾਲ ਆਦਿ ਨੂੰ ਜਿਤਾਅ ਚੁੱਕਾ ਹੈ, ਨਾਲ ਵੀ ਸੰਪਰਕ ਕੀਤਾ ਹੈ। ਇਸ ਸਾਲ ਮਮਤਾ ਪੂਰੇ ਯਕੀਨ ਵਿੱਚ ਇਸ ਕਰਕੇ ਵੀ ਨਹੀਂ ਹੈ ਕਿਉਂਕਿ ਜਿਵੇਂ ਉੱਪਰ ਵਿਚਾਰ ਕੀਤਾ ਹੈ ਕਿ ਇਸ ਵਾਰ ਭਾਜਪਾ ਟੀ ਐੱਮ ਸੀ ਨੂੰ ਉਖਾੜ ਸੁੱਟਣ ਲਈ ਦ੍ਰਿੜ ਸੰਕਲਪ ਹੈ ਅਤੇ ਉਸ ਨੇ ਚੋਣ ਮੁਹਿੰਮ ਵਿੱਚ ਆਪਣੇ ਚੋਟੀ ਦੇ ਨੇਤਾਵਾਂ ਨੂੰ ਲਗਾਇਆ ਹੋਇਆ ਹੈ। ਇਸੇ ਕਰਕੇ ਪੀ ਕੇ ਨੇ ਟੀ ਐੱਮ ਸੀ ਪਾਰਟੀ ਅਤੇ ਪੱਛਮੀ ਬੰਗਾਲ ਸਰਕਾਰ ਉੱਪਰ ਆਪਣਾ ਕੰਟਰੋਲ ਸਖ਼ਤ ਵੀ ਕਰ ਦਿੱਤਾ ਹੈ, ਪਰ ਜਿਸ ਰਫ਼ਤਾਰ ਨਾਲ ਹਰ ਰੋਜ਼ ਪਾਰਟੀ ਦੇ ਲੀਡਰ ਅਤੇ ਕਾਰਕੁੰਨ ਆਦਿ ਪਾਰਟੀ ਛੱਡ ਕੇ ਭਾਜਪਾ ਵਿੱਚ ਜਾ ਰਹੇ ਹਨ, ਉਹ ਵਾਕਿਆ ਹੀ ਚਿੰਤਾ ਕਰਨ ਵਾਲੀ ਗੱਲ ਹੈ। ਇਸ ਸਮੇਂ ਪਾਰਟੀ ਨੂੰ ਲੱਗ ਰਹੇ ਖੋਰੇ ਨੂੰ ਫੌਰੀ ਰੋਕਣਾ ਅਤੀ ਜ਼ਰੂਰੀ ਹੈ।

ਕਾਂਗਰਸ ਛੱਡ ਕੇ ਤ੍ਰਿਮੂਲ ਕਾਂਗਰਸ ਬਣਾਉਣ ਅਤੇ ਮੁੱਖ ਮੰਤਰੀ ਬਣਨ ਤਕ ਦਾ ਅਗਰ ਮਮਤਾ ਦਾ ਸਫ਼ਰ ਗਹੁ ਨਾਲ ਦੇਖਿਆ ਜਾਵੇ ਤਾਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਮਮਤਾ ਲੜਾਈ ਵਿੱਚੋਂ ਦੌੜਨ ਵਾਲੀ ਨਹੀਂ, ਉਹ ਪੈਰ-ਪੈਰ 'ਤੇ ਲੜਾਈ ਦੇਣ ਵਾਲੀ ਹੈ। ਗਲੀ-ਗਲੀ, ਮੁਹੱਲੇ-ਮੁਹੱਲੇ ਲੜਾਈ ਦੇਣ ਵਾਲੀ ਹੈ। ਉਸ ਨੇ ਆਪਣੀ ਜ਼ਿੰਦਗੀ ਵਿੱਚ ਕਾਫ਼ੀ ਉਤਰਾਅ-ਚੜਾ ਦੇਖੇ ਹਨ। ਉਸ ਦਾ ਦ੍ਰਿੜ ਨਿਸ਼ਚਾ ਹੀ ਬੀ ਜੇ ਪੀ ਖ਼ਿਲਾਫ਼ ਲੜਾਈ ਦੇ ਸਕੇਗਾ। ਉਹ ਅਜੇ ਨਿਰੰਤਰ ਲੜਾਈ ਦੇ ਰਹੀ ਹੈ। ਸ਼ਾਇਦ ਇਸੇ ਕਰਕੇ ਪਿਛਲੇ ਦਿਨੀਂ ਉਸ ਦਾ ਹੌਸਲਾ ਪਸਤ ਕਰਨ ਲਈ ਉਸ ਦੇ ਮੰਤਰੀ ਜ਼ਾਕਿਰ ਹੁਸੈਨ 'ਤੇ ਇੱਕ ਦੇਸੀ ਬੰਬ ਨਾਲ ਹਮਲਾ ਕੀਤਾ ਗਿਆ, ਜਿਸ ਵਿੱਚ ਉਸ ਸਮੇਤ ਤਕਰੀਬਨ ਵੀਹ ਕਾਰਕੁਨ ਜ਼ਖ਼ਮੀ ਹੋ ਗਏ। ਇਹ ਹਮਲਾ ਮੁਰਸ਼ਿਦਾਬਾਦ ਜ਼ਿਲੇ ਦੇ ਰਘੂਨਾਥਗੰਜ ਇਲਾਕੇ ਵਿੱਚ ਬੁੱਧਵਾਰ ਦੀ ਰਾਤ ਕੁਝ ਸਮਾਜ ਵਿਰੋਧੀ ਅਨਸਰਾਂ ਨੇ ਕੀਤਾ, ਜਿਸ ਪਿੱਛੋਂ ਇਲਾਕੇ ਵਿੱਚ ਤਣਾਅ ਪਾਇਆ ਜਾ ਰਿਹਾ ਹੈ। ਇਸ 'ਤੇ ਮਮਤਾ ਨੇ ਬੀ ਜੇ ਪੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਉਪਰੋਕਤ ਘਟਨਾ ਤੋਂ ਬਾਅਦ ਵੀ ਮਮਤਾ ਦੇ ਹੌਂਸਲੇ ਬੁਲੰਦ ਲਗਦੇ ਹਨ। ਉਂਝ ਵੀ ਮਮਤਾ ਦੀਦੀ ਨੇ ਬਤੌਰ ਮੁੱਖ ਮੰਤਰੀ ਆਪਣੇ ਦਸ ਸਾਲ ਪੂਰੇ ਕਰ ਲਏ ਹਨ। ਦੀਦੀ ਨੂੰ ਆਪਣੇ ਪਿਛਲੇ ਦਸ ਸਾਲਾਂ ਦੀ ਕਾਰਗੁਜ਼ਾਰੀ ਦੇ ਸਿਰ 'ਤੇ ਵੋਟਾਂ ਮੰਗਣੀਆਂ ਚਾਹੀਦੀਆਂ ਹਨ। ਉਸ ਨੂੰ ਜਨਤਾ ਵਿੱਚ ਜਾ ਕੇ ਆਪਣੇ ਕੀਤੇ ਚੰਗੇ ਕੰਮ ਗਿਣਾਉਣੇ ਚਾਹੀਦੇ ਹਨ। ਜਿਹੜਾ ਵਾਅਦਾ ਪੂਰਾ ਨਹੀਂ ਕਰ ਸਕੀ, ਉਸ ਦਾ ਕਾਰਨ ਦੱਸਣਾ ਚਾਹੀਦਾ ਹੈ। ਆਉਣ ਵਾਲੇ ਸਮੇਂ ਲਈ ਵੀ ਉਸ ਨੂੰ ਉਹ ਵਾਅਦਾ ਜਨਤਾ ਨਾਲ ਨਹੀਂ ਕਰਨਾ ਚਾਹੀਦਾ, ਜਿਹੜਾ ਉਹ ਪੂਰਾ ਨਾ ਕਰ ਸਕੇ। ਓਦਾਂ ਵੀ ਉਹ ਝੂਠੇ ਲਾਰੇ ਲਾਉਣ ਵਿੱਚ ਬੀ ਜੇ ਪੀ ਦਾ ਮੁਕਾਬਲਾ ਬਿਲਕੁਲ ਹੀ ਨਹੀਂ ਕਰ ਸਕੇਗੀ। ਆਪਣੇ ਕੀਤੇ ਕੰਮਾਂ 'ਤੇ ਵੋਟ ਮੰਗ ਕੇ ਆਪਣੀ ਜਿੱਤ ਵੱਲ ਵਧੇ, ਨਾਲ ਹੀ ਆਪਣੀ ਮਮਤਾ ਦਾ ਗ੍ਰਾਫ ਵੀ ਜਨਤਾ ਪਾਸੋਂ ਵਸੂਲ ਕਰ ਸਕੇ।

ਜਨਤਾ ਵੱਲੋਂ ਮਮਤਾ ਦਾ ਗ੍ਰਾਫ ਕਿਸ ਅੰਕੜੇ ਤੱਕ ਛੂਹਿਆ ਜਾਂਦਾ ਹੈ, ਇਸ ਦਾ ਪਤਾ ਤਾਂ ਅਸਲ ਵਿੱਚ ਚੋਣ ਨਤੀਜੇ ਤੋਂ ਬਾਅਦ ਲੱਗੇਗਾ, ਕਿਉਂਕਿ ਅਜੇ ਕਿਸਾਨ ਅੰਦੋਲਨ ਅਤੇ ਤੇਲ ਦੀ ਤੇਜ਼ੀ ਨੇ ਆਪਣਾ ਰੰਗ ਵਿਖਾਉਣਾ ਹੈ।

# ਕੀ ਅਤੇ ਕਿਵੇਂ ਸੰਭਵ ਹੋ ਸਕਦਾ ਮੋਦੀ ਸਰਕਾਰ ਦਾ ਬਦਲ ?



**ਡਾ. ਸੁਰਿੰਦਰਪਾਲ ਸਿੰਘ ਮੰਡ**

**੯੪੧੭੩ ੨੪੫੪੩**

ਮੋਦੀ ਸਰਕਾਰ ਕੋਲ ਲੋਕ ਸਭਾ ਵਿਚ ਬਹੁਮਤ ਹੈ। ਰਾਜ ਸਭਾ ਵਿਚ ਬਹੁਮਤ ਬਿਨਾਂ ਵੀ ਵੋਟਾਂ ਜੁਟਾਉਣ ਅਤੇ ਧੱਕੇ ਨਾਲ ਵੀ ਕਾਨੂੰਨ ਪਾਸ ਕਰਾਉਣ ਦੀ ਜੁਗਾੜਬੰਦੀ ਹੈ। ਸਾਰੀ ਸਾਰੀ ਰਾਤ ਵੀ ਜਾਗ ਕੇ ਕੇਂਦਰ ਦੇ ਫ਼ੈਸਲਿਆਂ 'ਤੇ ਤੁਰੰਤ ਮੋਹਰ ਲਾਉਣ ਵਾਲਾ ਰਾਸ਼ਟਰਪਤੀ ਹੈ। ਅਦਾਲਤਾਂ ਅਤੇ ਮੀਡੀਏ ਤੱਕ ਨੂੰ ਵੱਸ ਵਿਚ ਕਰਨ ਦਾ ਤੰਤਰ ਮੰਤਰ ਹੈ। ਦੂਜੀਆਂ ਪਾਰਟੀਆਂ ਦੇ ਚੁਣੇ ਕੁਝ ਵਿਚਾਰਹੀਣ ਲਾਲਚੀ ਲੀਡਰਾਂ ਨੂੰ ਆਪਣੇ ਵੱਲ ਕਰਨ ਲਈ ਕੰਮ ਆਉਣ ਵਾਲਾ ਅਥਾਹ ਬਣਾਇਆ ਪੈਸਾ ਹੈ। ਡਰਾਉਣ ਧਮਕਾਉਣ ਫਸਾਉਣ ਲਈ ਪਟੇ ਖੋਲ ਕੇ ਪਿੱਛੇ ਲਾ ਦੇਣ ਵਾਲੀਆਂ ਜਾਂਚ ਏਜੰਸੀਆਂ ਹਨ ਅਤੇ ਸਭ ਤੋਂ ਵੱਡੀ ਗੱਲ ਕਿ ਇਹ ਸਭ ਕੁਝ ਕਰਨ ਵਾਲਾ ਨਿਸੰਗ ਸੁਭਾਅ ਕਿਰਦਾਰ ਹੈ।

ਐਸਾ ਕਿਰਦਾਰ ਜਿਹੜਾ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਪਾਏ ਆਪਣੇ ਜ਼ੀਰੋ ਯੋਗਦਾਨ ਦੀ ਗੱਲ ਕਰਦਿਆਂ ਸ਼ਰਮਿੰਦਾ ਨਹੀਂ ਹੁੰਦਾ ਤੇ ਸਿਰਫ਼ ਦੂਜਿਆਂ ਦੀਆਂ ਕਮੀਆਂ ਗਿਣਵਾਉਂਦਾ ਰਹਿੰਦਾ ਹੈ। ਜੋ ਪ੍ਰਚਾਰ ਮਸ਼ੀਨਰੀ ਨੂੰ ਵਰਤ ਕੇ, ਬਗੈਰ ਕੋਈ ਬਦਲਵੀਂ ਆਰਥਕ ਨੀਤੀ ਦਿੱਤਿਆਂ ਅਤੇ ਕੱਟੜ ਮਜ਼ਬਪ੍ਰਸਤ ਰਾਗ ਗਾ ਗਾ ਕੇ ਭੜਕਾਊ ਸਮਾਜੀ ਨਫ਼ਰਤ ਵਿਚੋਂ ਵੋਟਾਂ ਲੱਭਣ ਦੀ ਰਾਜਨੀਤੀ ਕਰਨ ਵਿਚ ਵਿਸ਼ਵਾਸ ਰੱਖਦਾ। ਜਿਸਦੇ ਸਰਕਾਰ ਚਲਾਉਣ ਦੇ ਤੌਰ ਤਰੀਕੇ ਤਾਨਾਸ਼ਾਹੀ ਜ਼ਹਿਰੀ ਹਨ ਪਰ ਬਾਹਰੋਂ ਦਿਸਦੀ ਤੋਰ ਨਾਗ ਪੇਲਵੀਂ ਲਚਕੀਲੀ ਲੁਭਾਊ ਹੈ। ਜਿਸ ਕੋਲ ਨਾਟਕ ਦੇ ਪਾਤਰਾਂ ਵਾਂਗ ਰੋਣ ਹਸਾਉਣ ਦੀ ਕਲਾ ਵੀ ਹੈ। ਤੇ ਇੰਜ ਬੜੀ ਬੱਲੇ ਬੱਲੇ ਹੋਈ ਪਈ ਜਾਪਦੀ।

ਪਰ ਕੁਦਰਤ ਵੀ ਬੜੀ ਬੇਅੰਤ ਹੈ। ਉਹ ਅੰਤ ਕਰਨ ਵਾਲੇ ਦੀ ਮੱਤ ਤੇ ਪਰਦਾ ਪਾ ਕੇ ਸਾਰੇ ਬੁਰਕੇ ਲਾਹ ਕੇ ਅਲਫ਼ ਨੰਗਾ ਕਰ ਦਿੰਦੀ ਹੈ। ਮੌਜੂਦਾ ਕਿਸਾਨ ਅੰਦੋਲਨ ਪ੍ਰਤੀ ਕੇਂਦਰ ਸਰਕਾਰ ਦੇ ਰਵੱਈਏ ਮੌਕੇ ਕੁਛ ਐਸਾ ਹੀ ਵਾਪਰਿਆ ਹੈ। ਸਾਰੀਆਂ ਸਰਦੀਆਂ ਲੱਖਾਂ ਕਿਸਾਨ ਦਿੱਲੀ ਬਾਰਡਰ ਉੱਤੇ ਸੜਕਾਂ 'ਤੇ ਸੁੱਤੇ ਰਹੇ। ਦੋ ਸੌ ਤੋਂ ਵੱਧ ਸ਼ਹੀਦ ਹੋ ਗਏ। ਪਰ ਕਿਸਾਨਾਂ ਦੀਆਂ ਵੋਟਾਂ ਲੈ ਕੇ ਪ੍ਰਧਾਨ ਮੰਤਰੀ ਬਣੇ ਨਰਿੰਦਰ ਮੋਦੀ ਦੇ ਮੂੰਹੋਂ ਇਕ ਵੀ ਹਮਦਰਦੀ ਦਾ ਲਫ਼ਜ਼ ਨਹੀਂ ਨਿਕਲਿਆ।

ਸਾਰਾ ਖੇਤੀ ਕਾਰੋਬਾਰ ਫ਼ਸਲਾਂ ਜ਼ਮੀਨਾਂ ਆਪਣੇ ਮਿੱਤਰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਕੇ, ਫਿਰ ਸਭ ਦੇਸ਼ ਵਾਸੀਆਂ ਨੂੰ ਆਲੂ, ਪਿਆਜ਼, ਟਮਾਟਰਾਂ ਦੀ ਤਰਜ਼ ਉੱਤੇ ਮਹਿੰਗੇ ਮੁੱਲ ਵੇਚਣ ਦਾ ਪੱਕਾ ਜੁਗਾੜ ਕਰਨ ਲਈ ਬਣਾਏ ਤਿੰਨ ਖੇਤੀ ਕਾਨੂੰਨ ਲਾਗੂ ਕਰਨ ਲਈ ਬਜ਼ਿਦ ਹੈ ਮੋਦੀ ਸਰਕਾਰ। ਅਤੇ ਇਹਨਾਂ ਕਾਨੂੰ ਨਾਂ ਨੂੰ ਰੱਦ ਕਰਾਉਣ ਲਈ ਉੱਠੇ ਅੰਦੋਲਨ ਨੂੰ ਭਟਕਾਅ ਕੇ ਫ਼ੇਲ ਕਰਨ ਲਈ ਕੋਈ ਵੀ ਹਰਬਾ ਵਰਤਣ ਤੋਂ ਗੁਰੇਜ਼ ਨਹੀਂ ਕਰ ਰਹੀ। 26 ਜਨਵਰੀ ਨਾਲ ਜੁੜਿਆ ਸਾਰਾ ਘਟਨਾਕ੍ਰਮ ਇਸਦਾ ਗਵਾਹ ਹੈ। ਲਾਲ ਕਿਲੇ ਦੇ ਦਰਵਾਜ਼ੇ ਜਿਹੜੇ ਅੱਜ ਤੱਕ ਤੋਪਾਂ ਦੇ ਗੋਲਿਆਂ ਨਾਲ ਵੀ ਨਹੀਂ ਟੁੱਟੇ/ਖੁੱਲੇ, ਉਹਨਾਂ ਨੂੰ ਖੋਲ ਕੇ ਪੁਲਿਸ ਕੁਰਸੀਆਂ ਡਾਹ ਕੇ ਬਾਹਰ ਬੈਠੀ ਉਡੀਕ ਕਰ ਰਹੀ ਸੀ ਕਿ ਕੁਝ ਹੋਵੇ, ਜਿਸ ਨਾਲ ਅੰਦੋਲਨ ਵਿਰੁੱਧ ਮੁੱਦਾ ਮਿਲੇ। ਉਸ ਦਿਨ ਇਕ ਵਾਰ ਤਾਂ ਅੰਦੋਲਨ ਵਿਚ ਮਾਤਮ ਛਾ ਜਾਣ ਦੇ ਹਾਲਾਤ ਪੈਦਾ ਕਰਨ ਵਿਚ ਸਰਕਾਰ ਸਫਲ ਹੋ ਗਈ ਸੀ। ਪਰ ਫਿਰ ਹੰਕਾਰ-ਵੱਸ ਕਾਹਲੀ ਕਰਕੇ ਜਦ ਗ੍ਰਿਫ਼ਤਾਰੀ ਦੇਣ ਲਈ ਤਿਆਰ ਹੋ ਚੁੱਕੇ ਰਕੇਸ਼ ਟਿਕੈਤ ਨੂੰ ਮਾਰ ਭਜਾਉਣ ਵਾਲਾ ਤਮਾਸ਼ਾ ਕਰਨ ਉੱਤੇ ਸਰਕਾਰ ਉਤਾਰੂ ਹੋਈ ਤਾਂ ਉਹ ਅੱਗੋਂ ਡਟ ਗਿਆ ਤੇ ਉਸਦੀ ਭਾਵੁਕ ਅਪੀਲ ਮੁਲਕ ਭਰ ਵਿਚ ਜੰਗਲ ਦੀ ਅੱਗ ਦੀ ਤਰਾਂ ਫੈਲੀ। ਅਣਖੀ ਲੋਕਾਂ ਰਾਤ ਹੀ ਦਿੱਲੀ ਨੂੰ ਵਹੀਰਾਂ ਘੱਤੀਆਂ। ਇੰਜ ਇਕ ਵਾਰ ਤਾਂ ਸਰਕਾਰੀ ਮਨਸੂਬੇ ਫ਼ੇਲ ਹੋ ਗਏ। ਵੀਰ ਭਰਾਵੋ, ਵੇਖਿਓ ਕਿਤੇ ਕੋਈ ਜਾਣੇ ਅਣਜਾਣੇ ਫਿਰ ਮੋਦੀ ਵੱਲੋਂ ਅੰਦੋਲਨ ਦਾ ਵਢਾਂਗਾ ਕਰਨ ਵਾਲੀ ਕੁਹਾੜੀ ਦਾ ਦਸਤਾ ਨਾ ਬਣ ਜਾਇਓ। ਜੇ ਅੰਦੋਲਨ ਜਿੱਤ ਗਿਆ ਤਾਂ ਹੀ ਅਸਲੀ ਝੰਡੇ ਝੁਲਣਗੇ।

ਪਰ ਫ਼ਿਲਹਾਲ ਅੰਦੋਲਨ ਸੰਭਲ ਗਿਆ ਹੈ ਅਤੇ ਤੇਜ਼ੀ ਨਾਲ ਸਾਰੇ ਮੁਲਕ ਵਿਚ ਫੈਲ ਰਿਹਾ ਹੈ। ਆਪ ਮੁਹਾਰੇ ਖਾਪਾਂ, ਪੰਚਾਇਤਾਂ ,ਆਮ ਲੋਕਾਂ ਦੀ ਸ਼ਮੂਲੀਅਤ ਵਾਲੇ ਬਹੁਤ ਵੱਡੇ ਇਕੱਠ ਸਾਬਤ ਕਰਦੇ ਹਨ ਕਿ ਅੰਦੋਲਨ ਜਨ ਅੰਦੋਲਨ ਬਣ ਚੁੱਕਾ ਤੇ ਲੋਕ ਕਿਸੇ ਵੀ ਕੀਮਤ ਉੱਤੇ ਇਸ ਨੂੰ ਹਾਰਿਆ ਨਹੀਂ ਵੇਖਣਾ ਚਾਹੁੰਦੇ। ਸਰਕਾਰ ਦੇ ਵਤੀਰੇ ਕਰਕੇ ਪੰਜਾਬ ਹਰਿਆਣੇ ਪੱਛਮੀ ਯੂ. ਪੀ ਵਿਚੋਂ ਤਾਂ ਬੀ. ਜੇ. ਪੀ ਦੀ ਸਫ਼ ਵਲੇਟੀ ਗਈ ਜਾਪਦੀ ਹੈ । ਮੋਦੀ ਸਰਕਾਰ ਦੀਆਂ ਨੀਤੀਆਂ ਨੇ ਉਸਦੀ ਪਾਰਟੀ ਨੂੰ ਲੋਕਾਂ ਵਿਚੋਂ ਝਟਕੇ ਨਾਲ ਨਿਖੇੜ ਦਿੱਤਾ ਹੈ। ਆਪ ਸੁਰੱਖਿਆ ਘੇਰੇ ਵਿਚ ਰਹਿੰਦੇ ਮੋਦੀ ਨੇ ਜੇ ਕਿਸਾਨ ਸੰਘਰਸ਼ ਨੂੰ ਕੁਚਲ ਦੇਣ ਦਾ ਸੁਪਨਾ ਵੇਖਿਆ ਤਾਂ ਇਸਦੀ ਕੀਮਤ ਖਾਹਮਖਾਹ ਵਿਚਾਰੇ ਸਥਾਨਕ ਆਗੂ ਚੁਕਾਉਣਗੇ। ਇੱਥੋਂ ਦੀ ਪਾਰਟੀ ਵੀ ਅੰਦਰੋਂ ਮੋਦੀ ਤੋਂ ਦੁਖੀ ਹੈ ਪਰ ਬੋਲਣ ਜੋਗਾ ਕੋਈ ਨਹੀਂ । ਸਭ ਸੋਚਦੇ ਕਿ ਜੇ ਬੋਲਣਾ ਅਡਵਾਨੀ ਨੂੰ ਏਨਾ ਮਹਿੰਗਾ ਪੈ ਸਕਦਾ ਤਾਂ ਅਸੀਂ ਕਿਹੜੇ ਬਾਗ ਦੀ ਮੂਲੀ।

ਬੀ. ਜੇ. ਪੀ ਦੀਆਂ ਯੂ. ਪੀ, ਮੱਧ ਪ੍ਰਦੇਸ਼, ਗੁਜਰਾਤ ਰਾਜ ਸਰਕਾਰਾਂ ਵੱਲੋਂ ਤਾਜ਼ੇ ਤਾਜ਼ੇ 'ਲਵ ਜੇਹਾਦ' ਵਰਗੇ ਕਾਨੂੰਨ ਲਿਆ ਕੇ ਇਕ ਘੱਟ ਗਿਣਤੀ ਧਰਮ ਵਿਸ਼ੇਸ਼ ਨੂੰ ਟਾਰਗੇਟ ਕਰਨਾ ਤੇ ਹੋਰ ਸਾਰਾ ਵਤੀਰਾ ਸਾਬਤ ਕਰਦਾ ਹੈ ਕਿ ਅਜੇ ਵੀ ਸਾਰੀ ਟੇਕ ਨਫ਼ਰਤ ਉੱਤੇ ਹੀ ਹੈ। ਇਕੱਲੀ ਧਾਰਾ 370, ਰਾਮ ਮੰਦਰ, ਜੰਮੂ ਕਸ਼ਮੀਰ ਦੀ ਤੋੜ ਭੰਨ ਅਤੇ ਸਰਜੀਕਲ ਸਟਰਾਈਕ ਵਰਗੀਆਂ ਭੜਕਾਊ ਗੱਲਾਂ ਨਾਲ ਰੁਜ਼ਗਾਰ ਨਹੀਂ ਪੈਦਾ ਹੋਣਾ।

ਮੋਦੀ ਸਰਕਾਰ ਦੀਆਂ ਨੀਤੀਆਂ ਕਾਰਨ ਭਾਰਤ ਆਰਥਕ ਸੰਕਟ ਵਿਚ ਘਿਰ ਚੁੱਕਾ ਹੈ। ਰੁਜ਼ਗਾਰ ਸੰਭਾਵਨਾਵਾਂ ਜ਼ੀਰੋ ਹਨ। ਬੈਂਕਾਂ ਫ਼ੇਲ ਹੋ ਚੁੱਕੀਆਂ ਹਨ, ਤੇ ਲੋਕਾਂ ਦੇ ਜਮਾਂ ਪੈਸੇ ਨੂੰ ਲਗਾਤਾਰ ਖੋਰਾ ਜਾਰੀ ਹੈ ਤੇ ਖ਼ਤਰਾ ਵੀ। ਨੋਟ-ਬੰਦੀ ਵਾਲੀ ਮੂਰਖਤਾ ਨੇ ਤਾਂ ਪਹਿਲਾਂ ਹੀ ਰੁਜ਼ਗਾਰਾਂ ਦਾ ਲੱਕ ਤੋੜਿਆ ਪਿਆ ਸੀ। ਮੋਦੀ ਸਰਕਾਰ ਇਕ ਪਾਸੇ ਤਾਂ ਆਪਣਾ ਰੁਟੀਨ ਖਰਚਾ ਚਲਾਉਣ ਲਈ ਸਰਕਾਰੀ ਅਦਾਰੇ (ਭਾਰਤ ਪੈਟਰੋਲੀਅਮ, ਬੀ. ਐੱਸ. ਐੱਨ. ਐੱਲ, ਐੱਲ. ਆਈ. ਸੀ, ਬੈਂਕਾਂ, ਰੇਲਵੇ, ਏਅਰ ਪੋਰਟ, ਏਅਰ ਇੰਡੀਆ, ਲਾਲ ਕਿਲੇ ਦੀ ਸੰਭਾਲ, ਹਥਿਆਰ, ਲੜਾਕੇ ਜਹਾਜ਼, ਕੋਲਾ, ਗੈਸ, ਬਿਜਲੀ ਅਤੇ ਕਈ ਕੁਝ ਹੋਰ ) ਆਪਣੇ ਪ੍ਰਾਈਵੇਟ ਯਾਰਾਂ ਬੇਲੀਆਂ ਦੇ ਹਵਾਲੇ ਕਰ ਦੇਣ ਦੇ ਰਾਹ ਤੁਰੀ ਹੈ। ਜੀਕੂੰ ਕੋਈ ਬੇ-ਗੈਰਤ ਅਮਲੀ ਆਪਣੀ ਕਰਤੂਤੀਂ ਘਰ ਦੇ ਭਾਂਡੇ ਹੀ ਵੇਚਣ ਦੇ ਰਾਹੇ ਤੁਰ ਪੈਂਦਾ। ਤੇ ਦੂਜੇ ਪਾਸੇ ਵੱਡੇ ਕਾਰੋਬਾਰੀ ਘਰਾਣਿਆਂ ਦਾ ਬੈਂਕਾਂ 'ਚੋਂ ਕਰਜ਼ੇ ਵਜੋਂ ਲਿਆ ਪੈਸਾ ਕੋਈ ਇਕ ਲੱਖ ਕਰੋੜ ਹਰ ਸਾਲ ਮਾਫ਼ ਕਰਦੇ ਆ ਰਹੇ। ਸਿੱਧੀ ਲੁੱਟ ਪਾ ਦਿੱਤੀ ਲੋਕਾਂ ਦੇ ਪੈਸੇ ਦੀ ਕਾਰਪੋਰੇਟ ਦੀਆਂ ਜੇਬਾਂ ਵਿਚ ਪਾਉਣ ਲਈ। ਖ਼ਬਰਾਂ ਹਨ ਕਿ ਇਹਨਾਂ ਘਰਾਣਿਆਂ ਦਾ 'ਨਾ ਮੁੜਨ ਵਾਲੇ ਕਰਜ਼ੇ' ਦੇ ਨਾਮ ਉੱਤੇ ਹੋਰ ਦਸ ਲੱਖ ਕਰੋੜ ਮਾਫ਼ ਕਰਾਉਣ ਦੀਆਂ ਫਾਈਲਾਂ ਵੀ ਤਿਆਰ ਨੇ। ਪਰ ਸਰਕਾਰ ਇਹਨਾਂ ਵੱਡੇ ਪਖੰਡੀ ਡਿਫਾਲਟਰ ਘਰਾਣਿਆਂ ਦੇ ਨਾਮ ਤਕ ਦੱਸਣ ਨੂੰ ਤਿਆਰ ਨਹੀਂ। ਮੁਫ਼ਤ ਨਹੀਂ ਦਿੱਤਾ ਹੋਊ ਪੈਸਾ, ਵਿਚੋਂ ਹਿੱਸਾ/ਕਮਿਸ਼ਨ ਲਿਆ ਹੋਊ, ਪੱਕਾ। ਉਸ ਪੈਸੇ ਨਾਲ ਹੀ ਤਾਂ ਚੱਲਦਾ ਸਾਰਾ ਦਿਨ ਖ਼ਬਰਾਂ ਦੇ ਚੈਨਲਾਂ ਉੱਤੇ 'ਤੋਤਾ ਰਾਗ' ਤੇ ਹੋਰ ਸਾਰਾ ਪ੍ਰਚਾਰ/ਖ਼ਰੀਦ ਤੰਤਰ।

ਸਰਕਾਰ ਤਾਂ ਪ੍ਰਸ਼ਾਸਨ ਚਲਾਉਣ ਲਈ ਚੁਣੀ ਜਾਂਦੀ, ਹੋਰ ਵਧੀਆ ਨੀਤੀਆਂ ਲਿਆਉਣ ਲਈ, ਦੇਸ਼ ਦੀ ਤਰੱਕੀ ਲਈ ।

ਬਾਕੀ ਸਫ਼ਾ 30 'ਤੇ

# ਸਿੱਖੀ ਭਾਵਨਾ ਅਤੇ ਮੌਜੂਦਾ ਕਿਸਾਨੀ ਸੰਘਰਸ਼



## ਰਣਜੀਤ ਸਿੰਘ ਕੁਕੀ

2014 ਦੀਆਂ ਆਮ ਚੋਣਾਂ ਨੇ ਕੱਟੜ ਲੋਕਵਾਦ ਦੀ ਸ਼ੁਰੂਆਤ ਕੀਤੀ ਅਤੇ ਇਸ ਦੇ ਨਾਲ ਹੀ ਤਾਨਾਸ਼ਾਹੀ, ਰਾਸ਼ਟਰਵਾਦ, ਬਹੁਸੰਖਿਆਵਾਦ ਅਤੇ ਸੰਗਠਿਤ ਘਰਾਣਿਆਂ ਦੇ ਪ੍ਰਭਾਵ ਦੇ ਬਿਰਤਾਂਤ ਨੂੰ ਹੋਰ ਬਲ ਮਿਲਿਆ। ਇਕ ਖ਼ਾਸ ਭਾਈਚਾਰੇ ਨੂੰ ਮਹੱਤਵ ਦੇਣ ਵਾਲੇ ਰਾਸ਼ਟਰਵਾਦ ਦੇ ਬਿਰਤਾਂਤ ਨੂੰ ਮਜ਼ਬੂਤੀ ਮਿਲੀ ਜਿਸ ਉੱਪਰ ਅਸਹਿਣਸ਼ੀਲਤਾ ਅਤੇ ਹੰਕਾਰ ਦੀ ਮੋਟੀ ਪਰਤ ਚੜ੍ਹੀ ਹੋਈ ਸੀ। ਇਸ ਤਰਾਂ ਦੇ ਵਰਤਾਰੇ ਨੇ ਰਾਜਨੀਤਿਕ ਅਤੇ ਸੱਭਿਆਚਾਰਕ ਖੇਤਰ ਉੱਪਰ ਆਪਣਾ ਗ਼ਲਬਾ ਜਮਾ ਲਿਆ ਹੈ, ਜਿਸ ਦਾ ਨਤੀਜਾ ਬਹੁਤ ਹੀ ਕਮਜ਼ੋਰ ਰਾਸ਼ਟਰੀ ਸੰਵੇਦਨਸ਼ੀਲਤਾ ਦੇ ਰੂਪ ਵਿਚ ਨਿਕਲਿਆ ਜੋ ਕਿ ਵਿਰੋਧ ਦੀ ਜ਼ਰਾ ਜਿੰਨੀ ਅਵਾਜ਼ ਨਹੀਂ ਬਰਦਾਸ਼ਤ ਕਰਦੀ। ਇਹ ਬਦਲਾਅ ਅਜੇ ਵੀ ਜਾਰੀ ਹੈ। ਇਸ ਤਰਾਂ ਦੇ ਬਦਲਾਅ ਵਿਚ ਰਾਜ ਕਰ ਰਹੀ ਕੁਲੀਨ ਸੱਤਾ ਨੇ ਕੁਝ ਕੁ ਖ਼ਾਸ ਲੋਕਾਂ ਨੂੰ ਫ਼ਾਇਦਾ ਪਹੁੰਚਾਉਣ ਦੀ ਰਣਨੀਤੀ ਅਪਣਾਈ ਹੈ ਜਿਸ ਨੇ ਵੱਡੇ ਹਿੱਸੇ ਨੂੰ ਆਪਣੇ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ ਹੈ ਅਤੇ ਫ਼ੈਸਲਾ ਲੈਣ ਵਿਚ ਉਨਾਂ ਦੀ ਭਾਗੀਦਾਰੀ ਜ਼ਰੂਰੀ ਨਹੀਂ ਸਮਝੀ ਜਾਂਦੀ। ਇਸ ਨੇ ਇਸ ਤਰਾਂ ਦੇ ਰਾਜਨੀਤਿਕ ਵਰਤਾਰੇ ਨੂੰ ਪੈਦਾ ਕੀਤਾ ਹੈ ਜੋ ਕਿ 'ਦੂਜੇ' ਨੂੰ ਤਬਾਹ ਕਰਨ ਵਿਚ ਹੀ ਯਕੀਨ ਕਰਦਾ ਹੈ। ਇਤਿਹਾਸ ਅਜਿਹੀਆਂ ਉਦਾਹਰਣਾਂ ਨਾਲ ਭਰਿਆ ਹੋਇਆ ਹੈ ਕਿ ਜਦੋਂ ਵੀ ਘੁਟਨ ਅਤੇ ਰੂੜੀਵਾਦ ਨੇ ਲੋਕਾਂ ਨੂੰ ਤੋੜਨ ਦੀ ਅਤਿਅੰਤ ਕੋਸ਼ਿਸ਼ ਕੀਤੀ ਹੈ ਤਾਂ ਲੋਕ ਇਸ ਜਬਰ ਅਤੇ ਘੁਟਨ ਦੇ ਖ਼ਿਲਾਫ਼ ਅਵਾਜ਼ ਉਠਾ ਕੇ ਇਸ ਤੋਂ ਪਾਰ ਦੇਖਣ ਦੀ ਲੋਚਾ ਰੱਖਦੇ ਹਨ। ਜਰਮਨ ਦਾਰਸ਼ਨਿਕ ਫਰੀਡਰਿਕ ਨਿਤਸ਼ੇ ਦਾ ਕਹਿਣਾ ਸੀ:

ਰਾਜ ਸਭ ਤੋਂ ਕਰੂੜ ਦੈਂਤ ਹੈ, ਇਹ ਕਰੂੜ ਤਰੀਕੇ ਨਾਲ ਹੀ ਝੂਠ ਬੋਲਦਾ ਹੈ ਅਤੇ ਇਹ ਝੂਠ ਉਸ ਦੇ ਮੂੰਹ ਵਿਚੋਂ ਹੀ ਨਿਕਲਦਾ ਹੈ। ਕੋਈ ਵੀ ਸਰਕਾਰ ਜੋ ਸੱਚ ਨੂੰ ਖੋਖਲੇ ਅਰਧ-ਸੱਚ ਢੰਗ ਨਾਲ ਦੇਖਦੀ ਹੈ, ਉਹ ਜ਼ਿਆਦਾ ਆਕਰਸ਼ਣ ਰੱਖਦੀ ਹੈ ਅਤੇ ਅਸਲੀਅਤ ਇਸੇ ਵਿਚ ਹੀ ਗੁਆਚ ਜਾਂਦੀ ਹੈ।

ਇਸੇ ਤਰਾਂ ਦੀ ਮਾਨਸਿਕਤਾ ਨਾਲ ਹੀ ਰਾਜਤੰਤਰ ਬਹੁਤ ਸਾਰੇ ਨਵੇਂ ਕਾਨੂੰਨ ਅਤੇ ਸੋਧਾਂ ਲੈ ਕੇ ਆਇਆ ਹੈ ਤਾਂ ਕਿ ਰਾਜ ਪ੍ਰਣਾਲੀ ਦੀ ਵਿਵਸਥਾ ਨੂੰ ਹੀ ਬਦਲਿਆ ਜਾ ਸਕੇ। ਕਿਉਂਕਿ ਇਸ ਨੂੰ ਪਹਿਲਾਂ ਕੋਈ ਜ਼ਿਆਦਾ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ, ਇਸ ਕਰਕੇ ਰਾਜਤੰਤਰ ਨੇ ਸ਼ਰੇਆਮ ਖੇਤੀ ਕਾਨੂੰਨ ਪਾਸ ਕਰਨ ਦਾ ਫ਼ੈਸਲਾ ਲਿਆ ਜਿਸ ਨੇ ਖੇਤੀ ਖੇਤਰ ਨੂੰ ਸੰਗਠਿਤ ਘਰਾਣਿਆਂ ਦੇ ਰਹਿਮੋ ਕਰਮ 'ਤੇ ਛੱਡ ਦੇਣਾ ਹੈ। ਇਸ ਰਾਜਤੰਤਰ ਨੇ ਖੇਤੀ ਖੇਤਰ ਵਿਚ ਅਸਲ ਸੁਧਾਰਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਕਿਸਾਨਾਂ ਨੂੰ ਖੇਤੀ ਖੇਤਰ ਨੂੰ ਉਤਸ਼ਾਹਿਤ ਕਰਨ ਦਾ ਝਾਂਸਾ ਦੇ ਕੇ ਉਨਾਂ ਨੂੰ ਸੰਗਠਿਤ ਘਰਾਣਿਆਂ ਦੇ ਟੁਕੜਿਆਂ ਉੱਪਰ ਹੀ ਨਿਰਭਰ ਰੱਖਣਾ ਚਾਹਿਆ ਹੈ। ਇਸ ਨੇ ਖੇਤੀ ਖ਼ੁਰਾਕ ਨੀਤੀਆਂ ਵਿਚ ਤਬਦੀਲੀ ਲੈ ਕੇ ਆਉਣ ਜਿਹੀਆਂ ਮਹੱਤਵਪੂਰਨ ਗੱਲਾਂ ਉੱਪਰ ਵੀ ਕੋਈ ਵਿਚਾਰ ਨਹੀਂ ਕੀਤਾ। ਸਬਸਿਡੀਆਂ ਦੀਆਂ ਨੀਤੀਆਂ ਤੋਂ ਉੱਪਰ ਉੱਠ ਕੇ ਖੇਤੀ ਖੇਤਰ ਨੂੰ ਉਪਭੋਗਤਾ-ਕੇਂਦਰਿਤ ਕਰਨ ਦੀ ਬਜਾਇ ਉਤਪਾਦਕ-ਕੇਂਦਰਿਤ ਕਰਨ ਦੀ ਲੋੜ ਹੈ। ਖੇਤੀ ਖੇਤਰ ਨੂੰ ਉਦਯੋਗਿਕ ਪੱਖ ਨਾਲ ਜੋੜ ਕੇ ਮੰਗ-ਕੇਂਦਰਿਤ ਨੀਤੀ ਦੀ ਬਜਾਇ ਪੂਰਤੀ-ਕੇਂਦਰਿਤ ਨੀਤੀਆਂ ਨੂੰ ਬੜਾਵਾ ਦੇਣ ਦੀ ਜ਼ਰੂਰਤ ਹੈ। ਇਸ ਦੇ ਨਾਲ ਹੀ ਪੱਛਮੀ ਸਰਹੱਦ ਨੂੰ ਖੋਲ ਕੇ ਖੋਜ ਅਤੇ ਵਿਕਾਸ ਪ੍ਰਕਿਰਿਆ ਉੱਪਰ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਖੇਤੀ ਖੇਤਰ ਨੂੰ ਚੀਨ ਅਤੇ ਇਜ਼ਰਾਈਲ ਦੀ ਤਰਾਂ ਉਤਸ਼ਾਹਿਤ ਕੀਤਾ ਜਾ ਸਕੇ। ਭਾਰਤ ਦੇ ਮੁਕਾਬਲਤਨ ਕਿਤੇ ਘੱਟ ਖੇਤੀ ਖੇਤਰ, ਜੋਤਾਂ ਅਤੇ ਮਜ਼ਦੂਰਾਂ ਦੀ ਮੌਜੂਦਗੀ ਵਾਲੇ ਦੇਸ਼ਾਂ ਵਿਚ ਵੀ ਖੇਤੀ ਆਮਦਨ ਜ਼ਿਆਦਾ ਹੈ। ਭਾਰਤ ਦੇ ਮੁਕਾਬਲੇ ਖੇਤੀ ਖੇਤਰ ਤੋਂ ਚੀਨ ਦੀ ਮਾਲਗੁਜ਼ਾਰੀ ਪੰਜ ਗੁਣਾ ਅਤੇ ਇਜ਼ਰਾਈਲ ਦੀ ਵੀਹ ਗੁਣਾ ਜ਼ਿਆਦਾ ਹੈ ਜਦੋਂ ਕਿ ਭਾਰਤ ਵਿਚ ਵਧੇਰੇ ਲੋਕ ਖੇਤੀ ਧੰਦੇ ਵਿਚ ਸ਼ਾਮਲ ਹਨ।

ਹੁਣ ਤੱਕ ਉਦਾਰਵਾਦੀ ਨੀਤੀਆਂ ਨੇ ਖੇਤੀ ਖੇਤਰ ਨੂੰ ਨਜ਼ਰਅੰਦਾਜ਼ ਹੀ ਕੀਤਾ ਹੈ। ਇਸ ਦੇ ਬਾਵਜੂਦ ਵੀ ਜਲਦਬਾਜ਼ੀ ਵਿਚ ਸਰਕਾਰ ਨੇ ਕਿਸਾਨਾਂ ਉੱਪਰ ਤਿੰਨ ਖੇਤੀ ਕਾਨੂੰਨ ਥੋਪ ਦਿੱਤੇ ਹਨ। ਭਾਰਤ ਦਾ ਅੰਨਦਾਤਾ ਅਤੇ ਜ਼ਿਆਦਾਤਰ ਕਿਸਾਨੀ ਅਧਾਰ ਹੋਣ ਦੇ ਨਾਤੇ ਪੰਜਾਬ ਨੇ ਇਹਨਾਂ ਖੇਤੀ ਕਾਨੂੰਨਾਂ ਖ਼ਿਲਾਫ਼ ਅਵਾਜ਼ ਬੁਲੰਦ ਕੀਤੀ ਅਤੇ ਕਿਸਾਨਾਂ ਨੇ ਸਿੱਖੀ ਜਜ਼ਬੇ ਤੋਂ ਪ੍ਰੇਰਨਾ ਲੈ ਆਪਣਾ ਵਿਰੋਧ ਜਤਾਉਣ ਲਈ ਦਿੱਲੀ ਦੀਆਂ ਬਰੂਹਾਂ ਤੇ ਜਾ ਡੇਰੇ ਲਾਏ ਹੋਏ ਹਨ। ਉਨਾਂ ਨੂੰ ਹਰਿਆਣਾ, ਪੱਛਮੀ ਯੂਪੀ ਅਤੇ ਰਾਜਸਥਾਨ ਦੇ ਕਿਸਾਨਾਂ ਦਾ ਪੁਰਜ਼ੋਰ ਸਾਥ ਮਿਲਿਆ। ਸਿੱਖੀ ਜਜ਼ਬਾ ਅਤੇ ਨਿਰਸਵਾਰਥ ਸੇਵਾ ਕਰਨ ਦੀ ਭਾਵਨਾ ਅਤੇ ਸੰਕਲਪ ਸਾਰੇ ਅੰਦੋਲਨ ਉੱਪਰ ਛਾ ਗਿਆ।

ਕਿਸਾਨ ਅੰਦੋਲਨ ਦੀ ਅਗਵਾਈ ਖੱਬੇ ਪੱਖੀ ਵਿਚਾਰਧਾਰਾ ਵਾਲੀਆਂ ਜਥੇਬੰਦੀਆਂ ਕਰ ਰਹੀਆਂ ਹਨ। ਕਿਸਾਨੀ ਸੰਘਰਸ਼ ਦਾ ਸਾਹਮਣਾ ਤਾਨਾਸ਼ਾਹੀ ਰਿਆਸਤ ਨਾਲ ਹੋ ਰਿਹਾ ਹੈ ਜਿਸ ਵਿਚ ਮਨੁੱਖੀ ਭਾਵਨਾ ਦੀ ਸਮਝ ਨਹੀਂ ਅਤੇ ਵਿਰੋਧ ਅਤੇ ਅਸਹਿਮਤੀ ਲਈ ਕੋਈ ਸਥਾਨ ਨਹੀਂ। ਕਵੀ ਮਕਾਈ ਨੇ 1925 ਵਿਚ ਇੰਗਲੈਂਡ ਦੇ ਰਾਜਕੁਮਾਰ ਨੂੰ ਲਿਖਿਆ ਸੀ:

**ਕਿਸਾਨੀ ਮਸਲਾ**

ਤੁਸੀ ਸਾਨੂੰ ਸੱਚ ਭੇਜਿਆ, ਪਰ ਸੱਚ ਤੋਂ ਵਾਂਝੇ ਕਰ ਦਿੱਤਾ,
ਤੁਸੀ ਸਾਨੂੰ ਜ਼ਿੰਦਗੀ ਭੇਜੀ, ਪਰ ਜ਼ਿੰਦਗੀ ਤੋਂ ਵਾਂਝੇ ਕਰ ਦਿੱਤਾ।
**ਤੁਸੀ ਸਾਨੂੰ ਰੋਸ਼ਨੀ ਭੇਜੀ, ਪਰ ਹਨੇਰੇ ਵਿਚ ਬੈਠੇ ਹਾਂ,**
**ਸਿਖਰ ਦੁਪਹਿਰੇ ਵੀ ਹਨੇਰੇ ਨਾਲ ਘਿਰੇ ਹੋਏ ਕੰਬ ਰਹੇ ਹਾਂ।**

ਖੇਤੀ ਕਾਨੂੰਨਾਂ ਖ਼ਿਲਾਫ਼ ਹੋ ਰਿਹਾ ਮੌਜੂਦਾ ਕਿਸਾਨ ਅੰਦੋਲਨ ਸਾਣ ਦੇ ਪੱਥਰ ਵਾਲੀ ਸਥਿਤੀ ਵਿਚ ਪਹੁੰਚ ਗਿਆ ਹੈ ਜੋ ਜਾਂ ਤਾਂ ਇਸ ਨੂੰ ਰਗੜ ਦੇਵੇਗਾ ਜਾਂ ਨਿਖਾਰ ਦੇਵੇਗਾ। ਇਹ ਸਭ ਕਿਸਾਨ ਲੀਡਰਾਂ ਦੀ ਦੂਰ-ਅੰਦੇਸ਼ੀ ਅਤੇ ਸਪਸ਼ਟਤਾ ਉੱਪਰ ਨਿਰਭਰ ਕਰਦਾ ਹੈ ਜੋ ਕਿ ਇਸ ਅੰਦੋਲਨ ਨੂੰ ਪਰਿਭਾਸ਼ਿਤ ਕਰਦੇ ਸਵੈ-ਸਿਰਜਤ ਦੋ ਰੂਪਾਂ ਦਾ ਸਾਹਮਣਾ ਕਰ ਰਹੀ ਹੈ। ਪਹਿਲਾਂ, ਸਿੱਖ ਮੁੱਦਾ ਅਤੇ ਉਨਾਂ ਦੀਆਂ ਦੱਬੀਆਂ ਭਾਵਨਾਵਾਂ; ਦੂਜਾ, ਰਾਸ਼ਟਰਵਾਦੀ ਵਿਚਾਰ ਦੁਆਰਾ ਪ੍ਰਭਾਵਿਤ ਖੱਬੇਪੱਖੀ ਵਿਚਾਰਧਾਰਾ। ਬਦਕਿਸਮਤੀ ਨਾਲ, ਭਾਰਤੀ ਰਾਜਤੰਤਰ ਦੀਆਂ ਉਦਾਰਵਾਦ ਅਤੇ ਲੋਕਤੰਤਰ ਸਬੰਧੀ ਨੀਤੀਆਂ ਉੱਪਰ ਤਾਨਾਸ਼ਾਹੀ ਨੀਤੀਆਂ ਵਾਲਾ ਰਾਜਤੰਤਰ ਭਾਰੂ ਹੋ ਗਿਆ ਹੈ ਜੋ ਕਿ ਸੌੜੀ ਵਿਚਾਰਧਾਰਾ ਉੱਪਰ ਅਧਾਰਿਤ ਹੈ। ਇਸ ਦਾ ਇੱਕੋ ਇਕ ਮਕਸਦ ਉਦਾਰਵਾਦੀ ਲੋਕਤੰਤਰ ਦੀ ਸ਼ਾਖ਼ ਗਿਰਾਉਣਾ ਹੈ। ਇਸ ਦੀ ਕਿਸਾਨਾਂ ਦੇ ਭਵਿੱਖ ਨੂੰ ਲੈ ਕੇ ਖੁੱਲੀ ਚਰਚਾ ਕਰਨ ਅਤੇ ਮਾਨਵਤਾ ਦੀ ਭਾਵਨਾ ਵਿਕਸਿਤ ਕਰਨ ਵਿਚ ਕੋਈ ਰੁਚੀ ਨਹੀਂ ਹੈ।

ਪੰਜਾਬ ਦੀ ਕਿਸਾਨੀ ਲੀਡਰਸ਼ਿਪ ਜੋ ਕਿ 26 ਜਨਵਰੀ ਤੋਂ ਪਹਿਲਾਂ ਸੰਯੁਕਤ ਅੰਦੋਲਨ ਦੇ ਕੇਂਦਰ ਵਿਚ ਸੀ, ਉਹ ਰਾਸ਼ਟਰਵਾਦੀ ਪ੍ਰਵਚਨ ਦੇ ਪ੍ਰਭਾਵ ਹੇਠ ਹੋ ਗਈ। ਨਤੀਜਾ, ਇਸ ਨੇ ਸਿੱਖੀ ਜਜ਼ਬੇ ਅਤੇ ਭਾਵਨਾ ਨੂੰ ਨਜ਼ਰਅੰਦਾਜ਼ ਕੀਤਾ ਜਿਸ ਨੇ ਸਿੱਖਾਂ, ਖ਼ਾਸ ਕਰਕੇ ਨੌਜਵਾਨ ਵਰਗ, ਵਿਚ ਨਾਕਰਾਤਮਕ ਭਾਵਨਾ ਨੂੰ ਜਨਮ ਦਿੱਤਾ ਜੋ ਕਿ ਇਸ ਅੰਦੋਲਨ ਦੀ ਰੀੜ ਦੀ ਹੱਡੀ ਹਨ। ਇਸ ਤਰਾਂ ਦੀ ਵੰਡੀ ਹੋਈ ਸੋਚ ਅਤੇ ਕਿਸਾਨੀ ਲੀਡਰਸ਼ਿਪ ਦੀ ਅੰਦੋਲਨ ਉੱਪਰ ਢਿੱਲੀ ਪਕੜ ਨੇ ਹੀ ਸਿੱਖ ਰਾਸ਼ਟਰਵਾਦ ਦੇ ਬਿਰਤਾਂਤ ਲਈ ਖੁੱਲੀ ਜਗਾ ਬਣਾਈ ਤਾਂ ਕਿ ਉਨਾਂ ਦੇ ਰੋਸ ਨੂੰ ਇਜ਼ਹਾਰ ਮਿਲ ਸਕੇ। ਅਸਲ ਵਿਚ ਵਿਵੇਕ ਦੀ ਕਮੀ ਅਤੇ ਭਾਰਤੀ ਰਾਸ਼ਟਰਵਾਦ ਦੇ ਬਿਰਤਾਂਤ ਉੱਪਰ ਹੀ ਜ਼ੋਰ ਦੇਣ ਕਰਕੇ ਉਨਾਂ ਦੀ ਪਕੜ ਢਿੱਲੀ ਹੋ ਗਈ। ਇਸ ਦਾ ਨਤੀਜਾ ਮਾੜੇ ਤਰੀਕੇ ਨਾਲ ਆਯੋਜਿਤ ਕੀਤੀ ਟਰੈਕਟਰ ਪਰੇਡ ਵਿਚ ਹੁੱਲੜਬਾਜੀ ਦੇ ਰੂਪ ਵਿਚ ਨਿਕਲਿਆ। ਉਨਾਂ ਨੂੰ ਪਤਾ ਹੀ ਨਾ ਲੱਗਿਆ ਕਿ ਉਹ ਕਦੋਂ ਰਾਸ਼ਟਰਵਾਦੀ ਰਿਆਸਤ ਦੀ ਚਾਲ ਵਿਚ ਫਸ ਗਏ ਜਿਸ ਨੇ ਇਸ ਅੰਦੋਲਨ ਨੂੰ ਸਿੱਖੀ ਇੱਛਾਵਾਂ ਅਤੇ ਰਾਸ਼ਟਰਵਾਦ ਨਾਲ ਜੋੜ ਕੇ ਹੀ ਪੇਸ਼ ਕੀਤਾ। ਇਸ ਕਦਮ ਨੇ ਪੰਜਾਬ ਦੇ ਕਿਸਾਨਾਂ ਵਿਚ ਵੀ ਵਿਚਾਰਾਂ ਦੇ ਪੱਧਰ ਤੇ ਵੰਡ ਪਾਈ ਅਤੇ ਲੀਡਰਸ਼ਿਪ ਨੂੰ ਆਪਣੇ ਆਪ ਨੂੰ ਦੂਜੀ ਸਰਹੱਦ ਉੱਪਰ ਰਾਸ਼ਟਰਵਾਦੀ ਹਿੰਦੂਵਾਦੀ ਕਿਸਾਨੀ ਲੀਡਰਸ਼ਿਪ ਨਾਲ ਜੋੜਨਾ ਪਿਆ। ਪੰਜਾਬ ਅੰਦਰ ਵੀ ਉਤਸ਼ਾਹ ਵਾਲੀ ਸਥਿਤੀ ਵਿਚ ਕਮੀ ਆਈ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਲੀਡਰਸ਼ਿਪ ਆਪਣੇ ਹੱਥੋਂ ਥਿੜਕਦੀ ਬਾਜੀ ਨੂੰ ਪਛਾਣ ਨਾ ਸਕੀ ਅਤੇ ਉਨਾਂ ਨੇ ਅੰਦੋਲਨ ਵਿਚ ਮੌਜੂਦ ਸਿੱਖੀ ਭਾਵਨਾ ਨੂੰ ਨਜ਼ਰਅੰਦਾਜ਼ ਕੀਤਾ ਜੋ ਕਿ ਇਸ ਤਰਾਂ ਦੇ ਰਾਸ਼ਟਰਵਾਦ ਦੇ ਬਿਰਤਾਂਤ ਅਤੇ ਅੱਤਕਥਨੀਆਂ ਨੂੰ ਪਸੰਦ ਨਹੀਂ ਕਰਦੀ। ਲੀਡਰਸ਼ਿਪ ਨੇ ਸਿੱਖੀ ਦੇ ਪੰਥ-ਨਿਰਪੇਖ ਖ਼ਾਸੇ ਅਤੇ ਖੁੱਲੇਪਣ ਦੀ ਭਾਵਨਾ ਨੂੰ ਅੱਖੋਂ-ਪਰੋਖੇ ਕੀਤਾ ਜਿਸ ਨੇ ਪੱਛਮੀ ਦੁਨੀਆ ਵਿਚ ਵੀ ਪ੍ਰਭਾਵਸ਼ਾਲੀ ਭੀੜ ਇਕੱਠੀ ਕਰ ਲਈ। ਕਾਨੂੰਨ ਦੇ ਘਾੜਿਆਂ ਅਤੇ ਸੰਸਾਰ ਪੱਧਰ ਦੀਆਂ ਸੰਸਥਾਵਾਂ ਨੇ ਆਪਣਾ ਸਹਿਯੋਗ ਦਿੱਤਾ। ਉਨਾਂ ਦੀ ਪਰਪੱਕਤਾ ਕਿਸਾਨੀ ਅੰਦੋਲਨ ਨਾਲ ਹੈ ਪਰ ਉਨਾਂ ਨੂੰ ਜੋੜ ਕੇ ਰੱਖਣ ਵਾਲੀ ਸਿੱਖੀ ਭਾਵਨਾ ਨੇ ਕਿਸਾਨੀ ਅੰਦੋਲਨ ਉੱਪਰ ਜ਼ਿਆਦਾ ਪ੍ਰਭਾਵ ਪਾਇਆ।

ਸਿੱਖ ਸੰਘਰਸ਼ ਦਾ ਰਾਜਨੀਤਿਕ ਥਾਂ ਪ੍ਰਾਪਤ ਕਰਨ ਦਾ ਆਪਣਾ ਇਤਿਹਾਸ ਹੈ, ਪਰ ਇਸ ਨੇ ਕਦੇ ਵੀ ਆਰਥਿਕ ਜਾਂ ਕਿਸਾਨਾਂ ਦੇ ਮੁੱਦਿਆਂ ਉੱਪਰ ਸੰਘਰਸ਼ ਨਹੀਂ ਲੜਿਆ। ਇੱਥੋਂ ਤੱਕ ਕਿ ਅਕਾਲੀ ਦਲ ਨੇ ਵੀ ਗੁਰਦੁਆਰਾ ਸੁਧਾਰ ਲਹਿਰ ਤੋਂ ਲੈ ਕੇ ਪੰਜਾਬੀ ਸੂਬਾ ਅਤੇ 1980ਵਿਆਂ ਦੇ ਸੰਘਰਸ਼ ਤੱਕ ਆਪਣੇ ਸੰਘਰਸ਼ਮਈ ਸਫ਼ਰ ਵਿਚ ਕਦੇ ਕਿਸਾਨਾਂ ਦੇ ਮੁੱਦੇ ਅਤੇ ਆਰਥਿਕ ਪੱਖਾਂ ਨੂੰ ਨਹੀਂ ਉਠਾਇਆ। ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲੇ ਤੋਂ ਬਾਅਦ ਵੀ ਕਿਸਾਨੀ ਅਤੇ ਆਰਥਿਕ ਮੁੱਦੇ ਨਹੀਂ ਵਿਚਾਰੇ ਗਏ। ਮੌਜੂਦਾ ਕਿਸਾਨੀ ਸੰਘਰਸ਼ ਨੇ ਕਿਸਾਨੀ ਅਤੇ ਇਸ ਨਾਲ ਜੁੜੀ ਆਰਥਿਕਤਾ ਦੀ ਅਹਿਮੀਅਤ ਨੂੰ ਕੇਂਦਰ ਵਿਚ ਲਿਆਂਦਾ ਹੈ। ਕਿਸਾਨੀ ਦਾ ਸਿੱਖੀ ਅਧਾਰ ਹੋਣ ਕਰਕੇ ਉਨਾਂ ਦਾ ਇਤਿਹਾਸ, ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਸਿੱਖੀ ਇੱਛਾਵਾਂ ਇਸ ਅੰਦੋਲਨ ਨਾਲ ਜੁੜ ਜਾਂਦੀਆਂ ਹਨ ਜਿਸ ਨੂੰ ਭਾਰਤੀ ਰਾਸ਼ਟਰਵਾਦ ਪਸੰਦ ਨਹੀਂ ਕਰਦਾ।

ਇਹਨਾਂ ਸਿੱਖੀ ਭਾਵਨਾਵਾਂ, ਜੋ ਕਿ ਪੂਰੀ ਤਰਾਂ ਕਿਸਾਨੀ ਅੰਦੋਲਨ ਨਾਲ ਜੁੜੀਆਂ ਹੋਈਆਂ ਹਨ, ਨੂੰ ਖੱਬੇਪੱਖੀ ਵਿਚਾਰਧਾਰਾ ਵਾਲੀ ਕਿਸਾਨੀ ਲੀਡਰਸ਼ਿਪ ਸਮਝ ਨਹੀਂ ਸਕੀ। ਇਸ ਨੇ ਸਿੱਖ ਕਿਸਾਨਾਂ ਅਤੇ ਕਿਸਾਨੀ ਲੀਡਰਸ਼ਿਪ ਵਿਚ ਇਕ ਪਾੜਾ ਪੈਦਾ ਕਰ ਦਿੱਤਾ। ਅੰਦੋਲਨ ਦੀ ਭਾਵਨਾ ਅਤੇ ਬਣਤਰ ਪੂਰੀ ਤਰਾਂ ਸਿੱਖੀ ਜੀਵਨ ਜਾਚ ਨਾਲ ਜੁੜੀ ਹੋਈ ਸੀ ਜਿਸ ਨੇ ਦੂਜੇ ਧਰਮਾਂ ਦੇ ਲੋਕਾਂ ਨੂੰ ਵੀ ਅੰਦੋਲਨ ਨਾਲ ਜੋੜਿਆ। 26 ਜਨਵਰੀ ਤੋਂ ਪਹਿਲਾਂ ਸਿੰਘੂ ਬਾਰਡਰ ਅੰਦੋਲਨ ਦਾ ਧੁਰਾ ਸੀ ਜਿੱਥੇ ਸਿੱਖੀ ਆਚਾਰ ਅਤੇ ਧਾਰਮਿਕ ਭਾਵਨਾਵਾਂ ਪੂਰੇ ਜ਼ੋਰ-ਸ਼ੋਰ ਨਾਲ ਮੌਜੂਦ ਸਨ। ਇਸ ਨੇ ਕਿਸਾਨਾਂ ਨੂੰ ਉਕਤਾ ਦੇਣ ਵਾਲੇ ਨੇਮ ਵਿਚ ਵੀ ਪੂਰੇ ਜੋਸ਼ ਨਾਲ ਭਰੀ ਰੱਖਿਆ। ਮੰਚ ਤੋਂ ਹੁੰਦੇ ਭਾਸ਼ਣ ਵੀ ਸਿੱਖੀ ਦੇ ਸੰਘਰਸ਼ਮਈ ਇਤਿਹਾਸ ਅਤੇ ਸਿੱਖ ਗੁਰੂਆਂ ਦੀ ਸ਼ਹੀਦੀ ਦੇ ਬਿਰਤਾਂਤ ਨਾਲ ਲਬਰੇਜ਼ ਸਨ ਤਾਂ ਕਿ ਸਿੱਖੀ ਅਧਾਰ ਵਾਲੇ ਕਿਸਾਨਾਂ ਦਾ ਹੌਸਲਾ ਬੁਲੰਦ ਰਹੇ। ਇਸ ਨਾਲ ਸਿੱਖੀ ਇੱਛਾਵਾਂ ਨੂੰ ਬਲ ਮਿਲਿਆ ਪਰ ਅੰਦੋਲਨ ਦਾ ਧੁਰਾ ਖੇਤੀ ਕਾਨੂੰਨ ਹੀ ਰਹੇ। ਕਿਸਾਨੀ ਲੀਡਰਸ਼ਿਪ ਦੀ ਵੱਡੀ ਅਸਫਲਤਾ ਇਹ ਰਹੀ ਕਿ ਉਹ ਆਮ ਕਿਸਾਨਾਂ ਵਿਚ ਨਹੀਂ ਵਿਚਰੇ ਅਤੇ ਉਨਾਂ ਨੇ ਸਿੱਖੀ ਭਾਵਨਾ ਨੂੰ ਮੰਨਣ ਤੋਂ ਪਾਸਾ ਵੱਟੀ ਰੱਖਿਆ। ਇਸ ਤਰਾਂ ਦੇ ਪਾੜੇ ਦਾ ਕੁਝ ਧਿਰਾਂ ਨੇ ਫ਼ਾਇਦਾ ਉਠਾਇਆ ਜਿਸ ਦਾ ਨਤੀਜਾ ਪਰੇਡ ਵਾਲੇ ਦਿਨ ਅਖ਼ਤਿਆਰ ਕੀਤੇ ਅਲੱਗ-ਅਲੱਗ ਰਾਸਤਿਆਂ ਦੇ ਰੂਪ ਵਿਚ ਨਿਕਲਿਆ। ਇਸ ਗੱਲ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਕਿਸੇ ਵੀ ਸੰਘਰਸ਼ ਦਾ ਹਿੱਸਾ ਬਣਨ ਵਾਲੇ ਲੋਕ ਉਸ ਵਿਚ ਮੌਜੂਦ ਮਾਹੌਲ ਤੋਂ ਪ੍ਰਭਾਵਿਤ ਹੁੰਦੇ ਹਨ। ਇਸ ਗੱਲ ਨੂੰ ਸਮਝਣ ਦੀ ਕਮੀ ਨੇ ਹੀ ਉਦੇਸ਼ ਅਤੇ ਮਨੋਬਲ ਵਿਚ ਇਕ ਪਾੜਾ ਪੈਦਾ ਕੀਤਾ ਜਿਸ ਨੂੰ ਕਿਸਾਨਾਂ ਨੇ ਸਿੱਖੀ ਵਿਚਾਰਾਂ ਨਾਲ ਭਰਨ ਦੀ ਕੋਸ਼ਿਸ਼ ਕੀਤੀ। ਇਹਨਾਂ ਵਿਚਾਰਾਂ ਨੇ ਪੀੜੀ-ਦਰ-ਪੀੜੀ ਉਨਾਂ ਉੱਪਰ ਆਪਣਾ ਪ੍ਰਭਾਵ ਪਾਇਆ ਹੈ। ਕਿਸਾਨੀ ਲੀਡਰਸ਼ਿਪ ਦੀ ਆਮ ਕਿਸਾਨਾਂ ਤੋਂ ਦੂਰੀ ਹੀ ਕਿਸਾਨਾਂ ਵਿਚ ਗਹਿਰਾਈ ਅਤੇ ਚੇਤੰਨਤਾ ਨਹੀਂ ਲਿਆ ਸਕੀ। ਲੰਮੇ ਸੰਘਰਸ਼ ਦੀ ਉਕਤਾਈ ਵੀ ਲੋਕਾਂ ਨੂੰ ਮਾਨਸਿਕ ਰੂਪ ਨਾਲ ਪ੍ਰਭਾਵਿਤ ਕਰ ਰਹੀ ਹੈ। ਲੋਕਾਂ ਨੇ ਇਸ ਨੂੰ ਧਾਰਮਿਕ ਭਾਵਨਾ ਨਾਲ ਭਰਨ ਦੀ ਕੋਸ਼ਿਸ਼ ਕੀਤੀ। ਕਿਸਾਨਾਂ ਨੂੰ ਇਸ ਭਰਮ ਵਿਚ ਆਉਣ ਦੀ ਬਜਾਇ ਇਹ ਸਮਝਾਉਣਾ ਚਾਹੀਦਾ ਹੈ ਕਿ ਜਿਸ ਧਿਰ ਨਾਲ ਉਨਾਂ ਦਾ ਮੁਕਾਬਲਾ ਹੋ ਰਿਹਾ ਹੈ ਉਹ ਅੰਨੇ ਰਾਸ਼ਟਰਵਾਦ ਦੀ ਭਾਵਨਾ ਨਾਲ ਭਰੀ ਹੋਈ ਹੈ ਅਤੇ ਕਿਸਾਨਾਂ ਦੇ ਮੁੱਦਿਆਂ ਨਾਲ ਉਨਾਂ ਦਾ ਕੋਈ ਸਰੋਕਾਰ ਨਹੀਂ ਹੈ। ਇਸ ਅੰਨੇ ਰਾਸ਼ਟਰਵਾਦ ਦੇ ਬਿਰਤਾਂਤ ਨੂੰ ਮੀਡੀਆ ਦੁਆਰਾ ਹੋਰ ਜ਼ਿਆਦਾ ਮਜ਼ਬੂਤ ਕੀਤਾ ਜਾਂਦਾ ਹੈ ਜੋ ਕਿ ਲੋਕਾਂ ਦੇ ਦੁੱਖ-ਦਰਦ ਨੂੰ ਵੀ ਤਮਾਸ਼ਾ ਬਣਾ ਕੇ ਪੇਸ਼ ਕਰਦਾ ਹੈ। ਉਹ ਕਿਸਾਨੀ ਮੁੱਦਿਆਂ ਪ੍ਰਤੀ ਸੂੱਜ ਸਮਝ ਵਿਕਸਿਤ ਕਰਨ ਦੀ ਬਜਾਇ ਡਰ ਦੀ ਭਾਵਨਾ ਪੈਦਾ ਕਰਦਾ ਹੈ। ਇਸ ਤਰਾਂ ਦੇ ਅੰਨੇ ਰਾਸ਼ਟਰਵਾਦ ਦਾ ਅਸਲ ਵਿਚ ਅਣਮਨੁੱਖੀ ਅਤੇ ਸਖ਼ਤ ਹਾਲਾਤਾਂ ਵਿਚ ਅੰਦੋਲਨ ਕਰ ਰਹੇ ਲੋਕਾਂ ਦੀਆਂ ਦੁੱਖ-ਤਕਲੀਫ਼ਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ।

ਕਾਬਿਲ-ਏ-ਗ਼ੌਰ ਹੈ ਕਿ ਮੀਡੀਆ ਆਪਣੇ ਖੋਖਲੇ ਦਾਅਵਿਆਂ ਨਾਲ ਸਿੱਖ ਵਿਚਾਰਾਂ ਨੂੰ ਸਿੱਖ ਰਾਸ਼ਟਰਵਾਦ ਅਤੇ ਵੱਖਵਾਦੀ ਝੁਕਾਅ ਦੇ ਡਰ ਵਜੋਂ ਪੇਸ਼ ਕਰਨ ਵਿਚ ਵਿਅਸਤ ਹੈ। ਇਸ ਦਾ ਇੱਕੋ ਇਕ ਮਕਸਦ ਲੋਕਾਂ ਦਾ ਧਿਆਨ ਖੇਤੀ ਕਾਨੂੰਨਾਂ ਤੋਂ ਹਟਾ ਕੇ ਹੋਰ ਮਸਲਿਆਂ ਵਿਚ ਉਲਝਾਉਣਾ ਹੈ। ਸੰਗਠਿਤ ਘਰਾਣਿਆਂ ਦੀ ਸਰਪ੍ਰਸਤੀ ਹੇਠ ਮੀਡੀਆ ਨੇ ਰਿਆਸਤ ਦਾ ਰੋਲ ਨਿਭਾਉਣਾ ਹੀ ਸ਼ੁਰੂ ਕਰ ਦਿੱਤਾ ਹੈ ਜੋ ਕਿ ਲੋਕਤੰਤਰ ਦੇ ਮੁੱਢਲੇ ਅਧਿਕਾਰ ਸ਼ਾਂਤੀਪੂਰਵਕ ਢੰਗ ਨਾਲ ਵਿਰੋਧ ਜਤਾਉਣ ਵਿਰੁੱਧ ਹੀ ਪ੍ਰਚਾਰ ਕਰ ਰਿਹਾ ਹੈ। ਇਸ ਸਾਰੀ ਪ੍ਰੀਕਿਰਿਆ ਵਿਚ ਉਹ ਕਿਸਾਨਾਂ ਦੀ ਬਦਤਰ ਹਾਲਾਤ ਨੂੰ ਅੱਖੋਂ-ਪਰੋਖੇ ਕਰ ਰਿਹਾ ਹੈ।

ਸੰਸਾਰ ਵਿਕਾਸ ਸੂਚਕ ਦੇ ਅਨੁਸਾਰ ਬੁਨਿਆਦੀ ਸਹੂਲਤਾਂ ਤੋਂ ਵੀ ਸੱਖਣਾ ਖੇਤੀ ਖੇਤਰ ਪੰਜਾਬ ਵਿਚ ਸਭ ਤੋਂ ਹੇਠਲੇ ਦਰਜੇ ਤੇ ਚੱਲ ਰਿਹਾ ਹੈ। ਵਾਤਾਵਰਣ ਦੇ ਪੱਖੋਂ ਵੀ ਪੰਜਾਬ ਵਿਚ ਸਾਰੀਆਂ ਨਹਿਰਾਂ ਅਤੇ ਸਿੰਚਾਈ ਸਾਧਨ ਪ੍ਰਦੂਸ਼ਿਤ ਹੋ ਚੁੱਕੇ ਹਨ। ਨਿਯੰਤਰਿਤ ਦਾਣਾ ਮੰਡੀਆਂ ਹੇਠ ਖਾਧ ਦੀਆਂ ਕੀਮਤਾਂ ਵੀ ਉਪਭੋਗਤਾ ਕੇਂਦਰਿਤ ਹਨ ਜਿਸ ਨੇ ਕਿਸਾਨਾਂ ਨੂੰ ਉਚਿੱਤ ਮੁੱਲ ਮਿਲਣ ਤੋਂ ਵਾਂਝੇ ਰੱਖਿਆ ਹੈ। ਨਤੀਜਾ, ਕਿਸਾਨਾਂ ਦੀ ਆਮਦਨ ਅਤੇ ਖੇਤ ਮਜ਼ਦੂਰਾਂ ਦੀ ਆਮਦਨ ਵਿਚ ਖੜੋਤ ਆ ਗਈ ਹੈ। ਇਸ ਨੇ ਕਿਸਾਨਾਂ ਵਿਚ ਰਾਜ ਪ੍ਰਤੀ ਭਰੋਸੇ ਦੀ ਕਮੀ, ਨਿਰਾਸ਼ਾ ਅਤੇ ਗ਼ੁੱਸਾ ਪੈਦਾ ਕੀਤਾ ਹੈ। ਇਹੀ ਗ਼ੁੱਸਾ ਅਤੇ ਨਿਰਾਸ਼ਾ ਕਿਸਾਨ ਲੀਡਰਸ਼ਿਪ ਦੇ ਨਿਯੰਤਰਨ 'ਚੋਂ ਬਾਹਰ ਹੋ ਗਿਆ ਅਤੇ ਰਿਆਸਤ ਅਤੇ ਮੀਡੀਆ ਘਰਾਣਿਆਂ ਨੇ ਇਸ ਨੂੰ ਆਪਣੇ ਉਦੇਸ਼ ਲਈ ਵਰਤਿਆ। ਸਾਬਕਾ ਪ੍ਰਧਾਨ ਮੰਤਰੀ ਦੇ ਰਾਜ ਦੀ ਤਰਜ਼ 'ਤੇ ਹੀ ਡਰ ਦਾ ਝੂਠਾ ਮਾਹੌਲ ਸਿਰਜਿਆ ਗਿਆ ਜਿਸ ਦਾ ਫ਼ਾਇਦਾ ਉਠਾ ਕੇ ਉਸ ਸਮੇਂ ਦੀ ਪ੍ਰਧਾਨ ਮੰਤਰੀ ਨੇ ਲੋਕਾਂ ਦੇ ਮੁੱਢਲੇ ਅਧਿਕਾਰ ਖੋਹ ਲਏ ਸਨ। ਹੁਣ ਦੀ ਰਿਆਸਤ ਵੀ ਟੇਢੇ ਤਰੀਕੇ ਨਾਲ ਉਸੇ ਤਰਾਂ ਦਾ ਰਵੱਈਆ ਅਪਣਾ ਰਹੀ ਹੈ ਹਰ ਵਿਰੋਧ ਅਤੇ ਰਾਜਨੀਤਿਕ ਅੰਦੋਲਨ ਨੂੰ ਕੁਚਲ ਕੇ ਹੀ ਰੱਖਣਾ ਚਾਹੁੰਦੀ ਹੈ। ਕਿਸਾਨੀ ਅੰਦੋਲਨ ਵਿਚ ਜਿੱਥੇ ਸਿੱਖੀ ਭਾਵਨਾ ਭਾਰੂ ਹੈ, ਉਸ ਨੂੰ ਮੀਡੀਆ ਸਿੱਖ ਰਾਸ਼ਟਰਵਾਦ ਦੀ ਚਾਹਤ ਵਜੋਂ ਪ੍ਰਸਤੁਤ ਕਰ ਰਿਹਾ ਹੈ। ਇਸ ਦੇ ਲਈ ਕਿਸਾਨੀ ਲੀਡਰਸ਼ਿਪ ਵੀ ਜ਼ਿੰਮੇਵਾਰ ਹੈ ਕਿਉਂਕਿ ਉਨਾਂ ਨੇ ਵੀ ਡਰ ਦੀ ਭਾਵਨਾ ਅਪਣਾ ਕੇ ਰਾਸ਼ਟਰਵਾਦੀ ਸੋਚ ਨੂੰ ਤਰਜੀਹ ਦਿੱਤੀ ਹੈ। ਰਿਆਸਤ ਨੇ ਖੇਤੀ ਖੇਤਰ ਦੀਆਂ ਬਾਰੀਕੀਆਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਦੋਂ ਕਿ ਖੱਬੇਪੱਖੀ ਕਿਸਾਨ ਜਥੇਬੰਦੀਆਂ ਦੀ ਪੰਜਾਬ ਦੇ ਕਿਸਾਨਾਂ ਵਿਚ ਚੰਗੀ ਪਕੜ ਹੈ ਜਿੰਨਾਂ ਨੂੰ ਸਿੱਖੀ ਦੀ ਭਾਵਨਾ ਜੋੜ ਕੇ ਰੱਖਦੀ ਹੈ ਜਦੋਂ ਕਿ ਸੱਤਾਧਾਰੀ ਜਮਾਤ ਉਨਾਂ ਨੂੰ ਅਜੇ ਵੀ ਹਿੰਦੂ ਧਰਮ ਦਾ ਹਿੱਸਾ ਹੀ ਮੰਨਦੀ ਹੈ। ਸਿੱਖੀ ਭਾਵਨਾ ਅਤੇ ਖੱਬੇਪੱਖੀ ਵਿਚਾਰਧਾਰਾ ਦਾ ਵਿਵਹਾਰਿਕ ਮੇਲ ਹੀ ਰਿਆਸਤ ਦੇ ਲਈ ਵੱਡੀ ਚੁਣੌਤੀ ਹੈ। ਰਿਆਸਤ ਬਿਨਾਂ ਕਿਸੇ ਵਿਚਾਰ ਚਰਚਾ ਤੋਂ ਖੇਤੀ ਕਾਨੂੰਨਾਂ ਨੂੰ ਹਰੀ ਕ੍ਰਾਂਤੀ ਤੋਂ ਬਾਅਦ ਅਨਾਜ ਪੱਖੋਂ ਸਰਪਲੱਸ ਰਾਜ ਵਿਚ ਲਾਗੂ ਕਰਨਾ ਚਾਹੁੰਦੀ ਹੈ। ਉਸ ਦਾ ਤਰਕ ਹੈ ਕਿ ਮੌਜੂਦਾ ਖੇਤੀ ਵਿਵਸਥਾ ਨੂੰ ਹੁਲਾਰਾ ਦੇਣ ਲਈ ਸੰਗਠਿਤ ਵਿਵਸਥਾ ਦਾ ਖੁੱਲੀ ਮੰਡੀ ਦਾ ਸਿਸਟਮ ਜ਼ਿਆਦਾ ਕਾਰਗਰ ਸਿੱਧ ਹੋਏਗਾ।

ਰਿਆਸਤ ਇਸ ਭੁਲੇਖੇ ਵਿਚ ਹੈ ਕਿ ਰਿਆਸਤ ਦਾ ਇਤਿਹਾਸ 2014 ਤੋਂ ਬਾਅਦ ਹੀ ਸ਼ੁਰੂ ਹੋਇਆ ਅਤੇ ਜੋ ਕੋਈ ਵੀ ਧਿਰ ਇਸ ਦੇ ਖ਼ਿਲਾਫ਼ ਅਵਾਜ਼ ਉਠਾਉਂਦੀ ਹੈ ਉਸ ਦੀ ਵਫ਼ਾਦਾਰੀ ਅਤੇ ਦੇਸ਼-ਭਗਤੀ ਉੱਪਰ ਸੁਆਲ ਖੜੇ ਕਰਕੇ ਕੱਟੜ ਰਾਸ਼ਟਰਵਾਦ ਦੀ ਭਾਵਨਾ ਵਿਕਸਿਤ ਕੀਤੀ ਗਈ ਹੈ। 1970ਵਿਆਂ ਵਿਚ ਤਾਨਾਸ਼ਾਹੀ ਤਰਬੀਅਤ ਵਾਲੀ ਸਰਕਾਰ ਨੇ ਖੇਤੀ ਖੇਤਰ ਨੂੰ ਨਿੱਜੀ ਮੰਡੀਆਂ ਤੋਂ ਦੂਰ ਕੀਤਾ ਅਤੇ ਮੌਜੂਦਾ ਸਰਕਾਰ ਸ਼ਰੇਆਮ ਨਿੱਜੀਕਰਨ ਨੂੰ ਖੇਤੀ ਖੇਤਰ ਵਿਚ ਧੱਕ ਰਹੀ ਹੈ। ਇਹ ਦੋਨੋਂ ਹੀ ਫ਼ੈਸਲੇ ਬਿਨਾਂ ਕਿਸੇ ਵਿਚਾਰ ਅਤੇ ਬਹਿਸ ਤੋਂ ਕੀਤੇ ਗਏ। ਇਸ ਨੂੰ ਲੈ ਕੇ ਵਿਰੋਧਾਭਾਸ ਹੋਣਾ ਸੁਭਾਵਿਕ ਸੀ, ਪਰ ਰਾਜਨੀਤਿਕ ਬਹੁਗਿਣਤੀ ਦੀ ਸਰਵ-ਸ੍ਰੇਸ਼ਟਤਾ ਕਾਰਨ ਇਸ ਨੂੰ ਕੋਈ ਤਰਜੀਹ ਨਹੀਂ ਦਿੱਤੀ ਗਈ। ਖੱਬੇਪੱਖੀ ਵਿਚਾਰਧਾਰਾ ਵਾਲੀ ਕਿਸਾਨੀ ਲੀਡਰਸ਼ਿਪ ਅਤੇ ਸਿੱਖੀ ਭਾਵਨਾ ਦੇ ਸੁਮੇਲ ਨੂੰ ਜਿਸ ਤਰਾਂ ਤਾਨਾਸ਼ਾਹੀ ਰਿਆਸਤ ਦੁਆਰਾ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ 1970ਵਿਆਂ ਅਤੇ 80 ਵਿਆਂ ਦੇ ਮਾਹੌਲ ਦਾ ਦੁਹਰਾਅ ਹੀ ਜਾਪ ਰਿਹਾ ਹੈ। ਮੌਜੂਦਾ ਸਥਿਤੀ ਮੁਤਾਬਿਕ ਪ੍ਰੈਸ ਦੀ ਅਜ਼ਾਦੀ, ਮਨੁੱਖੀ ਅਧਿਕਾਰਾਂ ਦੀ ਲੜਾਈ ਲੜ ਰਹੇ ਲੋਕਾਂ ਦੀ ਅਜ਼ਾਦੀ ਦੇ ਸੰਦਰਭ ਵਿਚ ਭਾਰਤ ਸੰਸਾਰ ਸੂਚੀ ਵਿਚ ਬੁਰੀ ਤਰਾਂ ਲੜਖੜਾ ਚੁੱਕਿਆ ਹੈ। ਕਿਸਾਨੀ ਅੰਦੋਲਨ ਦੇ ਰੂਪ ਵਿਚ ਤਾਨਾਸ਼ਾਹੀ ਤਰਬੀਅਤ ਵਾਲੀ ਸਰਕਾਰ ਨੂੰ ਹੁਣ ਬੱਝਵੇਂ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਵਿਚ ਵੱਡੀ ਗਿਣਤੀ ਸਿੱਖਾਂ ਦੀ ਹੈ। ਆਪਣੇ ਧਰਮ ਅਤੇ ਇਤਿਹਾਸ ਤੋਂ ਪ੍ਰੇਰਣਾ ਲੈ ਕੇ ਸਿੱਖਾਂ ਨੇ ਇਸ ਅੰਦੋਲਨ ਉੱਪਰ ਆਪਣੀ ਵੱਖਰੀ ਛਾਪ ਛੱਡੀ ਹੈ ਜਿਸ ਨੂੰ ਖੱਬੇਪੱਖੀ ਵਿਚਾਰਧਾਰਾ ਸਮਝ ਨਹੀਂ ਪਾਈ ਹੈ। ਸਿੱਖੀ ਦੀ ਭਾਵਨਾ ਨਾਲ ਪ੍ਰਣਾਏ ਹੋਏ ਹਨ ਕਿਸਾਨਾਂ ਨੇ ਆਪਣੀ ਸੇਵਾ ਭਾਵਨਾ ਰਾਹੀ ਦਿੱਲੀ ਦੀਆਂ ਬਰੂਹਾਂ 'ਤੇ ਅੰਦੋਲਨ ਵਾਲੀ ਥਾਂ ਨੂੰ ਇੱਕ ਪਿੰਡ ਦੇ ਰੂਪ ਵਿਚ ਵਿਕਸਿਤ ਕਰ ਲਿਆ ਹੈ।

ਬਾਕੀ ਸਫ਼ਾ 30 'ਤੇ

# ਖ਼ਤਰੇ ਦੀ ਘੰਟੀ ਬਣਿਆ ਭਾਜਪਾ ਲਈ ਕਿਸਾਨ-ਜਨ ਸੰਘਰਸ਼

ਗੁਰਮੀਤ ਸਿੰਘ ਪਲਾਹੀ
9815802070

ਭਾਵੇਂ ਕਿ ਇਹ ਸਪੱਸ਼ਟ ਹੀ ਸੀ ਕਿ ਪੰਜਾਬ ਵਿੱਚ ਕਾਂਗਰਸ ਮਿਊਂਸਪਲ ਚੋਣਾਂ ਜਿੱਤ ਲਵੇਗੀ, ਕਿਉਂਕਿ ਜਿਸਦੀ ਸਰਕਾਰ ਹੁੰਦੀ ਹੈ, ਉਸੇ ਦੀ ਸਥਾਨਕ ਸਰਕਾਰ ਬਣਨੀ ਗਿਣੀ ਜਾਂਦੀ ਹੈ। ਸਰਕਾਰ ਸਥਾਨਕ ਚੋਣਾਂ ਵਿੱਚ ਹਰ ਹੀਲਾ-ਵਸੀਲਾ ਵਰਤ ਕੇ ਚੋਣ ਜਿੱਤ ਲੈਂਦੀ ਹੈ। ਪਰ ਪੰਜਾਬ ਵਿੱਚ ਭਾਜਪਾ ਦਾ ਜੋ ਬੁਰਾ ਹਾਲ ਇਹਨਾਂ ਚੋਣਾਂ ਵਿੱਚ ਹੋਇਆ ਹੈ, ਉਹ ਕਿਸਾਨ-ਜਨ ਅੰਦੋਲਨ ਦਾ ਸਿੱਟਾ ਹੈ, ਜਿਹੜਾ ਉੱਤਰੀ ਭਾਰਤ ਵਿੱਚ ਲਗਾਤਾਰ ਵਧਦਾ ਜਾ ਰਿਹਾ ਹੈ। ਮਹਾਂ ਪੰਚਾਇਤਾਂ ਵਿੱਚ ਵਧ ਰਿਹਾ ਜਨ-ਸੈਲਾਬ ਅਤੇ ਇਸ ਖ਼ਿੱਤੇ ਵਿੱਚ ਵਧ ਰਿਹਾ ਭਾਜਪਾ ਖ਼ਿਲਾਫ਼ ਰੋਸ ਭਾਜਪਾ ਲਈ ਖ਼ਤਰੇ ਦੀ ਘੰਟੀ ਹੈ।

ਪੰਜਾਬ ਵਿੱਚ ਕਾਂਗਰਸ ਨੇ ਸ਼ਹਿਰੀ ਖੇਤਰਾਂ ਵਿੱਚ ਵੱਡੀ ਮੱਲ ਮਾਰੀ ਅਤੇ ਅਕਾਲੀ-ਭਾਜਪਾ ਦਾ ਇਹਨਾਂ ਚੋਣਾਂ ਵਿੱਚ ਪ੍ਰਦਰਸ਼ਨ ਬਹੁਤ ਹੀ ਖ਼ਰਾਬ ਰਿਹਾ। ਦੋਵੇਂ ਪਾਰਟੀਆਂ, ਅਕਾਲੀ ਦਲ (ਬ) ਅਤੇ ਭਾਜਪਾ ਨੇ ਪਹਿਲੀ ਵਾਰ ਆਪਸੀ ਗੱਠਜੋੜ ਟੁੱਟਣ ਤੋਂ ਬਾਅਦ ਵੱਖੋ-ਵੱਖਰੇ ਚੋਣ ਲੜੇ ਸਨ। ਆਮ ਆਦਮੀ ਪਾਰਟੀ ਦੇ ਪੱਲੇ ਵੀ ਕੁਝ ਨਾ ਪਿਆ, ਜਿਸ ਬਾਰੇ ਇਹ ਕਿਹਾ ਜਾਂਦਾ ਸੀ ਕਿ ਉਹ ਪੰਜਾਬ ਵਿੱਚ ਆਪਣੀ ਤਾਕਤ ਵਧਾ ਰਹੀ ਹੈ। ਸਗੋਂ ਇਸਦੇ ਉਲਟ ਆਜ਼ਾਦ ਉਮੀਦਵਾਰਾਂ ਨੂੰ ਚੰਗੀ-ਚੋਖੀ ਸਫਲਤਾ ਮਿਲੀ ਹੈ, ਜਿਸ ਬਾਰੇ ਇਹ ਕਿਹਾ ਜਾ ਰਿਹਾ ਹੈ ਕਿ ਇਨਾਂ ਵਿੱਚੋਂ ਬਹੁਤੇ ਖੱਬੀ ਧਿਰ ਦੇ ਸਮਰਥਕ ਹਨ ਅਤੇ ਕਿਸਾਨੀ ਸੰਘਰਸ਼ ਨਾਲ ਜੁੜੇ ਲੋਕਾਂ ਨੇ ਵੀ ਇਨਾਂ ਸਫਲ ਉਮੀਦਵਾਰਾਂ ਨੂੰ ਵੋਟਾਂ ਪਾਉਣ ਵਿੱਚ ਅਹਿਮ ਰੋਲ ਅਦਾ ਕੀਤਾ ਹੈ। ਬਹੁਤ ਹੀ ਘੱਟ ਸਫਲ ਅਜ਼ਾਦ ਉਮੀਦਵਾਰ ਉਹ ਭਾਜਪਾ ਸਮਰਥਕ ਹਨ, ਜਿਨਾਂ ਬਾਰੇ ਇਹ ਕਿਹਾ ਜਾ ਰਿਹਾ ਸੀ ਕਿ ਉਹ ਕਿਸਾਨਾਂ ਦੇ ਡਰੋਂ ਆਪਣੀ ਪਾਰਟੀ ਟਿਕਟ ਛੱਡ ਕੇ ਚੋਣ ਲੜੇ ਹਨ।

ਕਿਸਾਨ ਅੰਦੋਲਨ ਨੇ ਸਪੱਸ਼ਟ ਰੂਪ ਵਿੱਚ ਭਾਜਪਾ ਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਭਾਜਪਾ ਦੀਆਂ ਸੰਭਾਵਨਾਵਾਂ ਉੱਤੇ ਦਾਗ਼ ਲਗਾਇਆ ਹੈ। ਦੇਸ਼ ਦੀ 'ਹਿੰਦੀ ਪੱਟੀ' ਦਾ ਇਲਾਕਾ, ਜਿਸ ਵਿੱਚ ਖ਼ਾਸ ਕਰਕੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਆਦਿ ਪੈਂਦੇ ਹਨ, ਵਿੱਚ ਭਾਜਪਾ ਦੀ ਤਾਕਤ ਲਈ ਖ਼ਤਰੇ ਦੇ ਬੱਦਲ ਮੰਡਰਾ ਰਹੇ ਹਨ। ਇਹ ਬਹੁਤਾ ਕਰਕੇ ਕਿਸਾਨ-ਜਨ ਅੰਦੋਲਨ ਦਾ ਸਿੱਟਾ ਹੈ। ਇਹ ਭਾਜਪਾ ਲਈ ਚੰਗੀ ਖ਼ਬਰ ਨਹੀਂ ਹੈ , ਕਿਉਂਕਿ ਇੱਕ ਸਾਲ ਦੇ ਦੌਰਾਨ ਉੱਤਰ ਪ੍ਰਦੇਸ਼ ਅਤੇ ਪੰਜਾਬ ਵਿੱਚ ਚੋਣਾਂ ਹੋਣ ਵਾਲੀਆਂ ਹਨ। ਪੰਜਾਬ ਬਾਰੇ ਤਾਂ ਹੁਣ ਤੋਂ ਹੀ ਕਿਹਾ ਜਾਣ ਲੱਗ ਪਿਆ ਹੈ ਕਿ ਪੰਜਾਬ ਵਿੱਚ ਅਗਲੀ ਸਰਕਾਰ ਵੀ ਕਾਂਗਰਸ ਦੀ ਬਣੇਗੀ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇੱਕ ਵੱਡੇ ਹਿੱਸੇ ਨੂੰ ਪ੍ਰਭਾਵਿਤ ਕਰਨ ਵਾਲੇ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ ਹੋਈ ਹੈ। ਪੰਜਾਬ ਵਿਧਾਨ ਸਭਾ ਵਿੱਚ ਕੈਪਟਨ ਸਰਕਾਰ ਵੱਲੋਂ ਤਿੰਨੇ ਕਾਨੂੰਨ ਰੱਦ ਕਰਨ ਦਾ ਮਤਾ ਪਾਸ ਕੀਤਾ ਗਿਆ ਹੈ ਅਤੇ ਪੰਜਾਬ ਵਿੱਚ ਲਾਗੂ 'ਠੇਕਾ ਖੇਤੀ ਕਾਨੂੰਨ' ਆਉਣ ਵਾਲੇ ਬਜਟ ਸੈਸ਼ਨ ਵਿੱਚ ਵਾਪਸ ਲੈਣ ਦੀ ਤਿਆਰੀ ਚੱਲ ਰਹੀ ਹੈ, ਜਿਹੜੀ ਕੈਪਟਨ ਸਰਕਾਰ ਨੂੰ ਪੰਜਾਬੀਆਂ ਵਿੱਚ ਹੋਰ ਹਰਮਨ ਪਿਆਰਾ ਬਣਨ ਲਈ ਇੱਕ ਹੋਰ ਕਦਮ ਬਣ ਸਕਦੀ ਹੈ।

ਕਿਸਾਨ ਅੰਦੋਲਨ ਦੌਰਾਨ ਯੂ.ਪੀ. ਦੇ ਕਿਸਾਨ ਨੇਤਾ ਰਕੇਸ਼ ਟਿਕੈਤ ਦਾ ਮੌਜੂਦਾ ਸਮੇਂ ਵਿੱਚ ਉੱਭਰਕੇ ਸਾਹਮਣੇ ਆਉਣਾ ਭਾਜਪਾ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਉਸਦੀਆਂ ਅੱਖਾਂ ਵਿੱਚੋਂ ਡਿੱਗੇ ਅੱਥਰੂਆਂ ਨੇ ਕਿਸਾਨ ਵਰਗ ਦੀ ਇੱਜ਼ਤ ਅਤੇ ਸਨਮਾਨ ਦੀ ਰੱਖਿਆ ਦੀ ਜਦੋਂ ਗੱਲ ਸਾਹਮਣੇ ਲਿਆਂਦੀ, ਹਜ਼ਾਰਾਂ ਕਿਸਾਨ ਘਰਾਂ ਤੋਂ ਬਾਹਰ ਨਿਕਲਕੇ ਉਸਦੇ ਨਾਲ ਆ ਬੈਠੇ। ਕਿਸਾਨ ਅੰਦੋਲਨ ਸਮੇਂ ਪਹਿਲਾਂ ਰਕੇਸ਼ ਟਿਕੈਤ ਇੱਕ ਕਮਜ਼ੋਰ ਕੜੀ ਸੀ, ਪੰਜਾਬ ਦੇ ਕਿਸਾਨ ਇਸ ਅੰਦੋਲਨ ਵਿੱਚ ਮੋਹਰੀ ਰੋਲ ਅਦਾ ਕਰ ਰਹੇ ਸਨ। ਹੁਣ ਪਾਸਾ ਪਲਟ ਗਿਆ ਹੈ। ਰਾਜਸਥਾਨ, ਹਰਿਆਣਾ, ਪੱਛਮੀ ਯੂ.ਪੀ. ਜਾਂ ਹੋਰ ਉੱਤਰੀ ਰਾਜਾਂ ਵਿੱਚ ਕੀਤੀਆਂ ਜਾ ਰਹੀਆਂ ਕਿਸਾਨ ਮਹਾਂ ਪੰਚਾਇਤਾਂ ਵਿੱਚ ਟਿਕੈਤ ਦਾ ਨਾਮ ਹੀ ਮੁੱਖ ਰੂਪ ਵਿੱਚ ਆਪਣੇ ਪਿਤਾ, ਪ੍ਰਸਿੱਧ ਕਿਸਾਨ ਨੇਤਾ ਮਹਿੰਦਰ ਸਿੰਘ ਟਿਕੈਤ ਵਾਂਗ ਸਾਹਮਣੇ ਆ ਰਿਹਾ ਹੈ ਅਤੇ ਖ਼ਿੱਤੇ ਦੇ ਜਾਟ ਉਸਦੀ ਕਿਸੇ ਵੀ ਗੱਲ ਨੂੰ ਧਰਤੀ ਉੱਤੇ ਪੈਣ ਨਹੀਂ ਦੇ ਰਹੇ।

ਵਰੇ ਪਹਿਲਾਂ ਰਕੇਸ਼ ਟਿਕੈਤ, ਭਾਜਪਾ ਦਾ ਹਮਾਇਤੀ ਰਿਹਾ ਹੈ। ਹੁਣ ਵਾਲੇ ਰੱਖਿਆ ਮੰਤਰੀ ਰਾਜਨਾਥ ਸਿੰਘ ਦਾ ਉਹ ਕਰੀਬੀ ਸੀ। ਮੁਜੱਫਰਪੁਰ ਵਿੱਚ ਜਾਟਾਂ ਅਤੇ ਮੁਸਲਮਾਨਾਂ ਵਿੱਚ ਜੋ ਫ਼ਿਰਕੂ ਦੰਗੇ ਭੜਕੇ ਸਨ, ਉਸ ਸਮੇਂ ਉਨਾਂ ਨੇ 20 13 ਵਿੱਚ ਮਹਾਂ ਪੰਚਾਇਤ ਆਯੋਜਿਤ ਕੀਤੀ ਸੀ। ਉਨਾਂ ਨੇ ਕਈ ਵਾਰ ਭਾਜਪਾ ਦੀ ਮਦਦ ਨਾਲ ਸਿਆਸਤ ਵਿੱਚ ਆਉਣ ਦੀਆਂ ਵਾਰ-ਵਾਰ ਕੋਸ਼ਿਸ਼ਾਂ ਕੀਤੀਆਂ, ਪਰ ਸਫਲ ਨਹੀਂ ਹੋ ਸਕੇ। ਅੱਜ ਉਹ ਕਿਸਾਨਾਂ ਦਾ ਏਜੰਡਾ ਤੈਅ ਕਰ ਰਹੇ ਹਨ ਅਤੇ ਕਿਸਾਨਾਂ ਵਿੱਚ ਜ਼ਰੂਰਤ ਪੈਣ 'ਤੇ ਇੱਕ ਫ਼ਸਲ



ਕੁਰਬਾਨ ਕਰਨ ਅਤੇ ਅਕਤੂਬਰ ਤੱਕ ਕਿਸਾਨ ਅੰਦੋਲਨ ਲੜਨ ਦੀਆਂ ਗੱਲਾਂ ਉਸਦੇ ਮੂੰਹੋਂ ਨਿਕਲ ਰਹੀਆਂ ਹਨ। ਭਾਜਪਾ ਦਾ ਇਹ ਸਾਬਕਾ ਹਮਾਇਤੀ ਅੱਜ ਭਾਜਪਾ ਦੇ ਵਿਰੋਧ ਵਿੱਚ ਦੂਜੇ ਉੱਤਰੀ ਰਾਜਾਂ, ਇੱਥੋਂ ਤਕ ਕਿ ਪੱਛਮੀ ਬੰਗਾਲ ਜਿੱਥੇ ਵਿਧਾਨ ਸਭਾ ਚੋਣ ਹੋਣੀ ਹੈ, ਤੱਕ ਪਹੁੰਚ ਕਰਨ ਅਤੇ ਅੰਦੋਲਨ ਨੂੰ ਪਹੁੰਚਣ ਲਈ ਤਾਕਤ ਜੁਟਾ ਰਿਹਾ ਹੈ। ਇਹ ਭਾਜਪਾ ਲਈ ਬਹੁਤ ਨੁਕਸਾਨਦੇਹ ਸਾਬਤ ਹੋਣ ਵਾਲਾ ਹੈ। ਕਿਸਾਨ ਅੰਦੋਲਨ ਦੀ ਸਥਿਤੀ ਅਤੇ ਕਿਸਾਨ ਆਗੂ ਰਕੇਸ਼ ਟਿਕੈਤ ਦੇ ਪੈਰ ਕਿਸਾਨ ਅੰਦੋਲਨ ਵਿੱਚ ਇੰਨੇ ਖੁੱਭ ਚੁੱਕੇ ਹਨ ਕਿ ਜੇਕਰ ਉਹ ਚਾਹਵੇ ਕਿ ਭਾਜਪਾ ਨਾਲ ਕੋਈ ਅੰਦਰੂਨੀ ਜਾਂ ਬਾਹਰੀ ਸਮਝੌਤਾ ਕਰ ਲਵੇ, ਇਹ ਹੁਣ ਸੰਭਵ ਨਹੀਂ ਰਿਹਾ, ਕਿਉਂਕਿ ਭਾਜਪਾ ਵਿਰੁੱਧ ਕਿਸਾਨਾਂ ਦਾ ਗ਼ੁੱਸਾ ਚਰਮ-ਸੀਮਾ ਤੱਕ ਪਹੁੰਚ ਚੁੱਕਾ ਹੈ। ਕਿਸਾਨ ਤਿੰਨੇ ਖੇਤੀ ਕਾਨੂੰਨ ਵਾਪਸ ਲਏ ਬਿਨਾਂ ਤੇ ਫ਼ਸਲਾਂ ਦਾ ਘੱਟੋ ਘੱਟ ਮੁੱਲ ਲਏ ਬਿਨਾਂ ਘਰ ਵਾਪਸੀ ਨਹੀਂ ਕਰਨਗੇ।

ਵਿਸ਼ੇਸ਼ ਚਰਚਾ

ਅਸਲ ਵਿੱਚ ਜਾਟਲੈਂਡ ਕਿਸਾਨ ਅੰਦੋਲਨ ਮਾਮਲੇ ਵਿੱਚ ਪੂਰੀ ਤਰਾਂ ਉਤੇਜਿਤ ਹੈ। ਉਨਾਂ ਦਾ ਗ਼ੁੱਸਾ ਕੇਂਦਰ ਸਰਕਾਰ ਦੀ ਢਿੱਲ-ਮੱਠ ਨੀਤੀ ਕਾਰਨ ਵਧਦਾ ਜਾ ਰਿਹਾ ਹੈ। ਇਹ ਉਹ ਹੀ ਪੱਛਮੀ ਯੂ.ਪੀ. ਦੇ ਕਿਸਾਨ ਹਨ ਜਿਨਾਂ ਨੇ ਪਿਛਲੇ ਦਹਾਕੇ ਤੋਂ ਭਾਜਪਾ ਦਾ ਹੱਥ ਥੰਮਿਆ ਹੋਇਆ ਸੀ, ਹੁਣ ਭਾਜਪਾ ਤੋਂ ਬਿਲਕੁਲ ਦੂਰ ਜਾ ਚੁੱਕੇ ਹਨ। ਅੱਜ ਵੀ ਜੇਕਰ ਭਾਜਪਾ ਕਿਸਾਨਾਂ ਨਾਲ ਕੁਝ 'ਸਨਮਾਨਜਨਕ' ਸਮਝੌਤਾ ਕਰਕੇ ਉਨਾਂ ਨੂੰ ਦਿੱਲੀ ਸਰਹੱਦਾਂ ਤੋਂ ਵਾਪਸ ਭੇਜਣ ਵਿੱਚ ਕਾਮਯਾਬ ਹੁੰਦੀ ਹੈ, ਤਦ ਵੀ ਭਾਜਪਾ ਨਾਲ ਜਾਟਾਂ ਦੀ ਪਈ ਹੋਈ ਤ੍ਰੇੜ ਨਹੀਂ ਭਰੇਗੀ। ਕਿਸਾਨੀ ਗ਼ੁੱਸੇ ਦੀ ਲਾਟ ਕਿਸੇ ਭਾਜਪਾ ਸਮਰਥਕ ਕਿਸਾਨ ਆਗੂ ਦੇ ਸ਼ਬਦਾਂ ਤੋਂ ਵੇਖੀ ਜਾ ਸਕਦੀ ਹੈ, ਜਿਹੜਾ ਕਹਿੰਦਾ ਹੈ, 'ਜੇਕਰ ਭਾਰਤ ਇਸ ਵੇਲੇ ਪਾਕਿਸਤਾਨ ਹੇਠਲੇ ਕਸ਼ਮੀਰ ਉੱਤੇ ਕਬਜ਼ਾ ਵੀ ਕਰ ਲੈਂਦਾ ਹੈ, ਤਾਂ ਕਿਸਾਨ ਇਸ ਗੱਲ ਵੱਲ ਵੀ ਧਿਆਨ ਨਹੀਂ ਦੇਣਗੇ।' ਕਿਸਾਨ ਅੰਦੋਲਨ ਦੇ ਸਮੇਂ ਵਿੱਚ ਪੰਜਾਬ ਤੇ ਹਰਿਆਣਾ ਤੋਂ ਬਾਅਦ ਪੱਛਮੀ ਉੱਤਰ ਪ੍ਰਦੇਸ਼ ਦਾ 'ਕਿਸਾਨ', 'ਜਾਟ' ਭਾਜਪਾ ਤੋਂ ਪੂਰੀ ਤਰਾਂ ਦੂਰੀ ਬਣਾ ਕੇ ਬੈਠ ਗਿਆ ਹੈ। ਪੱਛਮੀ ਉੱਤਰ ਪ੍ਰਦੇਸ਼ ਵਿੱਚ ਇੱਕ ਹੋਰ ਘਟਨਾ ਕਰਮ ਵਾਪਰਿਆ ਹੈ। ਮੁਸਲਮਾਨਾਂ ਅਤੇ ਜਾਟਾਂ ਵਿੱਚ ਨੇੜਤਾ ਕਿਸਾਨ ਅੰਦੋਲਨ ਦਰਮਿਆਨ ਵਧੀ ਹੈ, ਜੋ ਅੱਠ ਸਾਲ ਪਹਿਲਾਂ ਮੁਜੱਫਰਪੁਰ ਹਿੰਸਾ ਦੌਰਾਨ ਖ਼ਤਮ ਹੋ ਗਈ ਸੀ, ਜਿਸਦਾ ਫ਼ਾਇਦਾ ਯੂ.ਪੀ. ਚੋਣਾਂ ਵਿੱਚ ਭਾਜਪਾ ਨੇ ਚੁੱਕਿਆ ਸੀ। ਉਹ ਮੁਸਲਮਾਨ ਕਿਸਾਨ ਜਿਹੜੇ ਪਹਿਲਾਂ ਭਾਰਤੀ ਕਿਸਾਨ ਯੂਨੀਅਨ ਤੋਂ ਵੱਖ ਹੋ ਗਏ ਸਨ, ਉਹ ਕਿਸਾਨ ਨੇਤਾ ਟਿਕੈਤ ਕੋਲ ਵਾਪਸੀ ਕਰਨ ਲੱਗ ਪਏ ਹਨ। ਅਸਲ ਵਿੱਚ ਜਾਟ ਨੇਤਾ ਚੌਧਰੀ ਚਰਨ ਸਿੰਘ ਦੇ ਸਮੇਂ ਵਿੱਚ ਜਾਟ-ਮੁਸਲਿਮ ਗੱਠਜੋੜ, ਉੱਤਰ ਪ੍ਰਦੇਸ਼ ਦੀ ਰਾਜਨੀਤੀ ਦਾ ਮੁੱਖ ਆਧਾਰ ਸੀ।

ਹੋ ਸਕਦਾ ਹੈ ਕਿ ਭਾਜਪਾ ਦੇ ਮਨ ਵਿੱਚ ਇਹ ਗੱਲ ਹੋਵੇ ਕਿ ਉਹ ਜਾਟਾਂ ਦੇ ਗ਼ੁੱਸੇ ਨੂੰ ਦਬਾਅ ਸਕਦੀ ਹੈ, ਉਨਾਂ ਨੂੰ ਡਰਾ ਸਕਦੀ ਹੈ, ਜਿਵੇਂ ਦਿੱਲੀ ਵਿਖੇ ਨਾਗਰਿਕਤਾ ਅੰਦੋਲਨ ਦੌਰਾਨ ਮੁਸਲਮਾਨ ਭਾਈਚਾਰੇ ਦੇ ਅੰਦੋਲਨ ਨੂੰ ਆਨੇ-ਬਹਾਨੇ ਨਾਲ ਦਬਾਅ ਦਿੱਤਾ ਗਿਆ ਸੀ। ਪਰ ਜਾਟਾਂ ਦਾ ਇਹ ਅੰਦੋਲਨ ਬੇ-ਖੌਫ ਅੱਗੇ ਵਧ ਰਿਹਾ ਹੈ ਅਤੇ ਦੇਸ਼ ਭਰ ਵਿੱਚ ਆਪਣਾ ਆਧਾਰ ਵਧਾ ਰਿਹਾ ਹੈ। ਇੱਥੇ ਹੀ ਬੱਸ ਨਹੀਂ ਹੈ। ਪੱਛਮੀ ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿੱਚ ਵੱਡੀ ਗਿਣਤੀ ਔਰਤਾਂ ਦਾ ਖਾਪ ਪੰਚਾਇਤਾਂ ਦੇ ਪ੍ਰਭਾਵ ਹੇਠ ਘਰਾਂ ਤੋਂ ਬਾਹਰ ਨਿਕਲਣਾ ਅਤੇ ਰੇਲ ਰੋਕੋ ਵਿੱਚ ਚਾਰ ਘੰਟੇ ਰੇਲ ਪਟੜੀਆਂ 'ਤੇ ਬੈਠਣਾ, ਬਦਲੀ ਹੋਈ ਚੇਤਨਾ ਦਾ ਸੰਕੇਤ ਹੈ ਕਿਉਂਕਿ ਇਹ ਔਰਤਾਂ ਮਾਂ, ਬੇਟੀਆਂ, ਪਤਨੀਆਂ ਨੂੰ ਜਾਟ ਪਰੰਪਰਿਕ ਤੌਰ 'ਤੇ ਘਰਾਂ ਵਿੱਚ ਰਹਿਣ ਲਈ ਹੀ ਉਤਸ਼ਾਹਿਤ ਕਰਦੇ ਰਹਿੰਦੇ ਸਨ।

ਰਾਜਸਥਾਨ ਵਿੱਚ ਕਾਂਗਰਸੀ ਨੇਤਾ ਸਚਿਨ ਪਾਇਲਟ ਵੱਲੋਂ ਦੋ ਵਿਸ਼ਾਲ ਕਿਸਾਨ ਪੰਚਾਇਤਾਂ ਕੀਤੀਆਂ ਗਈਆਂ ਹਨ। ਪੰਜਾਬੋਂ ਅਮਰਿੰਦਰ ਸਿੰਘ, ਹਰਿਆਣਿਓਂ ਹੁੱਡਾ ਅਤੇ ਰਾਜਸਥਾਨੋਂ ਪਾਇਲਟ ਇਹੋ ਜਿਹੇ ਕਾਂਗਰਸੀ ਨੇਤਾ ਹਨ ਜੋ ਹਰ ਵਰਗ ਦੇ ਲੋਕਾਂ, ਜਿਨਾਂ ਵਿੱਚ ਰਾਜਸਥਾਨ ਵਾਲੇ ਗੁੱਜਰ ਅਤੇ ਮੀਣਾ ਭਾਵੇਂ ਬਹੁਤਾ ਅੰਦਰਗਤੀ ਹੀ ਸਹੀ, ਇਸ ਅੰਦੋਲਨ ਵਿੱਚ ਹਿੱਸੇਦਾਰ ਬਣ ਰਹੇ ਹਨ, ਜਦਕਿ ਕੇਂਦਰੀ ਕਾਂਗਰਸ ਇਸ ਅੰਦੋਲਨ ਦੀ ਸਫਲਤਾ ਲਈ ਬਿਆਨਾਂ ਤੋਂ ਬਿਨਾਂ, ਇੱਕ ਵਿਰੋਧੀ ਧਿਰ ਵਜੋਂ ਕੋਈ ਵੱਡੀ ਭੂਮਿਕਾ ਨਹੀਂ ਨਿਭਾਅ ਸਕੀ। ਹਾਲਾਂਕਿ ਵਿਰੋਧੀ ਧਿਰ ਦੀਆਂ ਸਮੂਹ ਪਾਰਟੀਆਂ ਨੇ ਪਿਛਲੇ ਦਿਨੀਂ ਬਜਟ ਇਜਲਾਸ ਵਿੱਚ ਜੋ ਭੂਮਿਕਾ, ਕਿਸਾਨਾਂ ਦੇ ਸੰਘਰਸ਼ ਦੇ ਮਾਮਲੇ 'ਤੇ ਨਿਭਾਈ ਹੈ ਅਤੇ ਭਾਜਪਾ ਦੀ ਨੀਤੀ ਅਤੇ ਨੀਅਤ ਨੂੰ ਜਿੱਥੇ ਸ਼ਰੇਆਮ ਨੰਗਾ ਕੀਤਾ ਹੈ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਕਿਸਾਨ ਸੰਘਰਸ਼ ਹਿਮਾਇਤੀ ਲੋਕਾਂ ਨੇ ਮੌਜੂਦਾ ਹਾਕਮ ਅਤੇ ਦੇਸ਼ ਤੇ ਰਾਜ ਕਰ ਰਹੀ ਭਾਜਪਾ ਦੇ ਲੋਕ, ਲੋਕ ਵਿਰੋਧੀ ਕੰਮਾਂ ਨੂੰ ਪ੍ਰਦਰਸ਼ਨਾਂ, ਮੀਡੀਆ, ਸੋਸ਼ਲ ਮੀਡੀਆ ਵਿੱਚ ਨੰਗਾ ਕੀਤਾ ਹੈ, ਉਸ ਨਾਲ ਭਾਜਪਾ ਦੇ ਅਕਸ ਨੂੰ ਵੱਡੀ ਢਾਹ ਲੱਗੀ ਹੈ। ਉੱਤਰੀ ਭਾਰਤ ਦੇ ਪ੍ਰਮੁੱਖ ਰਾਜ ਯੂ.ਪੀ. ਦੀਆਂ ਚੋਣਾਂ ਵਿੱਚ ਕਿਸਾਨ ਸੰਘਰਸ਼ ਦੌਰਾਨ ਭਾਜਪਾ ਨੂੰ ਹੋਏ ਨੁਕਸਾਨ ਕਾਰਨ ਵੱਡਾ ਨੁਕਸਾਨ ਹੋਏਗਾ। ਉਂਜ ਵੀ ਮੌਜੂਦਾ ਮੁੱਖ ਮੰਤਰੀ ਯੋਗੀ ਆਦਿਤਿਨਾਥ, ਜਿਸਦਾ ਨਰੇਂਦਰ ਮੋਦੀ ਤੋਂ ਬਾਅਦ ਪ੍ਰਧਾਨ ਮੰਤਰੀ ਬਣਨ ਦਾ ਨਾਂ ਵੱਜਣ ਲੱਗਾ ਹੈ, ਦੀਆਂ ਲੋਕ ਵਿਰੋਧੀ, ਫ਼ਿਰਕੂ ਨੀਤੀਆਂ ਅਤੇ ਭੈੜੇ ਪ੍ਰਸ਼ਾਸਨ ਕਾਰਨ ਨਾਮ ਬਦਨਾਮ ਹੋ ਰਿਹਾ ਹੈ। ਭਾਵੇਂ ਕਿ ਕਿਸਾਨ/ਜਾਟ ਉੱਤਰ ਪ੍ਰਦੇਸ਼ ਵਿੱਚ ਜੇਕਰ ਇਕੱਲਿਆਂ ਕੋਈ ਚੋਣ ਲੜਨ ਦੀ ਗੱਲ ਸੋਚਦੇ ਹਨ ਤਾਂ ਸ਼ਾਇਦ ਉਹ ਕੋਈ ਵੱਡੀ ਸਫਲਤਾ ਨਾ ਪ੍ਰਾਪਤ ਕਰ ਸਕਣ, ਪਰ ਤੱਕੜੀ ਦੇ ਜਿਸ ਛਾਬੇ ਵਿੱਚ ਉਹ ਆਪਣਾ ਵੱਟਾ ਪਾਉਣਗੇ, ਉਹ ਪਾਸਾ ਭਾਰੀ ਹੋ ਜਾਏਗਾ। ਅਖਲੇਸ਼ ਯਾਦਵ ਦੀ ਪਾਰਟੀ ਨਾਲ ਕਿਸਾਨਾਂ/ਜਾਟਾਂ ਦਾ ਗੱਠਜੋੜ ਯੂ.ਪੀ. ਵਿੱਚ ਸੱਤਾ ਦਾ ਤਖ਼ਤਾ ਪਲਟ ਸਕਦਾ ਹੈ, ਭਾਵੇਂਕਿ ਇਹ ਕਿਹਾ ਜਾਂਦਾ ਹੈ ਕਿ ਮਾਇਆਵਤੀ ਇਹੋ ਜਿਹਾ ਰੁਖ ਇਖਤਿਆਰ ਕਰੇਗੀ, ਜਿਸਦਾ ਫ਼ਾਇਦਾ ਭਾਜਪਾ ਨੂੰ ਹੋਵੇਗਾ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਦੇਸ਼ ਦੇ ਉੱਤਰੀ ਹਿੱਸੇ ਵਿੱਚ ਜਿਹੜੀ ਸਿਆਸੀ ਧਿਰ ਬਾਜ਼ੀ ਮਾਰ ਜਾਂਦੀ ਹੈ, ਉਹ ਹੀ ਦੇਸ਼ 'ਤੇ ਹਕੂਮਤ ਕਰਦੀ ਹੈ। ਪੰਜਾਬ ਅਤੇ ਰਾਜਸਥਾਨ, ਛਤੀਸਗੜ ਵਿੱਚ ਕਾਂਗਰਸ ਦੀ ਸਥਿਤੀ ਚੰਗੀ ਗਿਣੀ ਜਾਂਦੀ ਹੈ, ਭਾਵੇਂ ਕਿ ਭਾਜਪਾ ਨੇ ਇੱਥੇ ਚੌਟਾਲਾ ਪਰਿਵਾਰ ਦੇ ਇੱਕ ਟੱਬਰ ਦੇ ਜੀਅ ਦੁਸ਼ੰਯਤ ਚੌਟਾਲਾ ਨਾਲ ਰਲ ਕੇ ਸਰਕਾਰ ਬਣਾਈ ਹੈ, ਪਰ ਕਿਸਾਨ ਮੋਰਚੇ ਸਮੇਂ ਮੁੱਖ ਮੰਤਰੀ ਹਰਿਆਣਾ ਮਨੋਹਰ ਲਾਲ ਖੱਟੜ ਦੇ ਕੀਤੇ ਕਾਰਨਾਮਿਆਂ ਨੇ ਭਾਜਪਾ ਨੇਤਾਵਾਂ ਦਾ ਪੰਜਾਬ ਵਾਂਗ ਘਰਾਂ ਤੋਂ ਬਾਹਰ ਨਿਕਲਣਾ ਔਖਾ ਕੀਤਾ ਹੋਇਆ ਹੈ। ਬਿਹਾਰ ਵਿੱਚ ਬਿਨਾ ਸ਼ੱਕ ਲਾਲੂ ਯਾਦਵ ਦੀ ਪਾਰਟੀ ਨੇ ਭਾਜਪਾ ਤੇ ਨਤੀਸ਼ ਕੁਮਾਰ ਨੂੰ ਟੱਕਰ ਹੀ ਨਹੀਂ ਦਿੱਤੀ, ਸਗੋਂ ਲਗਭਗ ਜਿੱਤ ਦੇ ਕਿਨਾਰੇ ਪੁੱਜ ਗਈ। ਦਿੱਲੀ ਵਿੱਚ ਆਮ ਆਦਮੀ ਪਾਰਟੀ ਨੇ ਭਾਜਪਾ ਨੂੰ ਨੁੱਕਰੇ ਲਾਇਆ ਹੋਇਆ ਹੈ। ਸਿਰਫ਼ ਯੂ.ਪੀ. ਹੀ ਇਹੋ ਜਿਹਾ ਉੱਤਰੀ ਭਾਰਤ ਦਾ ਹਿੱਸਾ ਹੈ, ਜਿੱਥੇ ਭਾਜਪਾ ਸਰਕਾਰ ਚੰਮ ਦੀਆਂ ਚਲਾ ਰਹੀ ਸੀ, ਜਿਸ ਨੂੰ ਟਿਕੈਤ ਪਰਿਵਾਰ ਅਤੇ ਜਾਟਾਂ ਨੇ ਵੱਡੀ ਚੁਣੌਤੀ ਦੇ ਦਿੱਤੀ ਹੈ।

ਉਹ ਭਾਜਪਾ ਜਿਹੜੀ ਕਦੇ ਮਹਿੰਗਾਈ ਤੇ ਭ੍ਰਿਸ਼ਟਾਚਾਰ ਦੇ ਵਿਰੋਧ ਵਿੱਚ ਖੜਦੀ ਸੀ, ਅੱਜ ਇਹਨਾਂ ਦੋਹਾਂ ਮਾਮਲਿਆਂ ਵਿੱਚ ਦੇਸ ਦੇ ਲੋਕਾਂ ਸਾਹਮਣੇ ਕਟਹਿਰੇ ਵਿੱਚ ਖੜੀ ਹੈ, ਅਤੇ ਕਾਰਪੋਰੇਟ ਸੈਕਟਰ ਦਾ ਹੱਥ-ਠੋਕਾ ਬਣ ਕੇ, ਲੋਕਾਂ ਦੀ ਲੁੱਟ ਖਸੁੱਟ ਅਤੇ ਪੀੜਾ ਦਾ ਵੱਡਾ ਕਾਰਨ ਬਣ ਚੁੱਕੀ ਹੈ।

ਕੀ ਜਵਾਬ ਹੈ ਦੇਸ ਦੇ ਲੋਕਾਂ ਨੂੰ ਦੇਣ ਲਈ ਭਾਜਪਾ ਕੋਲ ਕਿ ਜਦ ਉਸਨੇ 2014 ਵਿੱਚ ਦੇਸ਼ ਦੀ ਵਾਗਡੋਰ ਸੰਭਾਲੀ ਸੀ ਤਾਂ ਕਿਸਾਨਾਂ ਲਈ ਯੂਰੀਆ ਖਾਦ ਦਾ 50 ਕਿਲੋ ਥੈਲਾ 180 ਰੁਪਏ ਮਿਲਦਾ ਸੀ ਜੋ 2021 ਦੀ ਪਹਿਲੀ ਅਪ੍ਰੈਲ ਤੋਂ 900 ਰੁਪਏ ਵਿੱਚ ਮਿਲੇਗਾ ਅਤੇ ਡੀ ਏ ਪੀ ਖਾਦ ਦਾ 2014 ਵਿੱਚ ਮਿਲਦਾ 465 ਰੁਪਏ ਵਾਲਾ ਥੈਲਾ ਪਹਿਲੀ ਅਪ੍ਰੈਲ 2021 ਨੂੰ 1950 ਵਿੱਚ ਮਿਲੇਗਾ। ਗੈਸ ਸਿਲੰਡਰ ਦੀ ਕੀਮਤ 2014 ਵਿੱਚ 300 ਰੁਪਏ ਸੀ, ਹੁਣ ਅੱਠ ਸੌ ਰੁਪਏ ਹੋ ਗਈ ਹੈ। ਡੀਜ਼ਲ, ਪੈਟਰੋਲ ਦੀ ਕੀਮਤ ਪ੍ਰਤੀ ਲਿਟਰ ਸੌ ਰੁਪਏ ਨੂੰ ਪਾਰ ਕਰਨ ਦੇ ਕਿਨਾਰੇ ਹੈ ਜਦ ਕਿ ਰਾਜਸਥਾਨ ਵਿੱਚ ਇਹ ਸੌ ਰੁਪਏ ਨੂੰ ਤਾਂ ਪਾਰ ਕਰ ਹੀ ਗਈ ਹੈ। ਦੇਸ਼ ਵਿੱਚ ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਲਗਾਤਾਰ ਵਧਿਆ ਹੈ।

ਬਿਨਾ ਸ਼ੱਕ, ਭਵਿੱਖ ਵਿੱਚ ਵਿਰੋਧੀ ਧਿਰ ਦੀ ਰਣਨੀਤੀ ਅਤੇ ਜ਼ਮੀਨੀ ਪੱਧਰ ਦੀਆਂ ਗਤੀਵਿਧੀਆਂ ਤੈਅ ਕਰਨਗੀਆਂ ਕਿ ਕਿਸ ਪਾਰਟੀ ਦੇ ਹੱਥ ਦੇਸ਼ ਦੀ ਗੱਦੀ ਆਵੇਗੀ ਤੇ ਕੌਣ ਦੇਸ਼ ਦਾ ਹਾਕਮ ਬਣੇਗਾ। ਪਰ ਕਿਸਾਨੀ ਜਨ ਅੰਦੋਲਨ ਨੇ ਭਾਜਪਾ ਨੂੰ ਉਸਦਾ ਅਸਲ ਚਿਹਰਾ ਮੋਹਰਾ ਦਿਖਾ ਦਿੱਤਾ ਹੈ। ਲੋਕ ਹੁਣ ਸਿਰਫ਼ ਖੇਤੀ ਕਾਨੂੰਨਾਂ ਦੀ ਹੀ ਚਰਚਾ ਨਹੀਂ ਕਰਦੇ, ਸਗੋਂ ਦੇਸ਼ ਦੀ ਭੈੜੀ ਕਾਨੂੰਨੀ ਵਿਵਸਥਾ, ਭਾਜਪਾ ਵੱਲੋਂ ਦੇਸ਼ ਵਿੱਚ ਲਾਗੂ ਕੀਤੇ ਜਾ ਰਹੇ ਇੱਕ ਰਾਸ਼ਟਰ-ਇੱਕ ਪਾਰਟੀ ਫ਼ਿਰਕੂ ਏਜੰਡੇ ਦੀ ਵੀ ਪੂਰੀ ਪੁਣ ਛਾਣ ਕਰਦੇ ਹਨ। ਇਹ ਚਰਚਾ ਸਿਰਫ਼ ਦੇਸ਼ ਵਿੱਚ ਹੀ ਨਹੀਂ, ਸਗੋਂ ਵਿਸ਼ਵ ਭਰ ਵਿੱਚ ਇਨਸਾਫ਼ ਪਸੰਦ ਲੋਕ ਕਰਦੇ ਹਨ।

ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ
ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ





# 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ'

**ਸਰਬਜੀਤ ਕੌਰ "ਸਰਬ"**

ਗੁਰਬਾਣੀ ਦੇ ਅਨੁਸਾਰ ਮਰਦ ਅਤੇ ਔਰਤ ਕੇਵਲ ਇਕ ਰੂਹ ਹੈ, ਜਿਸ ਦਾ ਆਗਾਜ਼ ਇਸ ਧਰਤੀ 'ਤੇ ਹੋਇਆ, ਤਾਂ ਜੋ ਉਹ ਉਸ ਅਕਾਲ ਪੁਰਖ ਪਰਮ ਪਿਤਾ ਪ੍ਰਮਾਤਮਾ ਨਾਲ ਆਪਣਾ ਮੇਲ ਇਸ ਦੁਨੀਆਂ ਵਿੱਚ ਰਹਿ ਕੇ ਵੀ ਕਰੇ । ਜੇਕਰ ਅਸੀਂ ਗੁਰਬਾਣੀ ਨੂੰ ਥੋੜੀ ਡੂੰਘਾਈ ਵਿਚ ਜਾ ਕੇ ਵੇਖੀਏ ਤਾਂ ਜੋ ਸਾਨੂੰ ਮਹਿਸੂਸ ਹੁੰਦਾ ਹੈ ਕੀ ਇਹ ਮਨੁੱਖੀ ਜਨਮ ਉਸ ਇਕ ਸੱਚ ਨੂੰ ਪਾਉਣ ਦੇ ਲਈ ਹੋਇਆ ਹੈ । ਰੱਬ ਤੋਂ ਵਿਛੜੀ ਰੂਹ ਇਸ ਦੁਨਿਆਵੀ ਬਿਰਤੀ ਵਾਲੇ ਮਨੁੱਖਾਂ ਵਿੱਚ ਜਦੋਂ ਵਿਚਰਦੀ ਹੈ,ਤਾਂ ਉਸ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕੀ ਸੱਚ ਦੀ ਭਾਲ ਵਿੱਚ ਉਸ ਨੂੰ ਪਾਉਣ ਦੇ ਲਈ ਇਸ ਦੁਨਿਆਵੀ ਬਿਰਤੀ ਦਾ ਉਸ ਨੂੰ ਡਟ ਕੇ ਸਾਹਮਣਾ ਕਰਨਾ ਪੈਂਦਾ ਹੈ। ਮਰਦ ਅਤੇ ਔਰਤ ਦੇ ਰੂਪ ਵਿੱਚ ਵੰਡੀਆਂ ਇਹ ਰੂਹਾਂ ਸੰਸਾਰਿਕ ਜੀਵਨ ਵਿੱਚ ਰਹਿੰਦੇ ਹੋਏ ਉਸ ਸੱਚ ਦੀ ਭਾਲ ਨੂੰ ਜਾਰੀ ਰੱਖਦੀਆਂ ਹਨ, ਪਰ ਸਮੇਂ ਦੇ ਨਾਲ ਨਾਲ ਇਹ ਰੂਹਾਂ ਰੱਬ ਤੋਂ ਵਿੱਛੜ ਕੇ ਆਪਣੀ ਹੀ ਜਿੰਦਗੀ ਦੇ ਘੋਲ ਵਿੱਚ ਇੱਕ ਦੂਜੇ ਦੇ ਪ੍ਰਤੀ ਵਫ਼ਾਦਾਰ ਨਾ ਰਹੀਆਂ, ਜਿਸ ਕਰ ਕੇ ਔਰਤ ਅਤੇ ਮਰਦ ਦੋ ਅਲੱਗ ਅਲੱਗ ਧੀਰਾ ਦੇ ਰੂਪ ਵਿੱਚ ਜ਼ਿੰਦਗੀ ਦਾ ਸਫਰ ਤੈਅ ਕਰਨ ਲੱਗੇ, ਜਿੱਥੇ ਉਨਾਂ ਦੀ ਆਪਸੀ ਬਿਰਤੀ ਇੱਕ ਦੂਸਰੇ ਤੋਂ ਉਲਟ ਹੋ ਕੇ ਚੱਲਣ ਲੱਗੀ ਤੇ ਮਰਦ ਪ੍ਰਧਾਨ ਬਣ ਗਿਆ ਅਤੇ ਔਰਤ ਇਕ ਲਾਚਾਰ ਬੇਵਸ ਮਿੱਟੀ ਦਾ ਪੁਤਲਾ ਬਣ ਗਈ । ਪਵਿੱਤਰ ਰੂਹਾਂ ਦੀ ਅਜਿਹੀ ਬਿਰਤੀ ਇਸ ਸੰਸਾਰ ਵਿਚ ਰਹਿੰਦੇ ਹੋਏ ਬਣੀ, ਪਰ ਪ੍ਰਮਾਤਮਾ ਵੱਲੋਂ ਕਿਸੀ ਵੀ ਤਰਾਂ ਦਾ ਵਿਤਕਰਾ ਨਹੀਂ ਕੀਤਾ ਗਿਆ ।

ਦੁਨਿਆਵੀ ਬਿਰਤੀ ਵਿੱਚ ਵਿਚਰਦੇ ਹੋਏ ਇਹ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦਾ ਹੈ ਕੀ ਔਰਤ ਕੇਵਲ ਮਰਦ ਦੇ ਵੰਸ਼ ਨੂੰ ਅੱਗੇ ਵਧਾਉਣ ਦਾ ਇੱਕ ਜ਼ਰੀਆ ਹੈ, ਇਨਾਂ ਸ਼ਬਦਾਂ ਨੂੰ ਜੇਕਰ ਥੋੜੀ ਡੂੰਘਾਈ ਵਿਚ ਹੋਰ ਵਾਚਿਆ ਜਾਵੇ ਤਾਂ ਔਰਤ ਦੀ ਅਸਲ ਕਹਾਣੀ ਸਾਹਮਣੇ ਆ ਜਾਂਦੀ ਹੈ । ਜਨਮ ਦੇਣ ਵਾਲੀ ਇਸ ਜੱਗ ਜਨਨੀ ਦੇ ਜੀਵਨ ਨੂੰ ਸ਼ੁਰੂਆਤੀ ਪਲਾਂ ਤੋਂ ਜੇਕਰ ਦੇਖਿਆ ਜਾਵੇ ਤਦ ਉੱਥੇ ਪ੍ਰਤੱਖ ਰੂਪ ਵਿੱਚ ਜੋ ਸਾਡੇ ਸਾਹਮਣੇ ਆਉਂਦਾ ਹੈ ਕੀ ਰੱਬ ਦੀ ਬਣਾਈ ਇਹ ਮੂਰਤ ਧੀ, ਮਾਂ, ਘਰਵਾਲੀ ਦੀ ਭੂਮਿਕਾ ਨਿਭਾਉਂਦੀ ਹੋਈ ਆਰਥਿਕ ਪੱਖ ਤੋਂ ਵੀ ਮਰਦ ਨਾਲ ਬਰਾਬਰ ਚੱਲਦੀ ਹੈ, ਪਰ ਮਨ ਸੋਚ ਕੇ ਹੈਰਾਨ ਹੁੰਦਾ ਹੈ ਕੀ ਉਸ ਨੂੰ ਫੇਰ



ਵੀ ਮਰਦ ਤੋਂ ਛੋਟਾ ਹੀ ਸਮਝਿਆ ਜਾਂਦਾ ਹੈ। ਬੇਸ਼ੱਕ ਅਜੋਕੇ ਸਮੇਂ ਬਾਹਰੀ ਪੱਖੋਂ ਉਸ ਨੂੰ ਬਰਾਬਰਤਾ ਦਾ ਦਰਜਾ ਮਿਲਿਆ ਹੋਇਆ ਹੈ, ਪਰ ਅੰਦਰੋਂ ਅੱਜ ਵੀ ਉਸ ਨਾਲ ਅਜਿਹਾ ਵਿਵਹਾਰ ਹੋ ਰਿਹਾ ਹੈ ਜੋ ਸਾਡੇ ਚੇਤਿਆਂ ਦਾ ਭਾਗ ਵੀ ਨਹੀਂ ਹੁੰਦਾ। ਇਸ ਦੁਨਿਆਵੀ ਦਲ ਦਲ ਵਿੱਚ ਸ਼ੈਤਾਨੀ ਰੂਹਾਂ ਨੇ ਔਰਤ ਦੀ ਰੂਹ ਨੂੰ ਇਸ ਤਰਾਂ ਜਕੜ ਕੇ ਰੱਖ ਲਿਆ ਹੈ ਜਿਵੇਂ ਘਰ ਦੀ ਸਜਾਵਟ ਵਧਾਉਣ ਲਈ ਕਿਸੇ ਗੁਲਦਸਤੇ ਨੂੰ ਇਕ ਫਰੇਮ ਵਿਚ ਮੜ੍ਹ ਕੇ ਘਰ ਦੇ ਇਕ ਕੋਨੇ ਵਿਚ ਰੱਖ ਦਿੱਤਾ ਜਾਵੇ। ਅਸੀਂ ਲੋਕ ਕੇਵਲ ਗੱਲਾਂ ਹੀ ਕਰ ਸਕਦੇ ਹਾਂ ਪਰ ਉਨਾਂ ਉੱਤੇ ਅਮਲ ਬਿਲਕੁਲ ਵੀ ਨਹੀਂ ਕਰ ਸਕਦੇ, ਕਿਉਂਕਿ ਅਮਲ ਕਰਨ ਵਾਲੀਆਂ ਗੱਲਾਂ ਨੂੰ ਅਸੀਂ ਕੇਵਲ ਬੋਲ ਕੇ ਸਾਰ ਦੇਂਦੇ ਹਾਂ, ਪਰ ਅਸਲ ਜ਼ਿੰਦਗੀ ਵਿਚ ਉਨਾਂ ਨੂੰ ਲਾਗੂ ਕਰਨ ਤੋਂ ਘਬਰਾਉਂਦੇ ਹਾਂ ਵੀ ਨਹੀਂ ਕਰ ਸਕਦੇ । ਅਜੋਕਾ ਸਮਾਜਿਕ ਢਾਂਚਾ ਜਿਸ ਰਾਹ ਤੇ ਚੱਲ ਰਿਹਾ ਹੈ ਉਥੋਂ ਅਨੁਮਾਨ ਲਾਇਆ ਜਾ ਸਕਦਾ ਹੈ ਕੀ ਔਰਤ ਦਾ ਸਤਿਕਾਰ ਕੇਵਲ ਲਿਖਤੀ ਰੂਪ ਵਿਚ ਹੀ ਰਹਿ ਗਿਆ ਹੈ, ਪਰ ਅਸਲ ਕਹਾਣੀ ਕੁਝ ਹੋਰ ਹੀ ਬਿਆਨ ਕਰਦੀ ਹੈ। ਘਰਾਂ ਦੀ ਚਾਰਦੀਵਾਰੀ ਵਿੱਚੋਂ ਨਿੱਕਲ ਕੇ ਵੀ ਅੱਜ ਦੀ ਔਰਤ ਜ਼ੁਲਮ ਤੋਂ ਮੁਕਤੀ ਨਹੀਂ ਪਾ ਸਕੀ, ਕਿਤੇ ਨਾ ਕਿਤੇ ਅਜੋਕੇ ਯੁੱਗ ਵਿੱਚ ਵੀ ਉਸ ਉੱਤੇ ਮਾਨਸਿਕ ਤੌਰ 'ਤੇ ਜ਼ੁਲਮ ਹੋ ਰਿਹਾ ਹੈ। ਜ਼ੁਲਮ ਦੀ ਸ਼ਿਕਾਰ ਔਰਤ ਹਮੇਸ਼ਾ ਇਸ ਨੂੰ ਸਹਿਣ ਤਾਂ ਕਰਦੀ ਹੈ ਪਰ ਅਜਿਹੀ ਸਥਿਤੀ ਵਿੱਚ ਬਹੁਤ ਸਾਰੀਆਂ ਔਰਤਾਂ ਖ਼ੁਦਕੁਸ਼ੀ ਦੇ ਰਾਹ ਉੱਤੇ ਚੱਲਣ ਲਈ ਮਜਬੂਰ ਹੋ ਜਾਂਦੀਆਂ ਹਨ, ਘਰੇਲੂ ਕਲੇਸ਼ ਉਨਾਂ ਦੀ ਮਾਨਸਿਕਤਾ ਉੱਤੇ ਅਜਿਹਾ ਅਸਰ ਕਰਦਾ ਹੈ ਜਿਸ ਨਾਲ ਉਹ ਜ਼ਿੰਦਗੀ ਵਿੱਚ ਕਿਨਾਰਾ ਕਰਨ ਦਾ ਫੈਸਲਾ ਕਰ ਲੈਂਦੀਆਂ ਹਨ। ਦਿਖਾਵੇ ਦੇ ਤੌਰ ਉੱਤੇ ਜੇਕਰ ਔਰਤ ਦੀ ਸਥਿਤੀ ਬਿਆਨ ਕੀਤੀ ਜਾਵੇ ਤਾਂ ਹਰ ਇੱਕ ਜਗਾ ਉਸ ਦੀ ਪਹਿਲ ਮੰਨੀ ਜਾਂਦੀ ਹੈ, ਜਿਵੇਂ ਕੰਜਕਾਂ ਦੇ ਰੂਪ ਵਿੱਚ ਉਸ ਦੀ ਪੂਜਾ ਕੀਤੀ ਜਾਂਦੀ ਹੈ, ਮਾਂ ਸ਼ਬਦ ਨਾਲ ਭਰਭੂਰ ਸਤਿਕਾਰ ਦਿੱਤਾ ਜਾਂਦਾ ਹੈ ਪਰ ਜੇਕਰ ਅਸਲੀਅਤ ਦੀ ਗੱਲ ਕੀਤੀ ਜਾਵੇ ਤਾਂ ਇਸ ਦਾ ਦੂਜਾ ਪੱਖ ਵੀ ਸਾਡੇ ਸਾਹਮਣੇ ਆਉਂਦਾ ਹੈ ਜੋ ਬੇਸ਼ੱਕ ਪ੍ਰਤੱਖ ਦ੍ਰਿਸ਼ਟੀ ਰੂਪ ਵਿੱਚ ਸਾਹਮਣੇ ਨਹੀਂ ਆਉਂਦਾ ਪਰ ਅੰਦਰੂਨੀ ਰੂਪ ਵਿੱਚ ਉਸ ਨੂੰ ਅੰਦਰੋਂ ਹੀ ਅੰਦਰ ਆਪਣੇ ਆਪ ਨੂੰ ਖ਼ਤਮ ਕਰਨ ਦੇ ਲਈ ਤਿਆਰ ਬਰ ਤਿਆਰ ਕਰਦਾ ਰਹਿੰਦਾ ਹੈ ।

ਧਰਮ ਗ੍ਰੰਥਾਂ ਵਿਚ ਕਿਧਰੇ ਵੀ ਇਹ ਬਿਆਨ ਨਹੀਂ ਕੀਤਾ ਗਿਆ ਕੀ ਔਰਤ ਨਾਲ ਵਿਤਕਰਾ ਕਰੋ, ਜਾਂ ਉਸ ਨੂੰ ਕੇਵਲ ਘਰ ਦੀ ਸਜਾਵਟ ਬਣਾਓ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਚੀਜ਼ ਨੂੰ ਸਪਸ਼ਟ ਤੌਰ ਉੱਤੇ ਕਿਹਾ ਗਿਆ ਹੈ ਪੁਰਖ ਅਤੇ ਨਾਰੀ ਇੱਕ ਹੀ ਹੈ ਜੋ ਉਸ ਅਕਾਲ ਪੁਰਖ ਦੁਆਰਾ ਸਿਰਜੀ ਗਈ ਕਾਇਨਾਤ ਵਿਚ ਰਹਿੰਦੇ ਹੋਏ ਪ੍ਰਮਾਤਮਾ ਨੂੰ ਯਾਦ ਰੱਖਣ। 'ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨ' ਇਸ ਸ਼ਬਦ ਨੇ ਔਰਤ ਦੀ ਸਥਿਤੀ ਨੂੰ ਸਪੱਸ਼ਟ ਰੂਪ ਵਿਚ ਸਾਹਮਣੇ ਲਿਆ ਦਿੱਤਾ ਕੀ ਜਿਨਾਂ ਪਵਿੱਤਰ ਸਾਡੇ ਪੈਗੰਬਰਾਂ ਨੇ ਔਰਤ ਨੂੰ ਕਿਹਾ ਉਸ ਦਾ ਪ੍ਰਤੱਖ ਰੂਪ ਹੋਰ ਕਿਧਰੇ ਵੀ ਨਹੀਂ ਮਿਲਦਾ।

ਔਰਤ ਵਿੱਚ ਮਰਦ ਨਾਲੋਂ ਸਹਿਣ ਸ਼ਕਤੀ ਕਿਤੇ ਜ਼ਿਆਦਾ ਹੁੰਦੀ ਹੈ। ਮਾਈ ਭਾਗੋ ਜਿਹੀਆਂ ਬਹਾਦਰ ਅਤੇ ਪਵਿੱਤਰ ਰੂਹਾਂ ਸਿੱਖੀ ਦੀ ਸ਼ਾਨ ਹਨ ਜਿਨਾਂ ਨੇ ਇਹ ਸਿੱਧ ਕਰ ਦਿੱਤਾ ਹੈ ਕੀ ਗੁਰੂ ਦੀ ਓਟ ਲੈ ਕੇ ਔਰਤ ਨੂੰ ਵੀ ਜ਼ਿੰਦਗੀ ਦੇ ਮੈਦਾਨ ਵਿੱਚ ਇਕ ਸੂਰਮੇ ਦੀ ਤਰਾਂ ਸਮਾਜਿਕ ਬੁਰਾਈਆਂ ਦਾ ਖਾਤਮਾ ਕਰਨਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜੀਆਂ ਦੇ ਦਿਮਾਗ ਵਿਚੋਂ ਮਰਦ ਪ੍ਰਧਾਨ ਦਾ ਕੀੜਾ ਖ਼ਤਮ ਹੋ ਜਾਵੇ।

**ਵੇਖ ਸਰਬ ਤੂੰ ਦੁਨੀਆਂ ਦੇ ਰੰਗ, ਬਾਹਰੋਂ ਕੁਝ ਤੇ ਅੰਦਰੋਂ ਕੁਝ।**
**ਇਨਾਂ ਰੰਗਾਂ ਨੇ ਹੀ ਕੀਤੀ ਔਰਤ ਬੇ-ਰੰਗ,**
**ਸਮਝਿਆ ਜਾਣ ਲੱਗਿਆ ਔਰਤ ਨੂੰ ਕੇਵਲ ਇਕ ਢੰਗ,**
**ਉਸ ਢੰਗ ਦੇ ਵਿੱਚ ਹੀ ਛੁਪਿਆ ਅਸਲ ਦੁਨੀਆਂ ਦਾ ਇੱਕ ਰੰਗ।**

---

# 'ਧੀਆਂ ਰਾਣੀਆਂ'

**'ਸਿੱਕੀ ਝੱਜੀ ਪਿੰਡ ਵਾਲਾ' (ਇਟਲੀ)**

ਵਿਗਿਆਨ ਨੇ ਅੱਜ ਭਾਂਵੇ ਤਰੱਕੀ ਕਰ ਲਈ ਹੈ, ਦੁਨੀਆਂ ਚੰਨ ਤੱਕ ਪਹੁੰਚ ਗਈ, 'ਕਲਪਨਾ ਚਾਵਲਾ' ਵਰਗੀਆਂ ਧੀਆਂ ਜਿਨਾਂ ਨੇ ਦੁਨੀਆ ਭਰ 'ਚ ਆਪਣਾ ਨਾਮ ਰੌਸ਼ਨ ਕੀਤਾ, ਉਨਾਂ ਵੱਲ ਵੇਖ ਕੇ ਵੀ ਲੋਕਾਂ ਦੀ ਯੁੱਗ ਪਲਟਣ ਤੋਂ ਬਾਅਦ ਸੋਚ ਨਹੀਂ ਬਦਲੀ। ਪੁੱਤ ਭਾਲਦੇ ਮਾਪੇ, ਧੀਆਂ ਤੇ ਪੁੱਤਾਂ ਵਿਚ ਅਜੇ ਵੀ ਫ਼ਰਕ ਕਰਨੋਂ ਨਹੀਂ ਟਲਦੇ। 'ਪੀਟੀ ਊਸ਼ਾ' ਵਰਗੀਆਂ ਧੀਆਂ ਜੋ ਲੰਬੀ ਰੇਸ ਦੀਆਂ ਪਾਂਧੀ ਬਣ ਕੇ ਲੋਕਾਂ ਦੇ ਦਿਲਾਂ ਵਿਚ ਅੱਜ ਵੀ ਰਾਜ ਕਰਦੀਆਂ ਨੇ ਉਹ ਵੀ ਤਾਂ ਧੀਆਂ ਨੇ। ਪੜੇ ਲਿਖੇ ਹੋ ਕੇ ਵੀ ਸਮਾਜ ਪ੍ਰਤੀ ਆਪਣਾ ਨਜ਼ਰੀਆ ਕਿਉਂ ਨਹੀਂ ਬਦਲ ਰਿਹਾ। ਅੱਜ ਲੋੜ ਹੈ ਸੋਚਣ ਦੀ, ਸਮਝਣ ਦੀ, ਚੰਗੀ ਸੋਚ ਨੂੰ ਅਪਣਾਉਣ ਦੀ।

ਕੈਨੇਡਾ ਵਰਗੇ ਵਿਕਸਿਤ ਦੇਸ਼ ਜਿੱਥੇ ਪੰਜਾਬੀਆਂ ਨੇ ਮਿਹਨਤਾਂ ਨਾਲ ਝੰਡੇ ਗੱਡੇ, ਅਤੇ ਪੂਰੇ ਪੰਜਾਬ ਅਤੇ ਪੰਜਾਬੀ ਮਾਂ ਬੋਲੀ ਦਾ ਨਾਮ ਦੁਨੀਆ ਭਰ ਵਿੱਚ ਚਮਕਾਇਆ,ਉੱਥੇ ਮਾਈ ਭਾਗੋ ਦੀਆਂ ਵਾਰਿਸ ਧੀਆਂ ਵੀ ਆਪਣੀ ਮਿਹਨਤ ਨਾਲ ਅੱਗੇ ਆਈਆਂ।

ਦਸਤਾਰਧਾਰੀ ਸਿੱਖ ਹੋ ਕੇ 'ਪਲਵਿੰਦਰ ਕੌਰ ਸ਼ੇਰਗਿੱਲ' ਪਹਿਲੀ ਅੰਮ੍ਰਿਤਧਾਰੀ ਸਿੰਘਣੀ ਜੱਜ ਦੇ ਰੂਪ ਵਿਚ ਕੁਰਸੀ 'ਤੇ ਬੈਠੀ ਤਾਂ ਪੰਜਾਬੀਆਂ ਦਾ ਸਿਰ ਮਾਣ ਨਾਲ ਦੁਨੀਆ ਭਰ ਵਿਚ ਉੱਚਾ ਕਰ ਦਿੱਤਾ। ਅੰਤਰਰਾਸ਼ਟਰੀ ਉੱਘੇ ਗੀਤਕਾਰ 'ਹਰਵਿੰਦਰ ਉਹੜਪੁਰੀ' ਜੀ ਨੇ ਮਾਪਿਆਂ ਦਾ ਨਾਂ ਰੌਸ਼ਨ ਕਰਨ ਵਾਲੀਆਂ ਧੀਆਂ ਲਈ ਜੋ ਆਪਣੀ ਕਲਮ ਰਾਹੀਂ ਲਿਖਿਆ ਉਹ ਸਤਰਾਂ ਸਾਂਝੀਆਂ ਕਰ ਰਿਹਾ।



**ਧੀਆਂ ਅਤੇ ਪੁੱਤਾਂ ਵਿਚ ਕੋਈ ਨਾ ਫ਼ਰਕ ਲੋਕੋ,**
**ਪੁੱਤਾਂ ਨਾਲੋਂ ਵੱਧ ਧੀਆਂ ਹੁੰਦੀਆਂ ਪਿਆਰੀਆਂ,**
**ਜਨਨੀ ਜਹਾਨ ਦੀ ਏ ਜੜ ਖ਼ਾਨਦਾਨ ਦੀ ਏ,**
**ਜਾਣ ਸਤਿਕਾਰੇ ਜਿਨਾਂ ਧੀਆਂ ਸਤਿਕਾਰੀਆਂ,**
**ਮਾਪਿਆਂ ਦਾ ਨਾਮ ਉੱਚਾ ਕਰਦੀਆਂ ਜੱਗ ਵਿੱਚ,**
**ਗੱਲਾਂ 'ਉਹੜਪੁਰੀ' ਦੀਆਂ ਸੱਚੀਆਂ ਨੇ ਸਾਰੀਆਂ।**

ਦਾਜ ਰੂਪੀ ਕਲੰਕ ਜੋ ਪਿਛਲੇ ਲੰਮੇ ਸਮੇਂ ਤੋਂ ਧੀਆਂ ਦੇ ਮੱਥੇ ਤੇ ਲੱਗਾ ਆ ਰਿਹਾ, ਮਾੜੀ ਸੋਚ ਰੱਖਣ ਵਾਲੇ ਇਹ ਨਹੀਂ ਸੋਚਦੇ ਕਿ ਜਿੰਨਾਂ ਨੇ ਆਪਣੀ ਧੀ ਹੀ ਤੁਹਾਡੇ ਪੁੱਤ ਨਾਲ ਤੋਰ ਦਿੱਤੀ, ਉਨਾਂ ਕੋਲ ਇਸ ਤੋਂ ਵੱਧ ਕੀਮਤੀ ਹੋਰ ਕੀ ਹੋ ਸਕਦਾ। ਸਮਾਜ ਨੂੰ ਆਪਣੀ ਸੋਚ ਬਦਲਣ ਦੀ ਲੋੜ ਹੈ, ਤਾਂ ਜੋ ਕਿਸੇ ਦੀ ਧੀ ਦਾਜ ਦੀ ਬਲੀ ਨਾ ਚੜ ਸਕੇ । ਪਾਇਲਟ ਬਣ ਕੇ ਅੱਜ ਦੀ ਨਾਰੀ ਜਹਾਜ਼ ਲੈ ਕੇ ਅਨੇਕਾਂ ਸਵਾਰੀਆਂ ਦੇ ਨਾਲ ਦੁਨੀਆ ਦੇ ਇੱਕ ਤੋਂ ਦੂਜੇ ਕੋਨੇ ਪਹੁੰਚ ਜਾਂਦੀ। ਡਾਕਟਰ ਬਣ ਕੇ ਧੀਆਂ ਨੇ ਮੌਤ ਦੇ ਮੂੰਹ ਵਿਚੋਂ ਲੱਖਾਂ ਲੋਕਾਂ ਦੀ ਜਾਨ ਬਚਾਈ ਹੈ। ਭਰੂਣ ਹੱਤਿਆਵਾਂ ਜੋ ਇੱਕੀਵੀਂ ਸਦੀ ਵਿਚ ਵੀ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਮਨਾਹੀ ਦੇ ਬਾਵਜੂਦ ਵੀ ਨਿੱਤ ਦਿਨ ਇਹ ਸਭ ਅੰਦਰੋਂ-ਅੰਦਰੀਂ ਰੁਕਣ ਦਾ ਨਾਂ ਨਹੀਂ ਲੈ ਰਿਹਾ। ਧੀ ਮਾਰੂ ਸਹੁਰੇ ਪਤਾ ਨਹੀਂ ਕਿੰਨੀਆਂ ਕੁ ਨੂੰਹਾਂ ਦੇ ਗਰਭ 'ਚ ਜੰਮਣ ਤੋਂ ਪਹਿਲਾਂ ਹੀ ਲਿੰਗ ਟੈਸਟ ਕਰਵਾ ਕੇ ਧੀ ਨੂੰ ਕੁੱਖ 'ਚ ਮਾਰਨ ਨੂੰ ਘੱਟ ਨਹੀਂ ਕਰਦੇ। ਕਹਿਣ ਨੂੰ ਦੁਨੀਆ ਜੋ ਮਰਜ਼ੀ ਕਹੀ ਜਾਵੇ ਪਰ ਅਜੇ ਸਾਡੇ ਮੁਲਕ 'ਚ ਧੀਆਂ ਨੂੰ ਮਰਦ ਪ੍ਰਧਾਨ ਸਮਾਜ ਵਿਚ ਬਰਾਬਰਤਾ ਨਹੀਂ ਮਿਲੀ। ਭਲਿਓ ਲੋਕੋ ਜ਼ਰਾ ਸੋਚ ਕੇ ਦੇਖੋ ਉਹ ਵੀ ਤਾਂ ਲੋਕ ਨੇ ਜੋ ਔਲਾਦ ਤੋਂ ਵਾਂਝੇ ਨੇ, ਦਰ-ਦਰ ਔਲਾਦ ਲਈ ਭਟਕਦੇ ਨੇ, ਉਨਾਂ ਵੱਲ ਕਿਉਂ ਨਹੀਂ ਵੇਖਦੇ। ਇਹ ਸਭ ਸੋਚ ਕੇ ਅੱਖਾਂ ਭਰ ਜਾਂਦੀਆਂ ਤੇ ਕਲਮ ਵੀ ਜਿਵੇਂ ਕਹਿ ਲਓ ਕਿ ਰੋਣ ਜਿਹੀ ਲੱਗ ਜਾਂਦੀ। ਅੱਜ ਵੀ ਧੀਆਂ ਬਾਰੇ ਕੌੜਾ ਸੱਚ ਲਿਖਣ ਤੋਂ ਰਿਹਾ ਨਹੀਂ ਗਿਆ।

**ਧੀ ਚਾਹੇ ਪੁੱਤ ਹੋਵੇ, ਹਰ ਵਿਹੜੇ ਸੁੱਖ ਹੋਵੇ,**
**ਦੋਵੇਂ ਹੱਥ ਜੋੜ 'ਸਿੱਕੀ' ਮੰਗਦਾ ਦੁਆਵਾਂ ਰੱਬਾ,**
**ਸੁੰਨੀ ਕਦੇ ਕਿਸੇ ਮਾਂ ਦੀ ਨਾ ਕੁੱਖ ਹੋਵੇ।**

ਪ੍ਰਸਿੱਧ ਗੀਤਕਾਰ 'ਅਲਬੇਲ ਬਰਾੜ' ਦੇ ਕਹਿਣ ਮੁਤਾਬਿਕ 'ਹੋਇਆ ਕੀ ਜੇ ਧੀ ਜੰਮ ਪਈ, ਕੁੱਖ ਤਾਂ ਸੁਲੱਖਣੀ ਹੋਈ। ਹੋ ਸਕਦਾ ਮੇਰਾ ਇਹ ਲੇਖ ਸੂਲਾਂ ਵਾਂਗ ਚੁੱਭੇ, ਪਰ ਜੋ ਸੱਚ ਹੈ ਉਸ ਨੇ ਸੱਚ ਹੀ ਰਹਿਣਾ।' ਸਵ. ਲੇਖਿਕਾ 'ਅੰਮ੍ਰਿਤਾ ਪ੍ਰੀਤਮ' ਵੀ ਤਾਂ ਕਿਸੇ ਦੀ ਧੀ ਸੀ, ਜਿਸ ਦੀ ਮਾਂ ਬੋਲੀ ਪੰਜਾਬੀ ਨੂੰ ਵੱਡਮੁੱਲੀ ਦੇਣ ਹੈ। ਜਿਸ ਦੀ ਕਲਮ ਰਾਹੀਂ ਲਿਖੇ ਗਏ ਬੋਲ ਸੁਨਹਿਰੀ ਅੱਖਰਾਂ 'ਚ ਲਿਖੇ ਗਏ।

**ਅੱਜ ਆਖਾਂ 'ਵਾਰਿਸ ਸ਼ਾਹ' ਨੂੰ ਕਿਤੋਂ ਕਬਰਾਂ ਵਿੱਚੋਂ ਬੋਲ,**
**ਤੇ ਅੱਜ ਕਿਤਾਬੇ ਇਸ਼ਕ ਦਾ, ਅਗਲਾ ਵਰਕਾ ਫੋਲ,**
**ਇੱਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ,**
**ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ 'ਵਾਰਿਸ ਸ਼ਾਹ' ਨੂੰ ਕਹਿਣ।**

ਭਵਿੱਖ ਵਿੱਚ ਧੀ ਮਾਰੂ ਮਾਪਿਆਂ ਦੀ ਸੋਚ ਨੂੰ ਬਦਲਣ ਦੀ ਆਸ ਵਿੱਚ ।

## 'ਜੱਗ ਦੀ ਜਣਨੀ'

ਜੱਗ ਤੋਂ ਕੱਢਣਾ ਚਾਹਵੇ ਜੱਗ ਦੀ ਜਣਨੀ ਨੂੰ ,
ਗ਼ੈਰਤ ਵਾਲਾ ਖਾਨਾ ਤੇਰਾ ਖਾਲ਼ੀ ਆ ,
ਉਹੀ ਬੂਟੇ ਪੁੱਟਤੇ ਤੂੰ, ਬਣ ਨਾਸ਼ੁਕਰਾ,
ਜਿਹੜੇ ਤੈਨੂੰ ਮੰਨਦੇ ਰਹੇ, ਤੂੰ ਮਾਲੀ ਆ।

ਜਿੱਥੋਂ ਮੋਹ ਮੁਹੱਬਤਾਂ, ਮਿਲਿਆ ਸੀਰ ਤੈਨੂੰ ,
ਅੱਖਾਂ ਦੇ ਨਾਲ ਤੋਲੇਂ, ਉਹਨਾਂ ਅੰਗਾਂ ਨੂੰ,
ਪਾਕ ਪਵਿੱਤਰ ਰੂਹ ਐ, ਐਪਰ ਚੰਡੀ ਵੀ,
ਡਰ ਕੇ ਰਹਿ ਉਏ, ਸਮਝ ਖੁਦਾ ਦੇ ਰੰਗਾਂ ਨੂੰ ।

ਤੇਰੇ ਲਈ ਹਰ ਵਕਤ, ਨਿਛਾਵਰ ਜਿੰਦ ਉਸਦੀ,
ਓਏ ਕੌਣ ਉਹਦੇ ਬਿਨ, ਜੱਗ ਤੇ ਤੇਰਾ ਵਾਲੀਆ,
ਉਹੀ ਬੂਟੇ ਪੁੱਟਤੇ ਤੂੰ, ਬਣ ਨਾਸ਼ੁਕਰਾ,
ਜਿਹੜੇ ਤੈਨੂੰ ਮੰਨਦੇ ਸੀ, ਤੂੰ ਮਾਲੀ ਆ।

ਸਭ ਲਈ ਅੱਡ ਅੱਡ ਰੂਪ ਨਿਭਾਵੇ, ਹੱਸ ਹੱਸ ਕੇ ,
ਬਣ ਅਦਬਾਂ ਦੀ ਮੂਰਤ, ਨਿਭਦੀ ਨੱਸ ਨੱਸ ਕੇ ,
ਰੱਬ ਨੂੰ ਲਭਦੈਂ ਪੱਥਰਾਂ ਮਿੱਟੀਆਂ, ਮੁੰਦਰਾਂ ਚੋਂ,
'ਹੈਪੀ' ਦਾ ਉਹ ਰੱਬ, ਤੇ ਆਪ ਸਵਾਲੀ ਆ,

ਜੱਗ ਤੋਂ ਕੱਢਣਾ ਚਾਹਵੇ ਜੱਗ ਦੀ ਜਣਨੀ ਨੂੰ ,
ਗ਼ੈਰਤ ਵਾਲਾ ਖਾਨਾ ਤੇਰਾ ਖਾਲ਼ੀ ਆ,
ਉਹੀ ਬੂਟੇ ਪੁੱਟਤੇ ਤੂੰ, ਬਣ ਨਾਸ਼ੁਕਰਾ,
ਜਿਹੜੇ ਤੈਨੂੰ ਮੰਨਦੇ ਸੀ, ਤੂੰ ਮਾਲੀ ਆ ।

**ਹੈਪੀ ਚੌਧਰੀ (ਟੋਰਾਂਟੋ ਕੈਨੇਡਾ)**

# ਜੁਰਮ ਦੀ ਗੰਦੀ ਦਲਦਲ ਵਿੱਚ ਔਰਤਾਂ



ਡਾ. ਗੁਰਤੇਜ ਸਿੰਘ

ਸਦੀਆਂ ਤੋਂ ਲਤਾੜੀ ਜਾ ਰਹੀ ਔਰਤ ਨੂੰ ਸਸ਼ਕਤੀਕਰਣ ਕਰਨਾ ਅਜੋਕੇ ਸਮੇਂ ਦੀ ਅਹਿਮ ਲੋੜ ਹੈ ਅਤੇ ਇਹ ਆਵਾਜ਼ ਲੰਮੇ ਅਰਸੇ ਤੋਂ ਸਮਾਜ ਸੁਧਾਰਕ ਤੇ ਸਿਆਸੀ ਆਗੂ ਬੁਲੰਦ ਕਰਦੇ ਆ ਰਹੇ ਹਨ। ਤਕਨਾਲੋਜੀ ਤੇ ਇਸ ਅਗਾਂਹਵਧੂ ਯੁਗ ਵਿੱਚ ਇਹ ਕਾਫੀ ਹੱਦ ਤੱਕ ਸੰਭਵ ਵੀ ਹੋ ਗਿਆ ਹੈ। ਅਜੋਕੀ ਔਰਤ ਘਰ ਦੀ ਦਹਿਲੀਜ਼ ਤੋਂ ਬਾਹਰ ਪੈਰ ਪਾ ਚੁੱਕੀ ਹੈ। ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ। ਇੱਕ ਪੱਖ ਤਾਂ ਸਮਾਜ ਲਈ ਵਰਦਾਨ ਹੋ ਨਿੱਬੜਿਆ ਹੈ ਕਿ ਅੱਜ ਔਰਤ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਮਰਦ ਪ੍ਰਧਾਨ ਸਮਾਜ ਵਿੱਚ ਹਰੇਕ ਖੇਤਰ ਦੇ ਉਥਾਨ ਲਈ ਬਣਦਾ ਯੋਗਦਾਨ ਦੇ ਰਹੀ ਹੈ। ਇਸ ਸਾਕਾਰਤਮਿਕ ਪੱਖ ਤੋਂ ਬਿਨਾਂ ਸਸ਼ਕਤੀਕਰਨ ਦੀ ਆੜ ਹੇਠ ਸਮਾਜ ਵਿਰੋਧੀ ਕੰਮਾਂ ਅਤੇ ਹਿੰਸਕ ਅਪਰਾਧਾਂ ਵਿੱਚ ਔਰਤਾਂ ਦੀ ਵਧਦੀ ਸ਼ਮੂਲੀਅਤ ਨੇ ਮਮਤਾ ਦੀ ਮੂਰਤ ਔਰਤ ਦੇ ਕਿਰਦਾਰ ਨੂੰ ਕਾਫੀ ਨਕਾਰਾਤਮਿਕ ਕੀਤਾ ਹੈ ਜੋ ਕਿਸੇ ਵੀ ਦੇਸ਼-ਸਮਾਜ ਦੇ ਹਿਤ ਵਿੱਚ ਨਹੀਂ ਹੈ।

ਆਪਣੀ ਅੱਯਾਸ਼ੀ ਦੇ ਰਾਹ ਦਾ ਅੜਿੱਕਾ ਬਣਦੇ ਆਪਣੇ ਪਰਿਵਾਰਕ ਮੈਂਬਰਾਂ ਦਾ ਬੇਰਹਿਮੀ ਨਾਲ ਕਤਲ ਤੱਕ ਕੀਤਾ ਜਾਂਦਾ ਹੈ। 15 ਅਪ੍ਰੈਲ, 2008 ਨੂੰ ਉੱਤਰ ਪ੍ਰਦੇਸ਼ ਦੇ ਅਮਰੋਹਾ ਜ਼ਿਲੇ ਦੇ ਬਾਵਨ ਖੇੜੀ ਪਿੰਡ ਦੀ ਇੱਕ ਔਰਤ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਆਪਣੇ ਪਰਿਵਾਰ ਦੇ ਸੱਤ ਮੈਂਬਰਾਂ ਦੀ ਕੁਹਾੜੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਮਾਣਯੋਗ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ ਸੀ, ਹੁਣ ਰਾਸ਼ਟਰਪਤੀ ਵੱਲੋਂ ਵੀ ਉਨਾਂ ਦੀ ਰਹਿਮ ਅਰਜ਼ੀ ਨੂੰ ਖ਼ਾਰਜ ਕੀਤਾ ਗਿਆ ਹੈ ਜਿਸ ਨਾਲ ਉਕਤ ਦੋਵਾਂ ਮੁਲਜ਼ਮਾਂ ਨੂੰ ਫਾਂਸੀ ਦੇਣ ਦਾ ਰਾਹ ਪੱਧਰਾ ਹੋ ਗਿਆ ਹੈ। ਜੇਲ ਪ੍ਰਸ਼ਾਸਨ ਨੂੰ ਮੌਤ ਵਾਰੰਟ ਦੀ ਉਡੀਕ ਹੈ। ਅਗਰ ਇਹ ਫਾਂਸੀ ਹੁੰਦੀ ਹੈ ਤਾਂ ਆਜ਼ਾਦੀ ਤੋਂ ਬਾਅਦ ਫਾਹੇ ਲੱਗਣ ਵਾਲੀ ਇਹ ਪਹਿਲੀ ਔਰਤ ਹੋਵੇਗੀ।

ਨਿੱਜੀ ਹਿਤਾਂ ਦੀ ਪੂਰਤੀ ਲਈ ਔਰਤਾਂ ਦੁਆਰਾ ਕੀਤੀਆਂ ਜਾ ਰਹੀਆਂ ਹਿੰਸਕ ਵਾਰਦਾਤਾਂ ਵੀ ਅੱਜ ਕਿਸੇ ਤੋਂ ਲੁਕੀਆਂ ਨਹੀਂ ਹਨ। ਹਰਿਆਣਾ ਦੇ ਹਿਸਾਰ ਜ਼ਿਲੇ ਦੇ ਰਾਜਨੀਤਕ ਪਰਿਵਾਰ ਦੀ ਲੜਕੀ ਨੇ ਆਪਣੀ ਪਤੀ ਨਾਲ ਮਿਲ ਕੇ 23 ਅਗਸਤ, 2001 ਵਿੱਚ ਜ਼ਮੀਨ ਜਾਇਦਾਦ ਦੇ ਲਾਲਚ ਵਿੱਚ ਆਪਣੇ ਪਰਿਵਾਰ ਦੇ ਅੱਠ ਮੈਂਬਰਾਂ ਦੀ ਬੇਰਹਿਮੀ ਨਾਲ ਹੱਤਿਆ ਕੀਤੀ ਸੀ। ਸੰਨ 2007 ਵਿੱਚ ਸੁਪਰੀਮ ਕੋਰਟ ਨੇ ਇਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ, ਜੋ ਅਜੇ ਅਮਲ ਤੋਂ ਬਾਹਰ ਹੈ।

## ਸਾਡਾ ਸਮਾਜ

ਮਹਾਰਾਸ਼ਟਰ ਦੀ ਯਰਵਡਾ ਜੇਲ ਵਿੱਚ ਪਿਛਲੇ 23 ਸਾਲਾਂ ਤੋਂ ਸਜ਼ਾਯਾਫਤਾ ਦੋ ਸਕੀਆਂ ਭੈਣਾਂ 42 ਬੱਚਿਆਂ ਦੀ ਹੱਤਿਆ ਦੀਆਂ ਦੋਸ਼ੀ ਹਨ। ਉਕਤ ਦੋਵੇਂ ਔਰਤਾਂ ਨੂੰ ਵੀ ਫਾਂਸੀ ਦੀ ਸਜ਼ਾ ਹੋ ਚੁੱਕੀ ਹੈ, ਪਰ ਇਨਾਂ ਨੂੰ ਵੀ ਫਾਂਸੀ ਦੀ ਸਜ਼ਾ ਦਾ ਅਮਲ ਪੂਰਾ ਨਹੀਂ ਹੋਇਆ।

ਜੱਬਲਪੁਰ ਵਿੱਚ ਇੱਕ ਔਰਤ ਨੇ ਆਪਣੀ ਛੋਟੀ ਜਿਹੀ ਬੱਚੀ ਨੂੰ ਇਸ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ ਕਿ ਉਹ ਬੱਚੀ ਉਸਦੇ ਚਾਰ ਸਾਲਾ ਬੇਟੇ ਦੀ ਪਰਵਰਿਸ਼ ਦੇ ਰਾਹ ਦਾ ਰੋੜਾ ਬਣਦੀ ਸੀ। ਉਸ ਔਰਤ ਨੇ ਪਤਾ ਨਹੀਂ ਕਿਵੇਂ ਦਿਲ 'ਤੇ ਪੱਥਰ ਕਰਕੇ ਉਸ ਬੱਚੀ ਨੂੰ ਗੰਦੇ ਨਾਲੇ ਵਿੱਚ ਸੁੱਟਿਆ ਤੇ ਆਖ਼ਿਰ ਪੁਲਿਸ ਤਫ਼ਤੀਸ਼ ਨੇ ਇਸ ਰਾਜ ਤੋਂ ਪਰਦਾ ਚੁੱਕਿਆ ਸੀ। ਇਸ ਮੰਦਭਾਗੇ ਵਰਤਾਰੇ ਨੇ ਮਾਨਵਤਾ ਨੂੰ ਸ਼ਰਮਸਾਰ ਕੀਤਾ ਹੈ।

ਸ਼ੱਕੀ ਔਰਤਾਂ ਦੁਆਰਾਂ ਲੋਕਾਂ ਖ਼ਿਲਾਫ਼ ਜਾਅਲਸਾਜ਼ੀ ਕਰਕੇ ਬਲੈਕਮੇਲ ਕਰਨ ਦਾ ਗੋਰਖਧੰਦਾ ਅੱਜ ਜ਼ੋਰਾਂ 'ਤੇ ਹੈ। ਕਾਨੂੰਨ ਦੇ ਦਲਾਲਾਂ ਅਤੇ ਅਸਰ ਰਸੂਖ ਵਾਲਿਆਂ ਨੂੰ ਹਿੱਸਾ ਪੱਤੀ ਦਿੱਤਾ ਜਾਂਦਾ ਹੈ। ਜਿਸਮ ਫਰੋਸ਼ੀ ਦੇ ਧੰਦੇ ਵਿੱਚ ਸਰਗਰਮ ਜ਼ਿਆਦਾਤਰ ਔਰਤਾਂ ਗ੍ਰਾਹਕਾਂ ਨੂੰ ਆਪਣੇ ਅੱਡੇ 'ਤੇ ਬੁਲਾ ਕੇ ਜਾਣ ਬੁੱਝ ਕੇ ਪੁਲਿਸ ਦੀ ਰੇਡ ਪਵਾਉਂਦੀਆਂ ਹਨ। ਲੋਕਾਂ ਨੂੰ ਇੱਜ਼ਤ ਦਾ ਖੌਫ ਦਿਖਾ ਕੇ ਬਲੈਕਮੇਲ ਕੀਤਾ ਜਾਂਦਾ ਹੈ ਅਤੇ ਮੋਟੇ ਪੈਸੇ ਵਸੂਲੇ ਜਾਂਦੇ ਹਨ। ਔਰਤਾਂ ਦੇ ਜਿਨਸੀ ਸ਼ੋਸ਼ਣ ਦੇ ਬਹੁਤੇ ਮਾਮਲਿਆਂ ਵਿੱਚ ਔਰਤਾਂ ਨੇ ਹੀ ਅਹਿਮ ਭੂਮਿਕਾ ਨਿਭਾਈ ਹੈ। ਮਰੀ ਜ਼ਮੀਰ ਵਾਲੀਆਂ ਔਰਤਾਂ ਦਰਿੰਦਿਆਂ ਨਾਲ ਮਿਲ ਕੇ ਕਿਸੇ ਦੀ ਆਬਰੂ ਤਾਰ ਤਾਰ ਕਰਾਉਂਦੀਆਂ ਹਨ ਜਿਸਦੀ ਗਵਾਹੀ ਹਰ ਰੋਜ਼ ਵਾਪਰਦੀਆਂ ਘਟਨਾਵਾਂ ਭਰਦੀਆਂ ਹਨ। ਇੱਕ ਮਤਰੇਈ ਮਾਂ ਨੇ ਆਪਣੀ ਧੀ ਦਾ ਜਿਸਮ ਆਪਣੇ ਕਿਸੇ ਰਿਸ਼ਤੇਦਾਰ ਕੋਲੋਂ ਕਈ ਮਹੀਨੇ ਨੁਚਵਾਇਆ। ਪੀੜਿਤ ਲੜਕੀ ਨੇ ਹਰ ਜਗਾ ਇਨਸਾਫ਼ ਦੀ ਗੁਹਾਰ ਲਗਾਈ ਪਰ ਪੱਲੇ ਪਈ ਸਿਰਫ਼ ਖੱਜਲ ਖ਼ੁਆਰੀ।

ਨਸ਼ੇ, ਹਥਿਆਰਾਂ ਦੀ ਤਸਕਰੀ ਵਿੱਚ ਔਰਤਾਂ ਵੱਡੀ ਗਿਣਤੀ ਵਿੱਚ ਸਰਗਰਮ ਹਨ। ਫੈਜ਼ਾਬਾਦ ਵਿੱਚ ਇੱਕ ਔਰਤ ਬਾਰੇ ਇਹ ਖ਼ੁਲਾਸਾ ਬੜਾ ਹੈਰਾਨਕੁਨ ਸੀ ਕਿ ਉਹ ਸਮਾਜ ਵਿੱਚ ਇੱਜ਼ਤਦਾਰ ਬਣ ਕੇ ਹਥਿਆਰਾਂ ਦੀ ਤਸਕਰੀ ਦੂਜੇ ਸੂਬਿਆਂ ਵਿੱਚ ਕਰਦੀ ਸੀ। ਕਿਸੇ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਹੋਵੇਗਾ ਕਿ ਉਸ ਔਰਤ ਦਾ ਤਸਕਰ ਰੂਪ ਇੰਨਾ ਘਿਨਾਉਣਾ ਹੋਵੇਗਾ। ਹਰ ਰੋਜ਼ ਨਸ਼ਿਆਂ ਦੀ ਤਸਕਰੀ ਕਰਦੀਆਂ ਔਰਤਾਂ ਗ੍ਰਿਫ਼ਤਾਰ ਹੁੰਦੀਆਂ ਹਨ। ਇਸ ਕੰਮ ਲਈ ਵਰਤੇ ਜਾਂਦੇ ਤਰੀਕੇ ਇੰਨੇ ਸ਼ਰਮਸਾਰ ਕਰਨ ਵਾਲੇ ਹਨ ਜਿਨਾਂ ਨੂੰ ਇੱਥੇ ਬਿਆਨਣਾ ਨਾ ਮੁਮਕਿਨ ਹੈ। ਦਹਿਸ਼ਤਗਰਦੀ ਦੀ ਅੰਨੀ ਹਨੇਰੀ ਵਿੱਚ ਬੱਚੇ ਅਤੇ ਔਰਤਾਂ ਸ਼ਾਮਿਲ ਹੋ ਰਹੀਆਂ ਹਨ। ਇਸਲਾਮਿਕ ਸਟੇਟਸ ਦੇ ਮੁਖੀ ਬਗਦਾਦੀ ਵੱਲੋਂ ਬੱਚਿਆਂ ਦੇ ਨਾਲ ਨਾਲ ਔਰਤਾਂ ਦੀ ਬ੍ਰਿਗੇਡ ਤਿਆਰ ਕੀਤੇ ਜਾਣ ਦੀਆਂ ਖ਼ਬਰਾਂ ਚਰਚਾ ਦਾ ਵਿਸ਼ਾ ਰਹੀਆਂ ਹਨ। ਸੋਸ਼ਲ ਸਾਈਟਸ ਦੇ ਜ਼ਰੀਏ ਵਿਕਾਸਸ਼ੀਲ ਦੇਸ਼ਾਂ ਦੇ ਨਾਲ ਵਿਕਸਿਤ ਦੇਸ਼ਾਂ ਦੀਆਂ ਔਰਤਾਂ ਵੀ ਉਸਦੇ ਅੱਤਵਾਦੀ ਗਰੁੱਪ ਵਿੱਚ ਸ਼ਾਮਿਲ ਹੋ ਰਹੀਆਂ ਸਨ। ਸਾਡੇ ਮੁਲਕ ਦੇ ਜੰਮੂ ਕਸ਼ਮੀਰ, ਬਿਹਾਰ, ਝਾਰਖੰਡ ਆਦਿ ਰਾਜਾਂ ਵਿੱਚ ਔਰਤਾਂ ਅੱਤਵਾਦੀ, ਨਕਸਲੀ ਗਰੁੱਪਾਂ ਵਿੱਚ ਬਹੁਤ ਵੱਡੀ ਤਾਦਾਦ ਵਿੱਚ ਸਰਗਰਮ ਹਨ। ਮੁੰਬਈ ਪੁਲਿਸ ਅਨੁਸਾਰ 1993 ਦੇ ਮੁੰਬਈ ਬੰਬ ਧਮਾਕਿਆਂ ਵਿੱਚ ਔਰਤਾਂ ਦੀ ਵੱਡੀ ਸ਼ਮੂਲੀਅਤ ਸੀ। ਦੱਖਣੀ ਅਫਰੀਕਾ ਵਿੱਚ ਏਡਜ਼ ਪੀੜਿਤ ਔਰਤਾਂ ਨੇ ਬੰਦੂਕ ਦੀ ਨੋਕ 'ਤੇ ਮਰਦਾਂ ਨਾਲ ਜ਼ਬਰਦਸਤੀ ਕਰਕੇ ਏਡਜ਼ ਦੇ ਮਰੀਜ਼ ਬਣਾ ਕੇ ਰੱਖ ਦਿੱਤਾ ਜਿਸਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ।

ਵਿਸ਼ਵ ਪੱਧਰ 'ਤੇ 21ਵੀਂ ਸਦੀ ਵਿੱਚ ਪਿਛਲੇ ਸਮੇਂ ਦੇ ਮੁਕਾਬਲੇ ਔਰਤਾਂ ਦੀ ਜੁਰਮਾਂ ਵਿੱਚ ਸ਼ਮੂਲੀਅਤ ਵਿੱਚ 200 ਫੀਸਦੀ ਵਾਧਾ ਹੋਇਆ ਹੈ। ਵਾਲ ਸਟਰੀਟ ਰਸਾਲੇ ਅਨੁਸਾਰ 1978-88 ਦੇ ਦਹਾਕੇ ਦੌਰਾਨ ਮਰਦਾਂ ਦੇ ਮੁਕਾਬਲੇ ਔਰਤਾਂ ਜੁਰਮ ਵਿੱਚ ਜ਼ਿਆਦਾ ਸ਼ਾਮਿਲ ਸਨ। ਮਰਦਾਂ ਦੀ ਜੁਰਮ ਵਿੱਚ 23.1 ਫੀਸਦੀ ਅਤੇ ਔਰਤਾਂ ਦੀ 41.5 ਫੀਸਦੀ ਸ਼ਮੂਲੀਅਤ ਸੀ। ਇਸ ਤੋਂ ਬਾਅਦ ਚਾਹੇ ਔਰਤਾਂ ਦੇ ਜੁਰਮਾਂ ਨੂੰ ਘਟਦਾ ਦਰਸਾਇਆ ਗਿਆ ਪਰ ਅੱਜ ਵੀ ਉਹ ਇਸ ਪਾਸੇ ਸਰਗਰਮ ਹਨ।

ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਤਿੰਨ ਸਾਲਾਂ ਦੇ ਅੰਕੜਿਆਂ ਅਨੁਸਾਰ ਦੇਸ਼ ਅੰਦਰ 93 ਲੱਖ ਵੱਖ ਵੱਖ ਜੁਰਮਾਂ ਤਹਿਤ ਗ੍ਰਿਫ਼ਤਾਰੀਆਂ ਹੋਈਆਂ। ਇਸ ਵਿੱਚ ਔਰਤਾਂ ਖ਼ਤਰਨਾਕ ਅਪਰਾਧਾਂ ਵਿੱਚ ਸ਼ਾਮਿਲ ਪਾਈਆਂ ਗਈਆਂ। ਮਹਾਰਾਸ਼ਟਰ ਦੇਸ਼ ਦਾ ਅਜਿਹਾ ਸੂਬਾ ਹੈ ਜਿੱਥੇ ਸਭ ਤੋਂ ਜ਼ਿਆਦਾ ਔਰਤਾਂ ਜੁਰਮ ਦੀ ਕਾਲੀ ਦੁਨੀਆ ਵਿੱਚ ਸਰਗਰਮ ਹਨ। ਇੱਥੇ ਉਪਰੋਕਤ ਤਿੰਨ ਸਾਲਾਂ ਦੌਰਾਨ 90884 ਔਰਤਾਂ ਕਾਨੂੰਨ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਗ੍ਰਿਫ਼ਤਾਰ ਕੀਤੀਆਂ ਗਈਆਂ। ਮਾਇਆ ਨਗਰੀ ਮੁੰਬਈ, ਜਿੱਥੇ ਮਹਿਲਾਵਾਂ ਦਾ ਜੁਰਮ ਨਾਲ ਨਾਤਾ ਕਾਫੀ ਗੂੜਾ ਹੈ, ਇੱਥੇ 7264 ਔਰਤਾਂ ਜੁਰਮਾਂ ਤਹਿਤ ਗ੍ਰਿਫ਼ਤਾਰ ਹੋਈਆਂ ਸਨ। ਇਸੇ ਤਰਾਂ ਜਲਗਾਉਂ, ਨਾਸਿਕ, ਅਹਿਮਦਨਗਰ ਵਿੱਚ ਕ੍ਰਮਵਾਰ 5384, 5235, 4986 ਔਰਤਾਂ ਨੇ ਜੁਰਮ ਕੀਤਾ ਸੀ। ਮਨਫ਼ੀ ਹੋ ਰਹੀ ਨੈਤਿਕਤਾ ਨੇ ਰਿਸ਼ਤਿਆਂ ਵਿੱਚ ਦਰਾਰ ਪੈਦਾ ਕੀਤੀ ਹੈ। ਪਤੀ ਜਾਂ ਹੋਰ ਰਿਸ਼ਤੇਦਾਰਾਂ ਨੂੰ ਜ਼ਾਲਮਾਨਾ ਢੰਗ ਨਾਲ ਮਾਰਨ ਦੇ ਦੋਸ਼ਾਂ ਤਹਿਤ ਮਹਾਰਾਸ਼ਟਰ ਵਿੱਚ 9561 ਔਰਤਾਂ ਦੀ ਗ੍ਰਿਫ਼ਤਾਰੀ ਹੋਈ ਸੀ। ਦੰਗਿਆਂ, ਚੋਰੀ, ਧੋਖਾਧੜੀ, ਕਤਲ, ਅਗਵਾ, ਇਰਾਦਾ ਕਤਲ ਆਦਿ ਜੁਰਮਾਂ ਲਈ ਕ੍ਰਮਵਾਰ 5762, 1305, 859, 609, 269, 511 ਔਰਤਾਂ ਕਾਨੂੰਨ ਦੇ ਸ਼ਿਕੰਜੇ ਵਿੱਚ ਆਈਆਂ ਸਨ।

ਬਾਕੀ ਸਫ਼ਾ 30 'ਤੇ

# ਕੀ ਔਰਤ ਹੋਣਾ ਜੁਰਮ ਹੈ ?



ਹਰਕੀਰਤ ਕੌਰ
੯੭੭੯੧੮੦੬੬

ਅੱਜ ਚਾਰੇ ਪਾਸੇ ਔਰਤ ਨੂੰ ਮਜ਼ਬੂਤ ਕਰਨ ਦੀਆਂ ਗੱਲਾਂ ਹੋ ਰਹੀਆਂ ਹਨ, ਕਿਉਂਕਿ ਕਿਸੇ ਵੀ ਦੇਸ਼ ਦੇ ਸੱਭਿਆਚਾਰ ਅਤੇ ਵਿਰਾਸਤ ਨੂੰ ਬਚਾਉਣ ਲਈ ਔਰਤ ਸ਼ਕਤੀ ਨੂੰ ਮਜ਼ਬੂਤ ਕਰਨਾ ਸਭ ਤੋਂ ਵੱਧ ਜ਼ਰੂਰੀ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ, ਕੀ ਇੱਕੀਵੀਂ ਸਦੀ ਵਿੱਚ ਵੀ ਇੱਕ ਮਾਂ ਆਪਣੀ ਬੱਚੀ ਦੀ ਸੁਰੱਖਿਆ ਦੀ ਗੱਲ ਕਰ ਸਕਦੀ ਹੈ, ਕਿਉਂਕਿ ਅੱਜ ਛੋਟੀ ਤੋਂ ਛੋਟੀ ਬੱਚੀ, ਭਾਰਤ ਦਾ ਭਵਿੱਖ ਭਾਵ ਕਿ ਜਵਾਨ ਬੇਟੀ ਅਤੇ ਮਾਂ ਵਰਗੀ ਬਜ਼ੁਰਗ ਔਰਤ ਵੀ ਸੁਰੱਖਿਅਤ ਨਹੀਂ ਹੈ। ਇਸ ਤਰਾਂ ਲੱਗਦਾ ਹੈ ਕਿ ਬੇਟੀ ਨਾ ਤਾਂ ਮਾਂ ਦੇ ਗਰਭ ਵਿੱਚ ਸੁਰੱਖਿਅਤ ਹੈ ਅਤੇ ਨਾ ਹੀ ਜਨਮ ਲੈਣ ਦੇ ਬਾਅਦ। ਆਧੁਨਿਕ ਯੁੱਗ ਵਿੱਚ ਔਰਤਾਂ ਦਾ ਔਰਤਾਂ ਨਾਲ ਹੀ ਅਜਿਹਾ ਵਿਵਹਾਰ ਸਾਡੀਆਂ ਸਰਕਾਰਾਂ ਦੀ ਕਾਰਜਪ੍ਰਣਾਲੀ ਦੀਆਂ ਕਮਜ਼ੋਰੀਆਂ ਨੂੰ ਦਰਸਾਉਂਦਾ ਹੈ। ਔਰਤਾਂ ਪ੍ਰਤੀ ਸੁਰੱਖਿਆ ਦੇ ਅਹਿਸਾਸ ਦੀ ਨਹੀਂ, ਯਤਨ ਕਰਨ ਦੀ ਲੋੜ ਹੈ, ਉਨਾਂ ਨੂੰ ਰਾਖਵੇਂਕਰਨ ਦੀ ਨਹੀਂ, ਸੁਰੱਖਿਆ ਦੀ ਲੋੜ ਹੈ। ਇਹ ਕੰਮ ਸਿਰਫ਼ ਬਿੱਲ ਪਾਸ ਹੋਣ ਨਾਲ ਨਹੀਂ ਹੋਵੇਗਾ। ਇਸ ਲਈ ਸਖ਼ਤ ਤੋਂ ਸਖ਼ਤ ਕਾਨੂੰਨ ਬਣਾ ਕੇ ਜਲਦੀ ਤੋਂ ਜਲਦੀ ਕੇਸਾਂ ਦਾ ਨਿਪਟਾਰਾ ਕਰਕੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ ਤਾਂ ਕਿ ਲੋਕਾਂ ਦੇ ਮਨਾਂ ਵਿੱਚ ਕਾਨੂੰਨ ਦਾ ਡਰ ਪੈਦਾ ਹੋਵੇ।

ਅੱਜ ਅਸੀਂ ਬਹੁਤ ਮਾਣ ਨਾਲ ਦਾਅਵਾ ਕਰਦੇ ਹਾਂ ਕਿ ਔਰਤ ਦੀ ਸਥਿਤੀ ਬਹੁਤ ਬਦਲ ਚੁੱਕੀ ਹੈ। ਬੇਸ਼ੱਕ ਅੱਜ ਲੜਕੀਆਂ ਪੜ ਰਹੀਆਂ ਹਨ, ਬੇਸ਼ੱਕ ਨੌਕਰੀਆਂ ਵੀ ਕਰ ਰਹੀਆਂ ਹਨ ਪਰ ਉਸ ਮਾਨਸਿਕ ਤਨਾਵ ਦਾ ਕੀ ਜੋ ਉਹ ਹਰ ਰੋਜ਼ ਆਪਣੇ ਘਰ ਪਰਿਵਾਰ ਵਿੱਚ ਸਹਿੰਦੀਆਂ ਹਨ, ਉਸ ਬਲਾਤਕਾਰ ਦਾ ਕੀ ਜੋ ਇੱਕ ਮਰਦ ਦੁਆਰਾ ਗੰਦਗੀ ਭਰੀ ਨਜ਼ਰ ਨਾਲ ਹੀ ਕਰ ਦਿੱਤਾ ਜਾਂਦਾ ਹੈ। ਔਰਤ ਦੀ ਸੁਧਰੀ ਹੋਈ ਸਥਿਤੀ ਦਿਖਾਉਣ ਵਾਲੀਆਂ ਸਿਰਫ਼ ਗੱਲਾਂ ਹੀ ਹਨ। ਅੱਜ ਵੀ ਔਰਤ ਘਰ, ਪਰਿਵਾਰ, ਸਮਾਜ ਵਿੱਚ ਉਸੇ ਵਿਤਕਰੇ ਦਾ ਸ਼ਿਕਾਰ ਹੁੰਦੀ ਹੈ ਜੋ ਅੱਜ ਤੋਂ ਦਹਾਕੇ ਪਹਿਲਾਂ ਸੀ। ਮੇਰੇ ਪਾਠਕਾਂ ਵਿਚੋਂ ਬਹੁਤ ਸਾਰੀਆਂ ਮਹਿਲਾ ਪਾਠਕ ਜਦੋਂ ਮੈਨੂੰ ਮੇਰੇ ਲੇਖਾਂ ਬਾਰੇ ਫੀਡਬੈਕ ਦਿੰਦੀਆਂ ਹਨ ਤਾਂ ਉਹ ਆਪਣੇ ਨਾਲ ਹੁੰਦੇ ਘਰੇਲੂ ਜ਼ੁਲਮ, ਵਿਤਕਰੇ ਅਤੇ ਸਮਾਜ ਵਿੱਚ ਵਿਚਰਦੇ ਹੋਏ ਕਿਵੇਂ ਉਨਾਂ ਨੂੰ ਘਟੀਆ ਸੋਚ ਦਾ ਸਾਹਮਣਾ ਕਰਨਾ ਪੈਂਦਾ ਹੈ, ਬਾਰੇ ਦੱਸਦੀਆਂ ਹਨ। ਜਿਨਾਂ ਵਿਚੋਂ ਜ਼ਿਆਦਾਤਰ ਔਰਤਾਂ ਦਾ ਦੁਖੜਾ ਇਹ ਹੁੰਦਾ ਹੈ ਕਿ ਅਸੀਂ ਘਰ ਪਰਿਵਾਰ ਵੀ ਸਾਂਭ ਰਹੀਆਂ ਹਾਂ, ਨੌਕਰੀਆਂ ਵੀ ਕਰ ਰਹੀਆਂ ਹਾਂ, ਪਰ ਫਿਰ ਵੀ ਘਰਾਂ ਵਿੱਚ ਨਿੱਤ ਮਾਨਸਿਕ ਤੌਰ 'ਤੇ ਅੱਤਿਆਚਾਰ ਕੀਤਾ ਜਾਂਦਾ ਹੈ। ਜੋ ਸਭ ਤੋਂ ਵੱਧ ਦੁਖੀ ਕਰਦਾ ਹੈ। ਕਈ ਔਰਤਾਂ ਇਸ ਗੱਲੋਂ ਪ੍ਰੇਸ਼ਾਨ ਹਨ ਕਿ ਵਿਆਹ ਤੋਂ ਪਹਿਲਾਂ ਪਿਤਾ ਅਤੇ ਭਰਾ ਦੇ ਅਧੀਨ ਰਹਿ ਕੇ ਆਪਣੇ ਸਾਰੇ ਚਾਵਾਂ ਅਤੇ ਸੁਪਨਿਆਂ ਨੂੰ ਆਪਣੇ ਅੰਦਰ ਹੀ ਮਾਰ ਦਿੱਤਾ, ਜਦ ਵਿਆਹ ਹੋਇਆ ਤਾਂ ਸਹੁਰੇ ਪਰਿਵਾਰ ਨੇ ਸੁਪਨੇ ਪੂਰੇ ਕਰਨ ਦੇ ਮੌਕੇ ਨਾ ਦਿੱਤੇ, ਆਖ਼ਰ ਇੱਕ ਔਰਤ ਨੇ ਆਪਣੀ ਜ਼ਿੰਦਗੀ ਆਪਣੇ ਅਨੁਸਾਰ ਕਦੋਂ ਜਿਊਂਣੀ ਹੈ। ਸੋ ਇਸ ਤਰਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਘਟਨਾਵਾਂ ਵੇਖਣ ਅਤੇ ਸੁਣਨ ਨੂੰ ਮਿਲਦੀਆਂ ਹਨ। ਜਦੋਂ ਔਰਤਾਂ ਦੀ ਅਜਿਹੀ ਹਾਲਤ ਦੇਖਣ ਨੂੰ ਮਿਲਦੀ ਹੈ ਤਾਂ ਕਈ ਵਾਰ ਸੋਚਣ ਲਈ ਮਜਬੂਰ ਹੋ ਜਾਂਦੇ ਹਾਂ ਕਿ ਕੀ ਔਰਤ ਹੋਣਾ ਇੱਕ ਜੁਰਮ ਹੈ ?

ਇਸ ਸ਼ੰਕੇ ਨੂੰ ਦੂਰ ਕਰਨ ਲਈ ਸਾਨੂੰ ਸਮਾਜ ਦੀ ਔਰਤ ਪ੍ਰਤੀ ਬਣੀ ਹੋਈ ਸੌੜੀ ਸੋਚ ਨੂੰ ਬਦਲਣਾ ਪਵੇਗਾ। ਇਸ ਸੋਚ ਨੂੰ ਬਦਲਣ ਵਿੱਚ ਸਭ ਤੋਂ ਵੱਡਾ ਯੋਗਦਾਨ ਪਾ ਸਕਦੇ ਹਨ ਮਾਪੇ ਅਤੇ ਅਧਿਆਪਕ। ਮਾਪਿਆਂ ਵੱਲੋਂ ਬਚਪਨ ਤੋਂ ਹੀ ਆਪਣੇ ਬੇਟਿਆਂ ਨੂੰ ਔਰਤਾਂ ਦੀ, ਬੱਚੀਆਂ ਦੀ ਇੱਜ਼ਤ ਕਰਨ ਦੀ ਸਿੱਖਿਆ ਦਿੱਤੀ ਜਾਵੇ। ਘਰ ਵਿੱਚ ਮੌਜੂਦ ਹਰ ਔਰਤ ਨਾਲ ਇੱਜ਼ਤ ਨਾਲ ਪੇਸ਼ ਆਇਆ ਜਾਵੇ। ਘਰ ਵਿੱਚ ਔਰਤ ਨੂੰ ਗੱਲ ਗੱਲ ਤੇ ਤਾਅਨੇ ਮਿਹਣੇ ਦੇ ਕੇ ਜ਼ਲੀਲ ਨਾ ਕੀਤਾ ਜਾਵੇ। ਮਾਵਾਂ ਜਿਵੇਂ ਦੀਆਂ ਸੱਸਾ ਆਪਣੀਆਂ ਧੀਆਂ ਲਈ ਲੱਭਦੀਆਂ ਹਨ ਓਵੇਂ ਦੀਆਂ ਸੱਸਾਂ ਆਪਣੀਆਂ ਨੂੰਹਾਂ ਦੀਆਂ ਵੀ ਬਣਨ। ਨੂੰਹਾਂ ਜਿਵੇਂ ਦੀਆਂ ਨੂੰਹਾਂ ਆਪਣੀਆਂ ਮਾਵਾਂ ਲਈ ਚਾਹੁੰਦੀਆਂ ਹਨ, ਖ਼ੁਦ ਵੀ ਉਸੇ ਤਰਾਂ ਦੀਆਂ ਨੂੰਹਾਂ ਧੀਆਂ ਬਣ ਕੇ ਦਿਖਾਉਣ। ਇਸ ਤੋਂ ਇਲਾਵਾ ਸਕੂਲਾਂ, ਕਾਲਜਾਂ ਵਿੱਚ ਔਰਤ ਦੀ ਸੁਰੱਖਿਆ ਅਤੇ ਇੱਜ਼ਤ ਨੂੰ ਲੈ ਕੇ ਨਵੀਂ ਪੀੜੀ ਨੂੰ ਜਾਗਰੂਕ ਕਰਦੇ ਰਹਿਣਾ ਚਾਹੀਦਾ ਹੈ। ਸਰਕਾਰਾਂ ਦੁਆਰਾ ਬਣਾਏ ਗਏ ਕਾਨੂੰਨਾਂ ਨੂੰ ਅਮਲੀਜਾਮਾ ਪਹਿਨਾਉਣ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ।

ਬੇਟੀ ਨੂੰ ਸ਼ਕਤੀਸ਼ਾਲੀ ਬਣਾਉਣ ਦੇ ਲਈ ਉਸ ਦੀ ਪਾਲਣਾ, ਸਿੱਖਿਆ, ਰੁਜ਼ਗਾਰ ਦੇ ਮੌਕੇ ਅਤੇ ਤੰਦਰੁਸਤ ਵਾਤਾਵਰਣ ਪ੍ਰਦਾਨ ਕਰਨ ਵਿੱਚ ਕੋਈ ਭੇਦਭਾਵ ਨਹੀਂ ਕਰਨਾ ਚਾਹੀਦਾ। ਜੇਕਰ ਆਪਣੀਆਂ ਬੇਟੀਆਂ ਨੂੰ ਮਜ਼ਬੂਤ, ਸ਼ਕਤੀਸ਼ਾਲੀ ਅਤੇ ਸਫਲ ਇਨਸਾਨ ਬਣਾਉਣਾ ਚਾਹੁੰਦੇ ਹੋ ਤਾਂ ਉਸਦੇ ਹੱਕ ਵਿੱਚ ਫ਼ੈਸਲੇ ਵੀ ਸਾਨੂੰ ਲੈਣੇ ਪੈਣਗੇ ਅਤੇ ਸ਼ਕਤੀਸ਼ਾਲੀ ਕਦਮ ਵੀ ਸਾਨੂੰ ਚੁੱਕਣੇ ਪੈਣਗੇ ਤਾਂ ਜੋ ਅੱਜ ਦੀਆਂ ਧੀਆਂ ਨੂੰ ਅਸੀਂ ਸੁਖਨ ਵਾਤਾਵਰਣ ਦੇ ਸਕੀਏ ਜਿਸ ਵਿੱਚ ਰਹਿ ਕੇ ਉਹ ਇਹ ਨਾ ਸੋਚੇ ਕਿ, ਕੀ ਔਰਤ ਹੋਣਾ ਇੱਕ ਜੁਰਮ ਹੈ ?

## ਔਰਤ ਤੇ ਸਮਾਜ

ਮਮਤਾ ਦੀ ਮੂਰਤ ਹੈ ਔਰਤ ਫੁੱਲਾਂ ਦੀ ਖ਼ੁਸ਼ਬੋਈ।
ਸਹਿਣਸ਼ੀਲਤਾ ਦਾ ਹੈ ਸੋਮਾ, ਕਦਰ ਨਾ ਪਾਵੇ ਕੋਈ।
ਔਰਤ ਪਿਆਰ ਦਾ ਪਾਣੀ ਲਾ ਕੇ,
ਹਰ ਫੁੱਲ ਨੂੰ ਮਹਿਕਾਵੇ।
ਆਪਣੇ ਤਨ ਦੀ ਢਾਲੇ ਚਰਬੀ, ਘਰ ਨੂੰ ਸੁਰਗ ਬਣਾਵੇ ।

ਖ਼ੂਨ ਆਪਣੇ ਨਾਲ ਸਿੰਜ ਕੇ, ਦੇਵੇ ਮਿੱਠੀ ਲੋਰੀ।
ਆਪਣੇ ਗੁੰਗੇ ਵੈਣ ਛੁਪਾਏ, ਹੰਝੂ ਪੂੰਝੇ ਚੋਰੀ।
ਅਣਖੀ ਇਹ ਸਮਾਜ ਉਸਦੀ, ਭੋਰਾ ਕਦਰ ਨਾ ਪਾਵੇ।
ਆਪਣੇ ਤਨ ਦੀ ਢਾਲੇ ਚਰਬੀ, ਘਰ ਨੂੰ ਸੁਰਗ ਬਣਾਵੇ ।

ਔਰਤ ਚਾਹੇ ਵਿੱਚ ਵਿਛੋੜੇ, ਜੋਬਨ ਦੀ ਰੁੱਤ ਕੱਟੇ।
ਨਿੱਕੀ ਜਿਹੀ ਗ਼ਲਤੀ ਤੇ ਬੰਦਾ, ਛੱਜ 'ਚ ਪਾ ਕੇ ਛੱਟੇ।
ਨਿਕਲ ਜਾ ਤੂੰ ਮੇਰੇ ਘਰ ਤੋਂ, ਝੱਟ ਹੀ ਹੁਕਮ ਸਣਾਵੇ।
ਆਪਣੇ ਤਨ ਦੀ ਢਾਲੇ ਚਰਬੀ, ਘਰ ਨੂੰ ਸੁਰਗ ਬਣਾਵੇ ।

ਛੱਡ ਕੇ ਸ਼ੱਕਰ ਬੂਰੇ ਵਰਗੀ, ਚੋਰੀ ਦਾ ਗੁੜ ਖਾਵੇ।
ਤੀਵੀਂ ਮਰਦ ਦੀ ਗ਼ਲਤੀ ਉੱਤੇ, ਸੌ ਸੌ ਪਰਦੇ ਪਾਵੇ।
ਟੱਬਰ ਦੀ ਫੁਲਵਾੜੀ ਕਿਧਰੇ, ਉੱਜੜ ਹੀ ਨਾ ਜਾਵੇ।
ਆਪਣੇ ਤਨ ਦੀ ਢਾਲੇ ਚਰਬੀ, ਘਰ ਨੂੰ ਸੁਰਗ ਬਣਾਵੇ ।

ਸੂਰਜ ਨਾਲ ਜੋ ਮੱਥਾ ਲਾਉਂਦੇ, ਜੰਮਦੀ ਪੁੱਤਰ ਸੂਰੇ।
ਪਾਉਣ ਭੰਗੜੇ 'ਵਾ ਦੀ ਹਿੱਕ ਤੇ, ਮੌਤ ਨੂੰ ਵਟਣ ਹੂਰੇ।
ਪਾਲ਼ੇ ਪੋਸੇ ਸਿੱਖਿਆ ਦੇ ਕੇ, ਜੋਧੇ, ਵੀਰ ਬਣਾਵੇ।
ਆਪਣੇ ਤਨ ਦੀ ਢਾਲੇ ਚਰਬੀ, ਘਰ ਨੂੰ ਸੁਰਗ ਬਣਾਵੇ।

ਰਾਜੇ ਦੀ ਜਣਨੀ ਕਹਿ ਬਾਬੇ,
ਨਾਨਕ ਸੀ ਵਡਿਆਇਆ।
ਉਸ ਨੂੰ ਜੰਮਣ ਤੋਂ ਪਹਿਲਾਂ ਹੀ,
ਕੁੱਖ 'ਚ ਮਾਰ ਮੁਕਾਇਆ।
ਆਖਣਅੰਦਰਡਰਚੂਹੇਦਾ,ਬਾਹਰਕਾਂਖਾਜਾਵੇ।
ਤਨ ਦੀ ਢਾਲ ਕੇ ਚਰਬੀ, ਘਰ ਨੂੰ ਸੁਰਗ ਬਣਾਵੇ ।

ਭੁੱਲ ਭੁਲੇਖੇ ਕਦੇ ਜੇ ਔਰਤ, ਚੁਣ ਲਏ ਆਪਣਾ ਹਾਣੀ।
ਅਣਖਾਂ ਦੇ ਰਖਵਾਲੇ ਕਰਦੇ, ਉਸਦੀ ਖਤਮ ਕਹਾਣੀ।
ਔਰਤ ਮਰਦ ਬਰਾਬਰ ਦੇ ਸਭ, ਕਰਦੇ ਝੂਠੇ ਦਾਅਵੇ।
ਆਪਣੇ ਤਨ ਦੀ ਢਾਲੇ ਚਰਬੀ, ਘਰ ਨੂੰ ਸੁਰਗ ਬਣਾਵੇ।

ਨਾਨੀ, ਦਾਦੀ, ਭੂਆ, ਚਾਚੀ, ਮਾਸੀ, ਮਾਮੀ, ਤਾਈ।
ਮਾਂ, ਧੀ, ਭੈਣ ਅਤੇ ਬਣ ਪਤਨੀ, ਰਿਸ਼ਤੇ ਜਾਣ ਨਿਭਾਈ।
ਕਰੋ ਦੁਆ ਰਿਸ਼ਤੇ ਵਿੱਚ ਕੋਈ, 'ਅਮਰ' ਵਿਘਨ ਨਾ ਪਾਵੇ।
ਆਪਣੇ ਤਨ ਦੀ ਢਾਲੇ ਚਰਬੀ, ਘਰ ਨੂੰ ਸੁਰਗ ਬਣਾਵੇ।

ਅਮਰਜੀਤ ਕੌਰ ਮੋਰਿੰਡਾ
7009839007


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

# ਪੁਸਤਕਾਂ ਦਾ ਜੀਵਨ ਵਿਚ ਮਹੱਤਵ



**ਦੀਪ ਜਗਦੀਪ ਸਿੰਘ**

ਕਿਤਾਬਾਂ ਦਾ ਸੰਸਾਰ ਬੜਾ ਅਜਬ ਹੈ। ਜੇ ਬਾਲ ਕਿਤਾਬ ਪੜਨ ਲੱਗੇ ਤਾਂ ਇਹ ਉਸ ਨੂੰ ਪਲ ਭਰ ਵਿਚ ਸਿਆਣਾ ਬਣਾ ਦਿੰਦੀ ਹੈ। ਜੇ ਕੋਈ ਸਿਆਣਾ ਕਿਤਾਬ ਪੜੇ ਤਾਂ ਇਹ ਪਲ ਵਿਚ ਉਸ ਨੂੰ ਬਾਲ ਬਣਾ ਦਿੰਦੀ ਹੈ ਤੇ ਉਸ ਦੇ ਅੰਦਰ ਕਿਸੇ ਖੂੰਜੇ ਵਿਚ ਸੁੱਤਾ ਪਿਆ ਬਚਪਨ ਜਗਾ ਦਿੰਦੀ ਹੈ। ਦੁਨਿਆਵੀ ਦੌਲਤਾਂ, ਸ਼ੋਹਰਤਾਂ ਤੇ ਰਿਸ਼ਤਿਆਂ ਦੀ ਲਘੂਤਮ ਵਿਚ ਉਲਝੇ ਬਹੁਤੇ ਸਿਆਣੇ ਹੋ ਗਏ ਮਨੁੱਖ ਲਈ ਕਿਤਾਬ ਅਣਭੋਲਤਾ ਦੇ ਬੂਹੇ ਖੋਲਦੀ ਹੈ ਤੇ ਫਿਰ ਉਸ ਨੂੰ ਗਿਆਨ ਦੇ ਸਿਖਰ ਤੱਕ ਲੈ ਜਾਂਦੀ ਹੈ।

ਅਮਰੀਕੀ ਲੇਖਕ ਸਟੀਫਨ ਕਿੰਗ ਆਖਦਾ ਹੈ, 'ਕਿਤਾਬਾਂ ਉਹ ਵਿਲੱਖਣ ਜਾਦੂ ਹਨ, ਜਿਨਾਂ ਨੂੰ ਕਿਤੇ ਵੀ ਲੈ ਜਾਇਆ ਜਾ ਸਕਦਾ ਹੈ।' ਕਿਤਾਬਾਂ ਨੂੰ ਸਫ਼ਰ ਵਿਚ ਲੈ ਜਾਣਾ ਉਸ ਨੂੰ ਰਾਸ ਆ ਗਿਆ। ਉਹ ਕਿਤਾਬਾਂ ਪੜਦਾ-ਪੜਦਾ ਲਿਖਣ ਦੇ ਅਜਿਹੇ ਸਫ਼ਰ 'ਤੇ ਨਿਕਲਿਆ ਕਿ ਹੁਣ ਤੱਕ ਉਸ ਦੀਆਂ ਲਿਖੀਆਂ ਕਿਤਾਬਾਂ ਦੀਆਂ ਸਾਢੇ ਤਿੰਨ ਮਿਲੀਅਨ ਤੋਂ ਜ਼ਿਆਦਾ ਕਾਪੀਆਂ ਵਿਕ ਚੁੱਕੀਆਂ ਹਨ।

18ਵੀਂ ਸਦੀ ਦੀ ਕਲਾਸਿਕ ਅੰਗਰੇਜ਼ੀ ਨਾਵਲਕਾਰਾਂ ਜੇਨ ਆਸਟਨ ਕਹਿੰਦੀ ਹੈ ਕਿ ਜੇ ਕਿਤਾਬ ਬਹੁਤ ਵਧੀਆ ਲਿਖੀ ਹੋਵੇ ਤਾਂ ਉਸ ਨੂੰ ਹਮੇਸ਼ਾ ਲੱਗਦਾ ਹੈ ਕਿ ਕਿਤਾਬ ਜਲਦੀ ਮੁੱਕ ਗਈ। ਉਸ ਦੇ ਲਿਖੇ ਬਹੁ-ਚਰਚਿਤ ਨਾਵਲ ਕਰੀਬ ਚਾਰ ਸੌ ਪੰਨਿਆਂ ਤੋਂ ਜ਼ਿਆਦਾ ਦੇ ਹਨ ਪਰ ਅੱਜ ਵੀ ਉਨਾਂ ਨੂੰ ਪੜਦਿਆਂ ਆਪਮੁਹਾਰੇ ਮੂੰਹੋਂ ਨਿਕਲਦੇ, 'ਇੰਨੀ ਛੇਤੀ ਮੁੱਕ ਵੀ ਗਿਆ।' ਉਸ ਦੌਰ ਵਿਚ ਉਹ ਵੀ ਲੋਕ ਹੁੰਦੇ ਸਨ, ਜੋ ਇੰਨੀਆਂ 'ਮੋਟੀਆਂ' ਕਿਤਾਬਾਂ ਵੀ ਵਾਰ-ਵਾਰ ਪੜਦੇ ਸਨ। ਜੇ ਇਹ ਗੱਲ ਨਾ ਹੁੰਦੀ ਤਾਂ ਇਹ ਚੀਨੀ ਅਖੌਤ ਨਹੀਂ ਬਣਨੀ ਸੀ ਕਿ ਕੋਈ ਕਿਤਾਬ ਪਹਿਲੀ ਵਾਰ ਪੜਨਾ ਇੰਝ ਹੈ ਜਿਵੇਂ ਕਿਸੇ ਨੂੰ ਪਹਿਲੀ ਵਾਰ ਜਾਣਨਾ, ਉਹੀ ਕਿਤਾਬ ਦੂਜੀ ਵਾਰ ਪੜਨਾ ਜਿਵੇਂ ਕਿਸੇ ਪੁਰਾਣੇ ਮਿੱਤਰ ਨੂੰ ਮਿਲਣਾ।

ਅੱਜ ਸੋਸ਼ਲ ਮੀਡੀਆ ਦੇ ਦੌਰ 'ਚ ਇਹ ਅਖੌਤ ਉਦੋਂ ਝੂਠੀ ਜਿਹੀ ਜਾਪਦੀ ਹੈ ਜਦੋਂ ਕਿਸੇ ਅਰਥਪੂਰਨ ਲੰਮੀ ਪੋਸਟ ਦੇ ਥੱਲੇ ਟਿੱਪਣੀਆਂ ਪੜਨ ਨੂੰ ਮਿਲਦੀਆਂ ਹਨ ਕਿ ਏਨੀ ਲੰਮੀ ਪੋਸਟ ਕੌਣ ਪੜਦਾ ਹੈ।

ਸੋਸ਼ਲ ਮੀਡੀਆ ਨੇ ਸਾਡੇ ਤੋਂ ਉਹ ਸਬਰ ਤੇ ਸਹਿਜ ਖੋਹ ਲਿਆ ਹੈ, ਜਿਸ ਰਾਹੀਂ ਅਸੀਂ ਪੰਨਾ ਦਰ ਪੰਨਾ ਕਿਤਾਬਾਂ ਅੰਦਰਲੇ ਸੰਸਾਰ ਦਾ ਮੀਲਾਂ ਦਾ ਸਫ਼ਰ ਕਰ ਲੈਂਦੇ ਸਾਂ ਤੇ ਇਸ ਸਫ਼ਰ ਤੋਂ ਬਾਅਦ ਥੱਕਣ ਦੀ ਬਜਾਏ ਤਾਜ਼ਾ-ਤਰੀਨ ਮਹਿਸੂਸ ਕਰਦੇ ਸਾਂ। ਅੱਜ-ਕੱਲ ਤਾਂ ਪੰਜ-ਸੱਤ ਸਤਰਾਂ ਦੀ ਪੋਸਟ ਪੜਦਿਆਂ ਸਾਨੂੰ ਸਾਹ ਚੜ ਜਾਂਦਾ ਹੈ ਤੇ ਅਸੀਂ ਕਾਹਲੀ ਨਾਲ ਅੰਗੂਠਾ ਨੱਪ ਕੇ ਅਗਾਂਹ ਜਾਣ ਦੀ ਕਰਦੇ ਹਾਂ। ਇਸ ਦੇ ਬਾਵਜੂਦ ਸੋਸ਼ਲ ਮੀਡੀਆ 'ਤੇ ਧੜਾਧੜ ਲਿਖਿਆ ਜਾ ਰਿਹਾ ਹੈ। ਅਜਿਹੀਆਂ ਲਿਖਤਾਂ 'ਤੇ ਚਿਰਾਪੂੰਜੀ ਵਾਂਗ ਲਾਈਕਾਂ ਤੇ ਕੁਮੈਂਟਾਂ ਦੀ ਬਰਸਾਤ ਹੁੰਦੀ ਹੈ। ਫਿਰ ਰਾਤੋ-ਰਾਤ 'ਇੰਟਰਨੈੱਟ ਸਟਾਰ' ਬਣੇ ਲੇਖਕਾਂ ਦੀਆਂ ਕਿਤਾਬਾਂ ਧੜਾਧੜ ਛਪਦੀਆਂ ਹਨ ਪਰ ਇਨਾਂ 'ਚੋਂ ਕੋਈ ਟਾਵਾਂ ਹੀ ਹੁੰਦਾ ਹੈ ਜਿਸ ਦੀ ਕਿਤਾਬ ਨੂੰ ਪਾਠਕ ਮੁੱਲ ਖ਼ਰੀਦ ਕੇ ਪੜਦਾ ਹੈ। ਜਿਹੜੀ ਕਿਤਾਬ ਵਿਕਦੀ ਵੀ ਹੈ, ਉਹ ਪੜੀ ਘੱਟ ਜਾਂਦੀ ਹੈ, ਸ਼ੋਅ ਕੇਸ ਵਿਚ ਸਜਾ ਕੇ ਰੱਖਣ ਲਈ ਤੇ ਸੋਸ਼ਲ ਮੀਡੀਆ 'ਤੇ ਸੈਲਫ਼ੀ ਪਾਉਣ ਲਈ ਵੱਧ ਵਰਤੀ ਜਾਂਦੀ ਹੈ।

ਅੱਜ-ਕੱਲ ਕਿਤਾਬਾਂ ਵਾਲੀਆਂ ਸੈਲਫ਼ਾਂ ਨਾਲੋਂ ਕਿਤਾਬਾਂ ਵਾਲੀਆਂ ਸੈਲਫ਼ੀਆਂ ਦਾ ਟਰੈਂਡ ਜ਼ਿਆਦਾ ਚੱਲ ਰਿਹਾ ਹੈ। ਮਸਲਾ ਇਹ ਹੋ ਗਿਆ ਹੈ ਕਿ ਕਿਤਾਬਾਂ ਦੀ ਸੈਲਫ਼ੀਆਂ ਵਾਲੀ ਬੰਬਾਰੀ 'ਚੋਂ ਚੰਗੀ ਤੇ ਸਾਂਭ ਕੇ ਰੱਖਣ ਵਾਲੀ ਕਿਤਾਬ ਲੱਭਣੀ ਮੁਸ਼ਕਿਲ ਹੋ ਗਈ ਹੈ। ਰਹਿੰਦੀ ਕਸਰ ਸੋਸ਼ਲ ਮੀਡੀਆ 'ਤੇ ਬੈਠੇ ਪ੍ਰਚਾਰਕਾਂ ਨੇ ਪੂਰੀ ਕਰ ਦਿੱਤੀ ਹੈ। ਅੱਜ-ਕੱਲ ਹਰ ਕਿਤਾਬ 'ਬੈਸਟ ਸੇਲਰ' ਹੈ ਤੇ ਹਰ ਕੋਈ 'ਬੈਸਟ ਸੇਲਰ' ਲੇਖਕ ਹੈ। ਉਨਾਂ ਦੀਆਂ ਕਿਤਾਬਾਂ ਦੇ ਕਈ-ਕਈ ਐਡੀਸ਼ਨ ਕਦੋਂ ਆਉਂਦੇ ਹਨ ਤੇ ਕਦੋਂ ਖ਼ਤਮ ਹੋ ਜਾਂਦੇ ਹਨ, ਪਤਾ ਨਹੀਂ ਲੱਗਦਾ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਅੱਜ ਦੇ ਦੌਰ ਵਿਚ ਚੰਗੀਆਂ ਕਿਤਾਬਾਂ ਨਹੀਂ ਲਿਖੀਆਂ ਜਾ ਰਹੀਆਂ ਜਾਂ ਕਿਤਾਬਾਂ ਪੜਨ ਲਈ ਚੰਗੇ ਪਾਠਕ ਨਹੀਂ ਹਨ।

ਸੋਸ਼ਲ ਮੀਡੀਆ ਨੇ ਇਕ ਕੰਮ ਚੰਗਾ ਕੀਤਾ ਹੈ, ਚੰਗਾ ਪੜਨ ਵਾਲਿਆਂ ਨੂੰ ਤੇ ਚੰਗੀਆਂ ਕਿਤਾਬਾਂ ਨੂੰ ਇਕ-ਦੂਜੇ ਤਕ ਪਹੁੰਚਾ ਦਿੱਤਾ ਹੈ। ਜਿਹੜਾ ਗੰਭੀਰ ਪਾਠਕ ਹੈ, ਉਹ ਸੋਸ਼ਲ ਮੀਡੀਆ 'ਤੇ ਚੰਗੀਆਂ ਕਿਤਾਬਾਂ ਦੀ ਭਾਲ ਵਿਚ ਆਉਂਦਾ ਹੈ ਤੇ ਜਦੋਂ ਉਸ ਨੂੰ ਆਪਣੀ ਭਾਲ ਵਾਲੀ ਕਿਤਾਬ ਮਿਲ ਜਾਂਦੀ ਹੈ ਤਾਂ ਉਹ ਇੰਟਰਨੈਟ ਤੋਂ ਛੁੱਟੀ ਲੈ ਕੇ ਉਸ ਕਿਤਾਬ ਵਿਚਲੇ ਸੰਸਾਰ ਵਿਚ ਉਤਰ ਜਾਂਦਾ ਹੈ। ਫਿਰ ਜਦੋਂ ਉਹ ਮੁੜਦਾ ਹੈ ਤਾਂ ਪਾਠਕਾਂ ਲਈ ਪੜੀ ਗਈ ਕਿਤਾਬ ਬਾਰੇ ਮੁੱਲਵਾਨ ਨੁਕਤੇ ਲੈ ਕੇ ਆਉਂਦਾ ਹੈ। ਇਸ ਤਰਾਂ ਸੋਸ਼ਲ ਮੀਡੀਆ 'ਤੇ ਕਿਤਾਬਾਂ ਦਾ ਮੇਲਾ ਲੱਗ ਗਿਆ ਹੈ, ਜਿੱਥੇ ਪੜਨ ਵਾਲੇ, ਲਿਖਣ ਵਾਲੇ, ਲਾਇਬ੍ਰੇਰੀਆਂ ਵਾਲੇ, ਪ੍ਰਕਾਸ਼ਕ ਤੇ ਪੁਸਤਕ ਵਿਕ੍ਰੇਤਾ ਇਕੱਠੇ ਹੋ ਗਏ ਹਨ। ਇਹ ਨਾ ਸਿਰਫ਼ ਆਪੋ-ਵਿਚ ਕਿਤਾਬਾਂ ਦਾ ਲੈਣ-ਦੇਣ ਕਰਦੇ ਹਨ ਸਗੋਂ ਨਵੇਂ ਪਾਠਕ ਜੋੜਨ ਵਿਚ ਵੀ ਆਪਣੀ ਭੂਮਿਕਾ ਨਿਭਾਉਂਦੇ ਹਨ।

ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਅਦ੍ਰਿਸ਼ ਤਰੰਗਾਂ ਦੇ ਨਾਲ ਜੁੜੇ ਆਲਮੀ ਪਿੰਡ ਦੇ ਦੌਰ ਵਿਚ ਸੋਸ਼ਲ ਮੀਡੀਆ ਤੋਂ ਪੂਰੀ ਤਰਾਂ ਨਿਰਲੇਪ ਨਹੀਂ ਰਿਹਾ ਜਾ ਸਕਦਾ ਪਰ ਇਸ ਦੀ ਵਰਤੋਂ ਕਿਵੇਂ ਕਰਨੀ ਹੈ , ਇਸ ਬਾਰੇ ਸੁਚੇਤ ਜ਼ਰੂਰ ਹੋਇਆ ਜਾ ਸਕਦਾ ਹੈ। ਸੋਸ਼ਲ ਮੀਡੀਆ ਨੇ ਜਿੱਥੇ ਕਿਤਾਬਾਂ ਦੇ ਆਸ਼ਕਾਂ ਨੂੰ ਮੰਚ ਮੁਹੱਈਆ ਕਰਵਾਇਆ ਹੈ, ਉੱਥੇ ਹੀ ਇਸ ਨੇ ਗੰਭੀਰ ਤੇ ਮਿਆਰੀ ਸਾਹਿਤ ਲਈ ਮੁਸ਼ਕਿਲਾਂ ਵੀ ਖੜੀਆਂ ਕੀਤੀਆਂ ਹਨ। ਉਹ ਵੀ ਵੇਲਾ ਸੀ ਜਦੋਂ ਕਿਸੇ ਰਚਨਾ ਨੂੰ ਛਪਣ ਤੋਂ ਪਹਿਲਾਂ ਬਹੁਤ ਸਾਰੀਆਂ ਛਾਨਣੀਆਂ 'ਚੋਂ ਲੰਘਣਾ ਪੈਂਦਾ ਸੀ। ਫਿਰ ਕਿਤੇ ਸਾਲ- ਛਿਮਾਹੀ ਕਿਸੇ ਮਿਆਰੀ ਸਾਹਿਤਕ ਰਸਾਲੇ ਜਾਂ ਅਖ਼ਬਾਰ ਵਿਚ ਉਹ ਰਚਨਾ ਛਪਦੀ ਸੀ ਤਾਂ ਲੇਖਕ ਨੂੰ ਛੁਹਾਰਾ ਲੱਗਣ ਜਿਨਾਂ ਚਾਅ ਚੜਦਾ ਸੀ ਪਰ ਹੁਣ ਤਾਂ ਰਚਨਾ ਸਿੱਧੀ ਲਿਖੀ ਹੀ ਸੋਸ਼ਲ ਮੀਡੀਆ 'ਤੇ ਜਾਂਦੀ ਹੈ ਤੇ ਬਿਨਾਂ ਕਿਸੇ ਨਜ਼ਰਸਾਨੀ ਤੋਂ ਦੋਸਤ ਬਣੇ ਪਾਠਕਾਂ ਦੇ ਸਿਰ ਮੜ ਦਿੱਤੀ ਜਾਂਦੀ ਹੈ। ਇਸ ਨੇ ਸਾਹਿਤ ਦੇ ਮਿਆਰ ਨੂੰ ਵੀ ਢਾਹ ਲਾਈ ਹੈ ਤੇ ਸਾਹਿਤ ਵਿਚਲੀ ਸੁਹਜਾਤਮਕਤਾ ਵੀ ਮੁੱਕਦੀ ਜਾ ਰਹੀ ਹੈ।

ਪੰਜਾਬ ਨੂੰ ਤਾਂ ਜਿਵੇਂ ਮੇਲਿਆਂ ਦਾ ਵਰ ਮਿਲਿਆ ਹੋਇਆ ਹੈ। ਜਿਉਂ-ਜਿਉਂ ਪੰਜਾਬ ਵਿਚ ਅੱਖਰ ਗਿਆਨ ਵਿਚ ਵਾਧਾ ਹੋਇਆ, ਪੜਨ ਤੇ ਲਿਖਣ ਵਾਲਿਆਂ ਦਾ ਵੀ ਵਾਧਾ ਹੋਇਆ। ਪੜਨ ਵਾਲਿਆਂ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਜਿੱਥੇ ਲੇਖਕਾਂ ਨੇ ਇਕ ਤੋਂ ਵੱਧ ਕੇ ਇਕ ਕਿਤਾਬਾਂ ਲਿਖੀਆਂ, ਉੱਥੇ ਹੀ ਦੇਸ਼-ਵਿਦੇਸ਼ ਵਿਚ ਪਾਠਕਾਂ ਦੀ ਮੰਗ ਨੂੰ ਪੂਰਾ ਕਰਨ ਲਈ ਪੁਸਤਕ ਮੇਲਿਆਂ ਦਾ ਪਿੜ ਬੱਝਣ ਲੱਗਾ। ਪਿਛਲੇ ਸਮਿਆਂ ਵਿਚ ਪੰਜਾਬ ਦੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਤੋਂ ਲੈ ਕੇ ਸੱਤ ਸਮੁੰਦਰ ਪਾਰ ਘੁੱਗ ਵੱਸਦੇ ਪੰਜਾਬੀਆਂ ਦੇ ਗਲੋਬਲ ਪਿੰਡਾਂ ਤਕ ਪੁਸਤਕ ਮੇਲਿਆਂ ਦਾ ਸਭਿਆਚਾਰ ਪ੍ਰਫੁੱਲਿਤ ਹੋਇਆ ਹੈ। ਇਹੀ ਨਹੀਂ ਦਿੱਲੀ ਤੇ ਜੈਪੁਰ ਵਿਚ ਹੁੰਦੇ ਆਲਮੀ ਪੱਧਰ ਦੇ ਪੁਸਤਕ ਮੇਲਿਆਂ ਵਿਚ ਗੰਭੀਰ ਪੰਜਾਬੀ ਪਾਠਕ ਰੇਲਗੱਡੀਆਂ ਭਰ ਕੇ ਪਹੁੰਚਦੇ ਹਨ ਤੇ ਆਲਮੀ ਸਾਹਿਤ ਦੀਆਂ ਸ਼ਾਹਕਾਰ ਰਚਨਾਵਾਂ ਲੈ ਕੇ ਮੁੜਦੇ ਹਨ।

ਜਦੋਂ ਵੀ ਕਿਸੇ ਪੁਸਤਕ ਮੇਲੇ ਦੀ ਕਨਸੋਅ ਮਿਲਦੀ ਹੈ ਤਾਂ ਪਾਠਕਾਂ ਦੀਆਂ ਵਹੀਰਾਂ ਉੱਧਰ ਨੂੰ ਚਾਲੇ ਪਾ ਦਿੰਦੀਆਂ ਹਨ। ਹਰ ਉਮਰ ਦਾ ਪਾਠਕ ਸਟਾਲਾਂ ਦੇ ਸਾਗਰਾਂ 'ਚੋਂ ਸਿੱਪੀਆਂ ਫੋਲ-ਫੋਲ ਕੇ ਆਪਣੀ ਪਸੰਦ ਦੀਆਂ ਕਿਤਾਬਾਂ ਦੇ ਮੋਤੀ ਲੱਭਦੇ ਹੋਏ ਨਜ਼ਰ ਆਉਂਦੇ ਹਨ। ਉਨਾਂ ਨਾਲ ਸਿਰਫ਼ ਮੇਲਾ ਵੇਖਣ ਆਏ ਦੋਸਤ-ਮਿੱਤਰ ਤੇ ਪਰਿਵਾਰਕ ਮੈਂਬਰ ਵੀ ਕੋਈ ਨਾ ਕੋਈ ਕਿਤਾਬ ਲੈ ਹੀ ਜਾਂਦੇ ਹਨ। ਇਸ ਤਰਾਂ ਇਹ ਮੇਲੇ ਜਿੱਥੇ ਸਾਹਿਤ ਦੇ ਰਸੀਆਂ ਦੀ ਭੁੱਖ ਪੂਰੀ ਕਰਦੇ ਹਨ, ਉੱਥੇ ਹੀ ਨਵੇਂ ਪਾਠਕ ਪੈਦਾ ਕਰਨ ਵਿਚ ਵੀ ਵੱਡੀ ਭੂਮਿਕਾ ਨਿਭਾਉਂਦੇ ਹਨ।

ਅਮੀਰ ਅਕਾਦਮਿਕ ਤੇ ਸਾਹਿਤਕ ਵਿਰਾਸਤ ਵਾਲਾ ਖ਼ਾਲਸਾ ਕਾਲਜ ਅੰਮ੍ਰਿਤਸਰ ਆਪਣੀ ਵਿਸ਼ਾਲ ਲਾਇਬ੍ਰੇਰੀ ਤੇ ਸਿੱਖ ਇਤਿਹਾਸ ਖੋਜ ਕੇਂਦਰ ਵਿਚ ਮੁੱਲਵਾਨ ਇਤਿਹਾਸਕ ਕਿਤਾਬਾਂ ਸਾਂਭੀ ਬੈਠਾ ਹੈ। ਪੁਸਤਕ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ 2 ਤੋਂ 5 ਮਾਰਚ ਤਕ ਅੰਮ੍ਰਿਤਸਰ ਸਾਹਿਤ ਉਤਸਵ ਤੇ ਪੁਸਤਕ ਮੇਲਾ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਖੁੱਲੇ ਮੈਦਾਨ ਵਿਚ ਕਰਵਾਇਆ ਜਾ ਰਿਹਾ ਹੈ। ਬਾਕੀ ਸਫ਼ਾ 30 'ਤੇ

# ਅਸੀਂ ਵਹਿਮਾਂ ਭਰਮਾਂ ਦਾ ਠੇਕਾ ਲਿਐ ?

**ਸੁਖਮਿੰਦਰ ਸੇਖੋਂ**

ਵਿਅੰਗ

ਅਸੀਂ ਵਹਿਮਾਂ ਭਰਮਾਂ ਦਾ ਕੋਈ ਠੇਕਾ ਲਿਐ ਜੋ ਸਾਨੂੰ ਪਏ ਪੁੱਛਦੇ ਹੋ ਕਿ ਇਹਨਾਂ ਨੂੰ ਸਮਾਜ ਵਿੱਚੋਂ ਕਿਵੇਂ ਖ਼ਤਮ ਕੀਤਾ ਜਾਵੇ ? ਨਾਲੇ ਵਹਿਮ ਕੀ ਹੁੰਦੇ ਨੇ ਤੇ ਭਰਮ ਕੀ, ਸਾਥੋਂ ਕਿਉਂ ਪੁੱਛਦੇ ਹੋ ? ਅਸੀਂ ਕੋਈ ਪੰਡਤ ਜਾਂ ਗਿਆਨੀ ਹਾਂ ? ਨਾ ਹੀ ਅਸੀਂ ਜਿਉਤਸ਼ੀ ਹਾਂ ਜੋ ਤੁਹਾਨੂੰ ਇਹਨਾਂ ਬਾਬਤ ਹੱਥ ਦੇਖਕੇ ਜਾਂ ਕਿਸੇ ਦੀ ਜਨਮ ਪੱਤਰੀ ਦੇਖਕੇ ਹਿਸਾਬ ਕਿਤਾਬ ਵਿੱਚ ਐਵੇਂ ਕਿਤੇ ਵਾਧੂ ਦਾ ਉਲਝਦੇ ਰਹੀਏ। ਅਸੀਂ ਤਾਂ ਵਿਗਿਆਨੀ ਵੀ ਨਹੀਂ ਜੋ ਤੁਹਾਨੂੰ ਵਿਗਿਆਨਕ ਨਜ਼ਰੀਏ ਨਾਲ ਸਮਝਾ ਸਕੀਏ ਪਈ ਵਹਿਮ ਤੇ ਭਰਮ ਕਿਨਾਂ ਵਸਤੂਆਂ ਦੇ ਨਾਂ ਹਨ। ਅਸੀਂ ਤਾਂ ਮੌਸਮ ਵਿਗਿਆਨੀ ਵੀ ਨਹੀਂ ਕਿ ਮੌਸਮ ਵਿਭਾਗ ਵਾਂਗ ਵਹਿਮਾਂ ਭਰਮਾਂ ਦੇ ਮੌਸਮਾਂ ਦਾ ਹਾਲ ਜਾਣ ਕੇ ਤੁਹਾਨੂੰ ਵਿਸਥਾਰ ਸਹਿਤ ਸੂਚਨਾ ਦੇ ਸਕੀਏ। ਵੈਸੇ ਵੀ ਵਹਿਮੀ ਬੰਦਿਆਂ ਤੇ ਭਰਮੀ ਲੋਕਾਂ ਦਾ ਹਾਲ ਅਸੀਂ ਕਿਵੇਂ ਜਾਣ ਸਕਦੇ ਹਾਂ, ਉਨਾਂ ਦੇ ਤਾਂ ਲਹੂ ਵਿੱਚ ਹੀ ਵਹਿਮ ਭਰਮ ਰਸਿਆ ਹੁੰਦਾ ਹੈ।

ਚਲੋ ਇੱਕ ਆਮ ਜਿਹੇ ਬੰਦੇ ਦੇ ਹਿਸਾਬ ਨਾਲ ਤੁਹਾਨੂੰ ਔਹ ਸਾਹਮਣੇ ਤੁਰਿਆ ਆਉਂਦਾ ਬੰਦਾ, ਜਿਸਦਾ ਨਾਉਂ ਸ਼ਾਇਦ ਸਨਕੀ ਪ੍ਰਸਾਦ ਹੈ, ਉਹ ਖੁੱਲ ਕੇ ਚਾਨਣਾ ਪਾਵੇਗਾ।

'ਤੁਹਾਡਾ ਹੀ ਨਾਉਂ ਜਨਾਬ ਸਨਕੀ ਪ੍ਰਸਾਦ ਹੈ ਜੀ ?'

'ਹਾਂਅ ! ਮੈਂ ਹੀ ਸਨਕੀ ਪ੍ਰਸਾਦ ਹਾਂ ... ਕਿਉਂ ਮੇਰੇ ਚਿਹਰਾ ਮੋਹਰਾ ਦੇਖਕੇ ਪਛਾਣ ਨੀ ਹੁੰਦਾ, ਭੁੱਲ ਗਿਆ ? ਚੱਲ ਹਟ ਪਿੱਛੇ ਸਨਕੀ ਸੁਣਾਉਂਦਾ ਹੈ ਤੁਹਾਨੂੰ ਆਪਣੇ ਮੂੰਹੋਂ ਆਪਣਾ ਸਨਕੀਨਾਮਾ !

'ਔਹ ਦੇਖਦੇ ਹੋ ਇੱਕ ਨਵੇਂ ਪਏ ਘਰ ਦੇ ਫ਼ਰੰਟ 'ਤੇ ਕੀ ਬਣਿਐ ਹੋਇਆ ਹੈ, ਕਾਲਾ ਰਾਕਸ਼ਸ ਵਰਗਾ ਮੂੰਹ ... ਤੇ ਨਾਲ ਹੀ ਲਟਕ ਰਹੀ ਹੈ ਇੱਕ ਜੁੱਤੀ, ਛਿੱਤਰ ! ਇਹ ਤਾਂ ਟੰਗਿਆ ਛਿੱਤਰ ਕਿਉਂਕਿ ਇਸ ਘਰ ਦਾ ਮਾਲਕ ਸਨਕੀ ... ਨਹੀਂ ਵਹਿਮੀ ਪ੍ਰਸਾਦ ਹੈ। ਵਹਿਮ ਨੂੰ ਮੰਨਣ ਵਾਲਾ। ਮਕਾਨ .. ਨਹੀਂ ਨਹੀਂ ... ਇਹ ਵੱਡੀ ਕੋਠੀ ਪਾਉਣ ਤੋਂ ਪਹਿਲਾਂ ਉਸ ਨੇ ਵਸਤੂ ਸ਼ਾਸਤਰ ਦੇ ਇੱਕ ਅਖੌਤੀ ਮਾਸਟਰ ਦੀ ਸਲਾਹ ਵੀ ਲਈ ਸੀ ਤੇ ਉਸ ਅਨੁਸਾਰ ਹੀ ਆਪਣਾ ਇਹ ਜੁਗਾੜ ਖੜਾ ਕੀਤਾ ਹੈ। ਕੇਵਲ ਫੋਕਾ ਇਸ ਨਾਲ ਵੀ ਨਾ ਸਰਿਆ ਤੇ ਬਾਹਰ ਕਾਲੇ ਰਾਕਸ਼ਸਨੁਮਾ ਵਹਿਮੀ ਜਿਹੇ ਬੰਦੇ ਦੀ ਮੂਰਤੀ ਜਿਹੀ ਵੀ ਬਣਵਾ ਦਿੱਤੀ ਤੇ ਨਾਲ ਹੀ ਲਟਕਾ ਦਿੱਤੀ ਜੁੱਤੀ - ਇੱਕ ਵੱਡਾ ਛਿੱਤਰ ! ਕਿਉਂ ? ਰੱਬ ਦੇ ਛਿੱਤਰਾਂ ਤੋਂ ਬਚਣ ਲਈ ! ਇਸ ਘਰ ਦਾ ਮਾਲਕ ਸਮਾਜ ਸੁਧਾਰਕ ਹੈ ਤੇ ਸਮਾਜ ਵਾਲੇ ਇਸਦੇ ਮਗਰ ਲੱਗੇ ਹੋਏ ਹਨ।



'...ਹੁਣ ਅਗਾਂਹ ਚਲਦੇ ਹਾਂ ਤੇ ਤੁਹਾਨੂੰ ਦੱਸਦੇ ਹਾਂ ਕਿ ਇਹ ਸੜਕ ਦੇ ਚੌਰਾਹੇ 'ਤੇ ਜਿਸ ਵਿਅਕਤੀ ਨੇ ਟੂਣਾ ਜਿਹਾ ਕੀਤਾ ਹੋਇਆ ਹੈ, ਇਹ ਇਸ ਸ਼ਹਿਰ ਦਾ ਮੰਨਿਆ ਪ੍ਰਮੰਨਿਆ ਇੰਜਨੀਅਰ ਹੈ ਤੇ ਇਸ ਨੂੰ ਹਰ ਵੇਲੇ ਇਹੋ ਫ਼ਿਕਰ ਰਹਿੰਦਾ ਹੈ ਕਿ ਇਸਦੇ ਪਰਿਵਾਰ ਦਾ ਦੁੱਖ ਦਲਿੱਦਰ ਕਿਸੇ ਹੋਰ ਦੇ ਗੱਲ ਨੂੰ ਚੰਬੜ ਜਾਵੇ। ਇਸੇ ਲਈ ਇਸ ਨੇ ਵਿੱਚ ਚੌਰਾਹੇ ਇੱਕ ਨਾਰੀਅਲ, ਇੱਕ ਘੜਾ, ਕੁਝ ਦਾਖਾਂ ਤੇ ਹੋਰ ਨਿਕ ਸੁੱਕ ਰੱਖਿਆ ਹੋਇਆ ਹੈ। ਨਿਕ ਸੁੱਕ ਦੀ ਤਾਂ ਬਾਅਦ ਵਿੱਚ ਦੇਖਾਂਗਾ ਪਹਿਲਾਂ ਇਸ ਘੜੇ ਦੇ ਠੁੱਡਾ ਮਾਰ ਕੇ ਇਹਦਾ ਠੀਕਰਾ ਚੌਰਾਹੇ ਵਿੱਚ ਭੰਨਦੇ ਹਾਂ ਤੇ ਬਾਅਦ ਵਿੱਚ ਨਾਰੀਅਲ ਤੋੜ ਕੇ ਇਹਦੀ ਗਿਰੀ ਤੇ ਨਾਲ ਰੱਖੀਆਂ ਦਾਖਾਂ ਧੋ ਧੋ ਕੇ ਮਜ਼ੇ ਨਾਲ ਖਾਵਾਂਗੇ। ...'

ਤੇ ਸਨਕੀ ਪ੍ਰਸਾਦ ਜੀ ਨੇ ਬਿਲਕੁਲ ਇਵੇਂ ਹੀ ਕੀਤਾ ਤੇ ਇਸ ਨਾਟਕ ਦਾ ਕੋਈ ਦੁਖਾਂਤ ਨਹੀਂ, ਸੁਖਾਂਤ ਅੰਤ ਕਰਦਿਆਂ ਠਹਾਕਾ ਲਗਾਉਂਦਿਆਂ ਬੋਲੇ, 'ਹੁਣ ਤੇਰਾ ਕੀ ਬਣੇਗਾ ...ਟੂਣੇ ਵਾਲੇ ਇੰਜਨੀਅਰਾ !'

'ਔਹ ਸਾਹਮਣੇ ਕੌਣ ਝਾੜਾ ਪਿਆ ਕਰਦਾ ਹੈ ? ਕੌਣ ਹੱਥ ਪਿਆ ਦੇਖਦੈ, ਕਿਹੜਾ ਜਣਾ ਸੜਕ ਦੇ ਕਿਨਾਰੇ ਬੈਠਾ ਤੋਤੇ ਤੋਂ ਕਿਸੇ ਗ਼ਰੀਬ ਦਾ ਭਵਿੱਖ ਪਿਆ ਪੁੱਛ ਰਿਹਾ ਹੈ ? ਅਸੀਂ ਲੈਣੇ ਆ ਇਹਦੀ ਖ਼ਬਰ ! ਸਨਕੀ ਪ੍ਰਸਾਦ ਪਹਿਲਾਂ ਝਾੜਾ ਕਰਦੇ ਬੰਦੇ ਕੋਲ ਗਏ ਤੇ ਉਹਦੇ ਹੀ ਝਾੜੂ ਨਾਲ ਉਹਦੀ ਚੰਗੀ ਕੁਟਾਈ ਕੀਤੀ ਤੇ ਨਾਲ ਹੀ ਸਫ਼ਾਈ ਵੀ ...। ਫੇਰ ਉਹ ਹੱਥ ਦੇਖਣ ਵਾਲੇ ਕੋਲ ਗਏ ਤੇ ਉਸਦੇ ਹੱਥ ਨੂੰ ਇੰਨੀ ਜ਼ੋਰ ਦੀ ਘੁੱਟਿਆ ਕਿ ਉਹ 'ਹਾਏ ਡਾਕਟਰ ! ਹਾਏ ਦਵਾਈ !' ਕਰਦਾ ਫਿਰਦਾ ਹੈ। ਫਿਰ ਤੋਤੇ ਵਾਲੇ ਦਾ ਤੋਤਾ ਖੋਹ ਕੇ ਬੋਲਣ ਲੱਗੇ, 'ਤੋਤੇ ਨੂੰ ਕੈਦ ਕਰਕੇ ਗਰੀਬਾਂ ਨੂੰ ਲੁੱਟਣ ਵਾਲੇ ਤੋਤੇਬਾਜ਼ਾ ! ਜੇਕਰ ਇੱਥੇ ਕਿਤੇ ਨੇੜੇ ਤੇੜੇ ਵੀ ਨਜ਼ਰ ਆਇਆ ਤਾਂ ਤੈਨੂੰ ਇਸੇ ਤੋਤੇ ਤੋਂ ਠੂੰਗਾਂ ਮਰਵਾ ਮਰਵਾ ਕੇ ਮਰਵਾ ਦਿਆਂਗਾ ...ਠੱਗਾ !' ਇਹ ਆਖਦਿਆਂ ਹੀ ਉਨਾਂ ਤੋਤੇ ਵਾਲੇ ਨੂੰ ਭਜਾਉਂਦਿਆਂ ਤੋਤੇ ਨੂੰ ਖੁੱਲਾ ਛੱਡ ਦਿੱਤਾ ਤੇ ਤੋਤਾ ਲੱਗਾ ਲੰਮੀਆਂ ਉਡਾਰੀਆਂ ਮਾਰਨ।

'ਪਾਸੇ ਹਟ ਜੋ, ਮੇਰਾ ਰਸਤਾ ਛੱਡ ਦਿਓ, ਨਹੀਂ ਮੈਥੋਂ ਬੁਰਾ ਕੋਈ ਨਹੀਂ, ਮੈਲੀ ਅੱਖ ਨਾਲ ਦੇਖਣ ਵਾਲਿਆਂ ...' ਇੰਨਾ ਕਹਿੰਦਿਆਂ ਸਨਕੀ ਪ੍ਰਦਾਦ ਨੇ ਨਿੱਛ ਮਾਰ ਕੇ ਦਮ ਮਾਰਦੇ ਇੱਕ ਵਿਅਕਤੀ ਨੂੰ ਮੋਢਿਆਂ ਤੋਂ ਫੜਕੇ ਹਲੂਣਿਆਂ ਤੇ ਅਗਾਂਹ ਵੱਲ ਨੂੰ ਧੱਕਾ ਦਿੱਤਾ ਤੇ ਫਿਰ ਉਨਾਂ ਇੱਕ ਡਰੇ ਜਿਹੇ ਵਿਅਕਤੀ ਨੂੰ ਉਸਦੇ ਡਰ ਦਾ ਕਾਰਨ ਪੁੱਛਿਆ, 'ਭਲਿਆ ਮਾਣਸਾ ! ਇੱਥੇ ਐਮੇ ਕਿਮੇ ਡਰ ਕੇ ਕਿਉਂ ਖੜੇ ? ਕੀ ਕੋਈ ਤੈਨੂੰ ਡਰਾ ਕੇ ਗਿਆ ਹੈ ਜਾਂ ਧਮਕਾ ਕੇ ਲੰਘਿਐ ?' ਉਹ ਡਰਿਆ ਜਿਹਾ ਆਦਮੀ ਆਪਣਾ ਡਰ ਪ੍ਰਗਟ ਕਰਦਿਆਂ ਬੋਲਣ ਲੱਗਾ, 'ਨਹੀਂ ਜਨਾਬ ! ਮੈਨੂੰ ਨਾ ਤਾਂ ਕਿਸੇ ਬੰਦੇ ਨੇ ਡਰਾਇਐ ਤੇ ਨਾ ਹੀ ਧਮਕਾਇਐ।'

ਸਨਕੀ ਪ੍ਰਸਾਦ ਜੀ ਪੁੱਛਣ ਲੱਗੇ, 'ਤਾਂ ਫੇਰ?' ਬੰਦਾ ਬੋਲਿਆ, 'ਜਨਾਬ ! ਮੇਰਾ ਰਸਤਾ ਇੱਕ ਬਿੱਲੀ ਕੱਟ ਗਈ ਐ, ਮਤੇ ਕੋਈ ਮੰਦੀ ਘਟਨਾ ਵਾਪਰ ਜਾਵੇ, ਇਸੇ ਡਰੋਂ ਮੈਂ ਇੱਥੇ ਖੜਾ ਹੋਇਆਂ।'

ਸਨਕੀ ਪ੍ਰਸਾਦ ਖੁੱਲ ਕੇ ਹੱਸੇ ਤੇ ਉਸ ਆਦਮੀ ਦੇ ਮੋਢੇ ਉੱਤੇ ਧੱਫਾ ਮਾਰਕੇ ਬੋਲੇ, 'ਜਿਹੜਾ ਹੁਣ ਮੈਂ ਮੋਢਿਆਂ 'ਤੇ ਧੱਫਾ ਮਾਰਿਐ ਨਾ, ਉਹ ਸਿਰਫ਼ ਤੇਰੇ ਮਨ ਦਾ ਡਰ ਕੱਢਣ ਲਈ ਕਿ ਬਿੱਲੀਆਂ ਤਾਂ ਰੋਜ਼ ਹੀ ਇੱਧਰ ਉੱਧਰ ਆਉਂਦੀਆਂ ਜਾਂਦੀਆਂ ਰਹਿੰਦੀਆਂ ਨੇ, ਕੀ ਉਹਨਾਂ ਨੂੰ ਘੁੰਮਣ ਫਿਰਣ ਦਾ ਕੋਈ ਹੱਕ ਨਹੀਂ ? ਉਹ ਤਾਂ ਸਗੋਂ ਤੇਰੇ ਵਰਗੇ ਬੰਦਿਆਂ ਤੋਂ ਡਰਦੀਆਂ ਹੋਣਗੀਆਂ ਕਿ ਮਤੇ ਥੋਡੇ ਵਰਗੇ ਰੱਬ ਦੇ ਜਨੌਰ ਕਿਤੇ ਉਨਾਂ 'ਤੇ ਹਮਲਾ ਨਾ ਕਰ ਦੇਣ ! ਉਹ ਤਾਂ ਵਿਚਾਰੀਆਂ ਆਪ ਪਈਆਂ ਡਰਦੀਆਂ ਨੇ ਤੇ ਤੂੰ ਉਨਾਂ ਮਾਸੂਮ ਬਿੱਲੀਆਂ ਦਾ ਡਰ ਮੰਨਕੇ ਇੱਥੇ ਵਹਿਮੀ ਪ੍ਰਸਾਦ ਬਣਿਆ ਖੜੈਂ ?'

ਇਸ ਉਪਰੰਤ ਪਹੁੰਚੇ ਸਨਕੀ ਪ੍ਰਸਾਦ ਜੀ ਇੱਕ ਵਹਿਮੀਆਂ ਭਰਮੀਆਂ ਦੇ ਪਿੰਡ ਵਿੱਚ, ਜਿੱਥੇ ਇੱਕ ਜਟਾਧਾਰੀ ਸਾਧ ਭੋਲੇ ਭਾਲੇ ਲੋਕਾਂ ਦੇ ਭੋਲਪੁਣੇ ਨਾਲ ਰੱਜ ਰੱਜ ਖੇਡਦਾ ਸੀ। ਬੀਮਾਰ ਬੰਦਿਆਂ ਨੂੰ ਤੇ ਡੰਗਰਾਂ ਪਸ਼ੂਆਂ ਨੂੰ ਡਾਕਟਰਾਂ ਕੋਲ ਨਹੀਂ ਸੀ ਜਾਣ ਦਿੰਦਾ, ਆਪਣੇ ਫ਼ਾਰਮੂਲੇ ਘੜ ਘੜ ਕੇ ਇਸ ਨੇ ਬੰਦੇ ਤੇ ਪਸ਼ੂ ਮਾਰਨ ਦਾ ਠੇਕਾ ਲੈ ਰੱਖਿਆ ਸੀ। ਮੁੰਡੇ ਦੀ ਚਾਹਤ ਰੱਖਣ ਵਾਲੀਆਂ ਮਾਸੂਮ ਬੀਬੀਆਂ ਨੂੰ ਮੁੰਡਾ ਹੋਣ ਦੀ ਬਖਸ਼ਸ਼ ਵਜੋਂ ਭੋਗ ਲੁਆਉਂਦਾ ਸੀ ਤੇ ਆਪਣੇ ਚੇਲਿਆਂ ਨੂੰ ਕਿਸੇ ਕੁਆਰੀ ਦਾ ਭੂਤ ਕੱਢਣ ਭੇਜ ਦਿੰਦਾ ਸੀ। ਉਸਦੇ ਕਾਰਨਾਮਿਆਂ ਦੇ ਬਲਿਹਾਰੇ ਜਾਂਦਿਆਂ ਸਨਕੀ ਪ੍ਰਸਾਦ ਸਿੱਧੇ ਉਸਦੇ ਟਿੱਲੇ 'ਤੇ ਪਹੁੰਚੇ ਤੇ ਉਸ ਨੂੰ ਪਹਿਲਾਂ ਤਾਂ ਅਜੀਬੋ ਗਰੀਬ ਸਵਾਲਾਂ ਦੀਆਂ ਸੂਲਾਂ ਨਾਲ ਵਿੰਨਿਆ ਤੇ ਮਗਰੋਂ ਉਸਦੇ ਹੀ ਚਿਮਟਿਆਂ ਨਾਲ ਉਸ ਦੀ ਖ਼ੂਬ ਭੁਗਤ ਸੁਆਰੀ ਤੇ ਬੋਲੇ, "ਦੌੜ ਜਾ ਇੱਥੋਂ ਬੁੜਿਆ ! ... ਜੇਕਰ ਫਿਰ ਕਦੇ ਇਸ ਪਿੰਡ ਤਾਂ ਕੀ, ਕਿਧਰੇ ਨੇੜੇ ਤੇੜੇ ਵੀ ਦਿਖਾਈ ਦਿੱਤਾ ਤਾਂ ਪਿੰਡ ਵਿੱਚ ਜਿੱਥੇ ਵੀ ਕਿਤੇ ਬੰਜਰ ਜ਼ਮੀਨ ਹੋਈ ਉਸ 'ਤੇ ਤੈਥੋਂ ਖੇਤੀ ਕਰਵਾਂਗਾ ਤੇ ਰੋਜ਼ ਇੱਕ ਡੰਗ ਦੀ ਮਿਰਚਾਂ ਨਾਲ ਭਰੀ ਰੋਟੀ ਦਿਆਂ ਕਰਾਂਗਾ ਤੇ ਨਾਲ ਨੂੰ ਮਿਰਚਾਂ ਵਾਲੀ ਕਰਾਰੀ ਲੱਸੀ ਦਾ ਵੱਡਾ ਗਲਾਸ !'

ਹੁਣ ਸਾਰ ਲੈਣ ਪਹੁੰਚੇ ਸਨਕੀ ਪ੍ਰਸਾਦ ਜੀ ਵਹਿਮੀ ਜਿਹੇ ਟੀ ਵੀ ਬਕਸੇ ਕੋਲ ...। ਜਾਂਦਿਆਂ ਹੀ ਉਸਦਾ ਬਟਨ ਆਨ ਕਰਦਿਆਂ ਬੋਲੇ, 'ਟੀਵੀ ਸਿਆਂ ! ਜੇ ਇੱਕ ਵੀ ਬਾਬਾ ਵਹਿਮਾਂ ਭਰਮਾਂ ਦਾ ਪ੍ਰਚਾਰ ਕਰਦਾ ਦੇਖ ਲਿਆ ਤਾਂ ਬਾਕੀ ਸਫ਼ਾ 30 'ਤੇ

# ਪੁਰਾਤਨ ਵਸਤਾਂ ਸਾਂਭਣ ਵਾਲਾ ਸ਼ੌਂਕੀ ਜੱਟ ’ਤਸਵਿੰਦਰ ਸਿੰਘ ਬੜੈਚ’

**ਰਾਜਨਦੀਪ ਕੌਰ ਮਾਨ**
੬੨੩੯੩੨੬੧੬੬

ਪੱਛਮ ਦੀ ਚਕਾਚੌਂਧ ਅਤੇ ਪੈਸੇ ਦੀ ਦੌੜ ਨੇ ਸਾਨੂੰ ਮੂਲ ਵਿਰਸੇ ਅਤੇ ਸਿਧਾਂਤਾਂ ਨਾਲੋਂ ਤੋੜ ਸੁੱਟਿਆ ਹੈ। ਸਾਡੇ ਵਿਰਸੇ ਨਾਲ ਜੁੜੀ ਹਰ ਚੀਜ਼ ਅੱਜਕੱਲ ਕਿਸੇ ਅਜਾਇਬ ਘਰ ਦਾ ਸ਼ਿੰਗਾਰ ਬਣ ਕੇ ਰਹਿ ਗਈ ਹੈ। ਪਰ ਅੱਜ ਵੀ ਲੁਧਿਆਣਾ ਜ਼ਿਲੇ ਦੇ ਪਿੰਡ ਦੀਵਾਲਾ ਦਾ ਵਸਨੀਕ ਤਸਵਿੰਦਰ ਸਿੰਘ ਬੜੈਚ ਪੰਜਾਬੀ ਸੱਭਿਆਚਾਰ ਦੀ ਜਿੰਦ-ਜਾਨ ਪੁਰਾਤਨ ਵਸਤਾਂ ਦੀ ਵਿਰਾਸਤ ਸੰਭਾਲੀ ਬੈਠਾ ਹੈ। 16 ਮਈ, 1973 ਨੂੰ ਪਿਤਾ ਮੇਵਾ ਸਿੰਘ ਬੜੈਚ ਅਤੇ ਮਾਤਾ ਚਰਨਜੀਤ ਕੌਰ ਦੀ ਕੁੱਖੋਂ ਜਨਮੇ ਇਸ ਸ਼ਖਸ ਕੋਲ ਹਲ, ਪੰਜਾਲੀ, ਬਲਦਾਂ ਦੀਆਂ ਛਿਕਲ਼ੀਆਂ, ਕਰਾਹੇ, ਕਰਾਹੀ, ਊਠ ਤੇ ਘੋੜੇ ਦੀ ਕਾਠੀ, ਰਕਾਬਾਂ, ਕੰਡਿਆਲਾ, ਨਿਓਲ, ਦੇਸੀ ਸੇਰ ਵਾਲੇ ਵੱਟੇ, ਤੱਕੜੀ, ਉਲਟਾਵਾਂ ਹਲ, ਹੱਥ ਪੱਖੇ, ਕੱਪੜੇ ਰੱਖਣ ਵਾਲੀ ਟੋਕਰੀ, ਬੋਹੀਏ, ਹੱਥ ਨਾਲ ਪੱਠੇ ਕੁਤਰਨ ਵਾਲੀ ਮਸ਼ੀਨ, ਪੁਰਾਣਾ ਡੋਲ, ਖੂਹ ਦੀਆਂ ਟਿੰਡਾਂ, ਨਿਉਲੇ ਜਿੰਦੇ, ਬੱਤੀਆਂ ਵਾਲਾ ਸਟੋਪ, ਮਿੱਟੀ ਦੇ ਭੜੋਲੇ, ਚਰਖੇ, ਚਕਲਾ-ਵੇਲਣਾ, ਛਿੱਕੂ, ਅਟੇਰਨ, ਘੁਮਿਆਰਾਂ ਦੀਆਂ ਥਾਪੀਆਂ, ਸੰਧਾਰਾਂ ਲੈ ਕੇ ਜਾਣ ਵਾਲੇ ਲੋਹੇ ਦੇ ਪੀਪੇ, ਨਿਓਲੇ ਜਿੰਦੇ, ਗਰਾਮੋਫੋਨ ਮਸ਼ੀਨ, ਰਿਕਾਰਡ, ਟਿਊਬਾਂ ਵਾਲੇ ਰੇਡੀਓ, ਹੱਥ ਕਢਾਈ ਵਾਲੀਆਂ ਫ਼ੋਟੋਆਂ, ਚਾਹ ਵਾਲੀਆਂ ਕੇਤਲੀਆਂ, ਟੂੰਮਾਂ ਰੱਖਣ ਵਾਲੇ ਲੱਕੜ ਦੇ ਬਕਸੇ, ਪਿੱਤਲ, ਕਾਂਸੇ ਦੇ ਭਾਂਡੇ, ਖੱਡੀ ਦੀਆਂ ਨਾਲਾਂ, ਰੂੰ-ਵੇਲਣੇ, ਕੱਤਣੀ, ਲਾਲਟੈਣ, ਲੈੱਪ, ਦਰੀਆਂ ਬੁਣਨ ਵਾਲੇ ਪੰਜੇ, ਕੁੰਡੀਆਂ, ਦੀਵੇ, ਮਧਾਣੀ, ਪੀੜੀਆਂ, ਪੀੜ੍ਹਾ, ਮੂਹੜੇ, ਗੋਹਲੇ, ਹੱਥ-ਚੱਕੀ, ਹੱਥ-ਖੱਡੀਆਂ ਦਾ ਸਮਾਨ, ਟੋਕਰੀਆਂ, ਭਾਂਡੇ ਵਾਲੀ ਖੂਹੀ, ਚੁੱਲਾ-ਚੌਂਕਾ, ਹਾਰਾ-ਹਾਰੀ, ਭਾਂਡੇ ਰੱਖਣ ਵਾਲੀ ਲੱਕੜ ਦੀ ਪਰਛੱਤੀ ਆਦਿ ਚੀਜ਼ਾਂ ਸਾਂਭੀਆਂ ਹੋਈਆਂ ਹਨ। ਜਿਨਾਂ ਨੂੰ ਉਸ ਨੇ ਆਪਣੇ ਘਰ ਵਿਚ




ਰੱਖਣ ਵਾਲੀ ਟੋਕਰੀ, ਨਾਲੇ ਬੁਣਨ ਵਾਲਾ ਅੱਡਾ, ਕੁੱਚ, ਸਲੰਘ, ਤੰਗਲੀ, ਤੇਲ ਪਾਉਣ ਵਾਲੀ ਕੀਪ, ਛਾਬੇ, ਜਿੰਦਰੇ, ਊਰੀ, ਉੱਖਲੀ-ਮੋਹਲਾ, ਦੁੱਧ ਦਾ ਚਟੂਰਾ ਸਾਂਭਣ ਵਾਲਾ ਛਿੱਕਾ, ਰਾਜਸਥਾਨੀ ਲੱਕੜ ਦੇ ਪਹੀਆਂ ਵਾਲੀ ਗੱਡੀ, ਥਾਪੀਆਂ, ਮਿਸਤਰੀਆਂ ਦੇ ਸੰਦ, ਗੰਧਾਲੀ, ਪੁਰਾਣੇ ਸਿੱਕੇ, ਪਣਖ, ਪਾਣੀ ਕੱਢਣ

**ਵਿਰਾਸਤ**

ਖ਼ੂਬਸੂਰਤ ਢੰਗ ਨਾਲ ਸਜਾਇਆ ਹੋਇਆ ਹੈ। ਜਿਨਾਂ ਨੂੰ ਵੇਖ ਕੇ ਰੂਹ ਖ਼ੁਸ਼ ਹੋ ਜਾਂਦੀ ਹੈ। ਇਹ ਪੁਰਾਤਨ ਵਸਤਾਂ ਜ਼ਿਆਦਾਤਰ ਉਸ ਦੇ ਘਰ ਪੀੜੀ-ਦਰ-ਪੀੜੀ ਚਲੀਆਂ ਆ ਰਹੀਆਂ ਹਨ, ਜਦਕਿ ਕੁੱਝ ਵਸਤਾਂ ਉਸ ਨੇ ਖ਼ਰੀਦੀਆਂ ਹਨ। ਪਿਛਲੇ ਲੰਮੇ ਸਮੇਂ ਤੋਂ ਸ਼ੌਕ ਨਾਲ ਸਾਂਭਦੇ ਆ ਰਹੇ ਤਸਵਿੰਦਰ ਸਿੰਘ ਬੜੈਚ ਨੇ, ਇਨਾਂ ਵਸਤਾਂ ਨੂੰ ਅਗਲੀਆਂ ਪੀੜੀਆਂ ਤੱਕ ਲਿਜਾਣ ਲਈ ਮਨ ਵਿੱਚ ਧਾਰ ਲਿਆ ਹੈ ਤਾਂ ਕਿ ਪੰਜਾਬ ਦੇ ਅਮੀਰ ਵਿਰਸੇ ਅਤੇ ਸੱਭਿਆਚਾਰ ਤੋਂ ਸੱਖਣੀ ਹੁੰਦੀ ਜਾ ਰਹੀ ਅੱਜ ਦੀ ਨੌਜਵਾਨ ਪੀੜੀ ਆਪਣੇ ਪੁਰਾਤਨ ਅਮੀਰ ਵਿਰਸੇ ਅਤੇ ਸੱਭਿਆਚਾਰ ਤੋਂ ਜਾਣੂ ਹੋ ਸਕੇ। ਇਸੇ ਕਾਰਜ ਹਿੱਤ ਪੁਰਾਤਨ ਵਸਤਾਂ ਦੀ ਸੰਭਾਲ ’ਚ ਜੁਟਿਆ ਹੋਇਆ ਹੈ ਤਸਵਿੰਦਰ ਸਿੰਘ ਬੜੈਚ। ਤਸਵਿੰਦਰ ਸਿੰਘ ਬੜੈਚ ਇਨਾਂ ਵਿਰਾਸਤੀ ਵਸਤਾਂ ਦੀ ਕਈ ਸੱਭਿਆਚਾਰਕ ਮੇਲਿਆਂ ਸਮੇਤ ਸੈਂਕੜੇ ਥਾਵਾਂ ’ਤੇ ਪ੍ਰਦਰਸ਼ਨੀ ਵੀ ਲਾ ਚੁੱਕਾ ਹੈ। ਇਸੇ ਸ਼ੌਕ ਲਈ ਕਈ ਸੱਭਿਆਚਾਰਕ ਸੰਸਥਾਵਾਂ ਵੱਲੋਂ ਤਸਵਿੰਦਰ ਸਿੰਘ ਨੂੰ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਦੂਰਦਰਸ਼ਨ ਜਲੰਧਰ ਵੱਲੋਂ ਉਸ ਉੱਪਰ ਇਕ ਫ਼ਿਲਮ ਵੀ ਬਣਾਈ ਜਾ ਚੁੱਕੀ ਹੈ। ਆਪਣੀ ਜ਼ਿੰਦਗੀ ਦੇ 45 ਬਸੰਤ ਦੇਖ ਤੇ ਮਾਣ ਚੁੱਕੇ ਤਸਵਿੰਦਰ ਸਿੰਘ ਬੜੈਚ ਨੂੰ ਲਿਖਣ ਦਾ ਵੀ ਸ਼ੌਕ ਹੈ। ਉਸ ਦੁਆਰਾ ਲਿਖੀਆਂ ਕਹਾਣੀਆਂ, ਮਿੰਨੀ ਕਹਾਣੀਆਂ, ਗੀਤ, ਤੇ ਕਵਿਤਾਵਾਂ ਵੱਖ ਵੱਖ ਅਖ਼ਬਾਰਾਂ ਤੇ ਰਸਾਲਿਆਂ ’ਚ ਛਪ ਚੁੱਕੀਆਂ ਹਨ। ਅਲੋਪ ਹੋ ਰਹੀਆਂ ਵਿਰਾਸਤੀ ਵਸਤੂਆਂ ਨੂੰ ਸੰਭਾਲਣ ਵਾਲੇ ਇਸ ਉੱਦਮੀ ਇਨਸਾਨ ਨੂੰ ਪਰਮਾਤਮਾ ਲੰਬੀ ਉਮਰ ਬਖ਼ਸ਼ੇ ਤਾਂ ਜੋ ਆਉਣ ਵਾਲੀਆਂ ਪੀੜੀਆਂ ਨੂੰ ਇਨਾਂ ਚੀਜ਼ਾਂ ਬਾਰੇ ਜਾਣਕਾਰੀ ਮਿਲਦੀ ਰਹੇ ਤੇ ਬਜ਼ੁਰਗਾਂ ਨੂੰ ਪੁਰਾਣੀਆਂ ਚੀਜ਼ਾਂ ਦਿਖਾ ਕੇ ਯਾਦਾਂ ਤਾਜ਼ਾ ਕਰਵਾਉਂਦਾ ਰਹੇ।

# ਪ੍ਰਭੂ-ਪ੍ਰੀਤ



**ਮਾਸਟਰ ਸੰਜੀਵ ਧਰਮਾਣੀ**
9478561356

ਇਸ ਧਰਤੀ ਮਾਤ-ਲੋਕ ’ਤੇ ਇਨਸਾਨ ਦੇ ਜਨਮ ਲੈਣ ਪਿੱਛੇ ਅਨੇਕਾਂ ਵਿਸ਼ਵਾਸ ਤੇ ਧਾਰਨਾਵਾਂ ਹਨ। ਪ੍ਰਭੂ ਦੀ ਸਵੈ-ਇੱਛਾ ਦੇ ਮੁਤਾਬਕ ਮਨੁੱਖ ਆਵਾਗਮਨ ਅਤੇ ਦੁੱਖ-ਸੁੱਖ ਦਾ ਭਾਗੀਦਾਰ ਬਣਦਾ ਹੈ। ਜੀਵ ਭਾਵੇਂ ਕਿਹੋ ਜਿਹੀ ਵੀ ਸਥਿਤੀ ਵਿੱਚ ਹੋਵੇ, ਪਰ ਜੀਵ ਲਈ ਪ੍ਰਭੂ ਦੀ ਯਾਦ ਅਤੇ ਪ੍ਰਭੂ ਨਾਲ ਉਸ ਦੀ ਪ੍ਰੀਤ ਦਾ ਹੋਣਾ ਅਤਿਅੰਤ ਵਿਲੱਖਣ, ਪ੍ਰਾਪਤੀ ਦਾਇਕ ਤੇ ਭਾਗਾਂ ਭਰਿਆ ਹੁੰਦਾ ਹੈ। ਦੁਨਿਆਵੀ ਪ੍ਰੇਮ-ਪਿਆਰ, ਆਸਤਿਕ, ਉਤਸ਼ਾਹ ਆਦਿ ਦੇ ਨਾਲ -ਨਾਲ ਪ੍ਰਭੂ ਪ੍ਰਤੀ ਪ੍ਰੀਤ ਹੋ ਜਾਣ ਨਾਲ ਜੋ ਆਤਮਿਕ ਅਨੰਦ, ਖ਼ੁਸ਼ੀ, ਖੇੜਾ ਤੇ ਵੈਰਾਗ ਪ੍ਰਾਪਤ ਹੁੰਦਾ ਹੈ, ਉਹ ਕੇਵਲ ਪ੍ਰਭੂ ਦੇ ਪਿਆਰੇ ਪ੍ਰੇਮੀਆਂ ਨੂੰ ਹੀ ਮਹਿਸੂਸ ਹੁੰਦਾ ਹੈ। ਪ੍ਰਭੂ- ਪ੍ਰੀਤ ਦੇ ਮਾਰਗ ਵੱਖੋ-ਵੱਖਰੇ ਹੋ ਸਕਦੇ ਹਨ, ਪਰ ਇਸ ਦਾ ਖੇੜਾ ਵੱਖ ਨਹੀਂ। ਜੋ ਪ੍ਰਾਣੀ ਸਮਰਪਣ, ਤਿਆਗ, ਵੈਰਾਗ, ਨਿਵਾਣ ਤੇ ਸੇਵਾ ਭਾਵ ਅਪਣਾ ਕੇ ਆਪਣੇ ਜੀਵਨ ਦੀ ਡੋਰ ਪ੍ਰਭੂ ਹੱਥ ਦੇ ਦਿੰਦਾ ਹੈ ਅਤੇ ਪ੍ਰਭੂ ਨਾਲ ਮਨ ਅੰਦਰੋਂ ਇੱਕ-ਮਿੱਕ ਹੋ ਕੇ ਹਮੇਸ਼ਾ ਪ੍ਰਭੂ ਨੂੰ ਯਾਦ ਰੱਖਦਾ ਹੈ, ਪ੍ਰਭੂ ਦੇ ਭਾਣੇ ਨੂੰ ਸਮਝਦਾ ਹੋਇਆ ਜੀਵਨ ਬਸਰ ਕਰਦਾ ਹੈ ਅਤੇ ਪ੍ਰਭੂ ਨਾਲ਼ ਸੱਚੀ ਪ੍ਰੀਤ ਪਾ ਲੈਂਦਾ ਹੈ, ਅਜਿਹਾ ਜੀਵ ਪ੍ਰਾਣੀ ਜੀਵਨ ਵਿੱਚ ਬਹੁਤ ਉੱਚਾ ਮੁਕਾਮ ਹਾਸਲ ਕਰ ਲੈਂਦਾ ਹੈ, ਪਰ ਇਸ ਅਵਸਥਾ ਦਾ ਅਨੰਦ ਉਠਾਉਣ ਲਈ ਸਹਿਣਸ਼ੀਲਤਾ ਤੇ ਤਿਆਗ ਦੇ ਦੁਰਗਮ ਰਸਤੇ ’ਤੇ ਚੱਲਣਾ ਪੈਂਦਾ ਹੈ, ਜੋ ਕਿ ਪਹਿਲਾਂ-ਪਹਿਲ ਜੀਵ ਨੂੰ ਹੰਝੂ, ਦੁੱਖ, ਕਸ਼ਟ ਅਤੇ ਨਕਾਰਾਤਮਕਤਾ ਦਿੰਦੇ ਹੋਏ ਪ੍ਰਤੀਤ ਹੁੰਦੇ ਹਨ। ਜੋ ਇਸ ਅਵਸਥਾ ਨੂੰ ਸਹਿਜ ਰੂਪ ਹੋ ਕੇ ਸਹਿ ਗਿਆ। ਉਹ ਪ੍ਰਭੂ-ਪ੍ਰੀਤ ਵਿੱਚ ਬੱਝ ਜਾਂਦਾ ਹੈ। ਪ੍ਰਭੂ ਨਾਲ ਲੱਗੀ ਪ੍ਰੀਤ ਸੰਸਾਰਕ ਅਵਸਥਾ ਨਹੀਂ ਹੁੰਦੀ, ਇਸ ਅਵਸਥਾ ਵਿੱਚ ਪੁੱਜ ਚੁੱਕਿਆ ਪ੍ਰਾਣੀ ਆਮ-ਜਨ ਨਹੀਂ ਹੁੰਦਾ। ਉਹ ਇੱਕ ਮਹਾਨ ਪਾਵਨ ਤੇ ਪ੍ਰਮੇਸ਼ਰ ਰੂਪੀ ਰੂਹ ਆਤਮਾ ਹੁੰਦਾ ਹੈ। ਪ੍ਰਭੂ ਨਾਲ ਪ੍ਰੀਤ ਲਾ ਕੇ ਤੇ ਪ੍ਰਭੂ ਦਾ ਹੋ ਜਾਣ ਨਾਲ ਦੁਨਿਆਵੀ ਹਨੇਰੀਆਂ ਪ੍ਰਾਣੀ ਤੇ ਆਪਣਾ ਚੰਗਾ-ਬੁਰਾ ਪ੍ਰਭਾਵ ਪਾ ਸਕਣ ਵਿੱਚ ਅਸਮਰਥ ਹੋ ਜਾਂਦੀਆਂ ਹਨ।

‘ਪ੍ਰਭੂ ਦਾ ਬੰਨਿਆ ਸੰਗਲਾਂ ਨਾਲ , ਫੱਕਰ ਆਣ ਛੁਡਾਵੇ : ਫੱਕਰ ਦਾ ਬੰਨਿਆ ਧਾਗੇ ਨਾਲ, ਪ੍ਰਭੂ ਵੀ ਨਾ ਛੁਡਾ ਪਾਵੇ ।’

ਪ੍ਰਭੂ-ਪ੍ਰੀਤ ਅਜਿਹੀ ਹੋ ਨਿੱਬੜਦੀ ਹੈ ਕਿ ਜੀਵ ਹਰ ਸਮੇਂ ਪ੍ਰਭੂ ਦੇ ਨਾਮ, ਪ੍ਰਭੂ ਦੀ ਯਾਦ, ਪ੍ਰਭੂ ਦੇ ਪਿਆਰ ਵਿੱਚ ਹੀ ਲੀਨ ਰਹਿੰਦਾ ਹੈ ਤੇ ਉਸ ਤੋਂ ਬਿਨਾਂ ਜੀਵ ਦੀ ਹੋਂਦ ਅਸੰਭਵ ਹੀ ਜਾਪਦੀ ਹੈ। ਪ੍ਰਭੂ- ਪ੍ਰੀਤ ਪ੍ਰਭੂ ਪ੍ਰਤੀ ਅਟੁੱਟ ਪਿਆਰ ਹੈ, ਵਿਸ਼ਵਾਸ ਹੈ, ਸਮਰਪਣ ਹੈ, ਨਿਵਾਣ ਹੈ, ਤਿਆਗ ਹੈ, ਉੱਚ ਅਵਸਥਾ ਹੈ, ਸਹਿਣਸ਼ੀਲਤਾ ਹੈ, ਅਡੋਲਤਾ ਹੈ ਤੇ ਪੱਥਰਾਂ ਵਿੱਚ ਵੀ ਫੁੱਲਾਂ ਦਾ ਖਿੜ ਜਾਣਾ ਹੈ। ਸੱਚਮੁੱਚ ਬਹੁਤ ਅਲੌਕਿਕ ਹੀ ਸਥਿਤੀ ਹੁੰਦੀ ਹੈ ਪ੍ਰਭੂ-ਪ੍ਰੀਤ ।

‘ਜਿਸ ਕੀ ਪ੍ਰਭੂ ਸੇ ਪ੍ਰੀਤ ਹੈ, ਉਸਕੀ ਹਰ ਜੰਗ ਮੇਂ ਜੀਤ ਹੈ;
ਦੁਨੀਆ ਮੇਂ ਸਭ ਉਸ ਕੇ ਲੀਏ ਮੀਤ ਹੈ,
ਜੀਵਨ ਉਸਕੇ ਲੀਏ ਗੀਤ ਹੈ,
ਜਿਸਕੀ ਪ੍ਰਭੂ ਸੇ ਪ੍ਰੀਤ ਹੈ,
ਉਸਕੀ ਹਰ ਜੰਗ ਮੇਂ ਜੀਤ ਹੈ , ਹਰ ਜੰਗ ਮੇਂ ਜੀਤ ਹੈ,
ਜਿਸ ਕੀ ਪ੍ਰਭੂ ਸੇ ਪ੍ਰੀਤ ਹੈ।’

# ਫ਼ਰਕ

**ਮਿੰਨੀ ਕਹਾਣੀ**

**ਹਰਕੀਰਤ ਕੌਰ**
੯੭੭੯੧੧੮੦੬੬

ਵੇਖ ਤੇ ਸਹੀਂ ਕਿੰਨੇ ਖੇਖਣ ਕਰਦੀ ਏ, ਜਦੋਂ ਵੇਖੋ ਸਿਰ ਫੜ ਕੇ ਬੈਠੀ ਰਹਿੰਦੀ! ਮੈਨੂੰ ਤਾਂ ਸਾਰੀ ਉਮਰ ਸੁੱਖ ਨਾ ਆਇਆ, ਮੇਰੇ ਤੇ ਹੱਥ ਦੀਆਂ ਲੀਕਾਂ ਵੀ ਘਸ ਗਈਆਂ। ਆਟੇ ਨੂੰ ਪੂਰੇ ਗ਼ੁੱਸੇ ਵਿੱਚ ਮੁੱਕੀ ਦਿੰਦਿਆਂ ਬੀਰੋ ਮੂੰਹ ਵਿੱਚ ਬੁੜ ਬੁੜ ਕਰ ਰਹੀ ਸੀ। ਨੂੰਹ ਦਾ ਨਵਾਂ ਨਵਾਂ ਅਪਰੇਸ਼ਨ ਹੋਣ ਕਰਕੇ ਉਹ ਜ਼ਿਆਦਾਤਰ ਢਿੱਲੀ ਮੱਠੀ ਰਹਿੰਦੀ ਸੀ। ਘਰਵਾਲੇ ਦਾ ਵੀ ਵਿਵਹਾਰ ਕੁਝ ਚੰਗਾ ਨਾ ਹੋਣ ਕਰਕੇ ਉਹ ਅਕਸਰ ਉਦਾਸ ਹੀ ਰਹਿੰਦੀ। ਜਦੋਂ ਦਾ ਰਾਜ ਨੇ ਕੁੜੀ ਨੂੰ ਜਨਮ ਦਿੱਤਾ ਓਦੋਂ ਦੀ ਉਹ ਸਾਰਿਆਂ ਨੂੰ ਹੋਰ ਬੁਰੀ ਲੱਗਣ ਲੱਗ ਪਈ। ਘਰ ਵਿੱਚ ਕਿਸੇ ਗੱਲ ਦੀ ਕਮੀ ਨਹੀਂ ਸੀ ਪਰ ਸਦਾ ਕਲੇਸ਼ ਈ ਰਹਿੰਦਾ। ਰਾਜ ਦਾ ਘਰਵਾਲਾ ਕੰਮ ਤੋਂ ਆਇਆ ਤਾਂ ਮਾਂ ਦਾ ਸੜਿਆ ਚਿਹਰਾ ਵੇਖ ਕਾਰਣ ਪੁੱਛਣ ਲੱਗਾ। ਅੱਗੋਂ ਮੱਥੇ ਤੇ ਸੱਤ ਤਿਊੜੀਆਂ ਇਕੱਠੀਆਂ ਕਰ ਕਹਿਣ ਲੱਗੀ ਸਾਨੂੰ ਤੇ ਸੁੱਖ ਆਇਆ ਈ, ਨਾ ਸਾਰੀ ਉਮਰ ਇਸ ਘਰ ਦੇ ਹੋਏ ਮਰਗੇ, ਹੁਣ ਵੀ ਤੋਸਾ ਆਪ ਬਣਾਉਣਾ ਪੈਂਦਾ। ਮਾਂ ਦੀਆਂ ਗੱਲਾਂ ਸੁਣ ਅੱਕੇ ਪੁੱਤ ਨੇ ਸਾਰਾ ਗ਼ੁੱਸਾ ਰਾਜ ਤੇ ਕੱਢ ਦਿੱਤਾ ਅਤੇ ਦੁਖਦੇ ਸਰੀਰ ਨਾਲ ਕੰਮ ਕਰਨ ਨੂੰ ਕਿਹਾ! ਪੇਸ਼ ਨਾ ਚੱਲਦੀ ਵੇਖ ਵਿਚਾਰੀ ਰਾਜ ਬੈੱਡ ਤੋਂ ਉੱਠੀ ਤੇ ਕੰਮ ਕਰਨ ਲੱਗੀ, ਰੋਟੀ ਬਣਾ ਜਦੋਂ ਸਾਰਿਆਂ ਨੂੰ ਪਰੋਸਣ ਲੱਗੀ ਤਾਂ ਬੀਰੋ ਦੀ ਨਵੀਂ ਵਿਆਹੀ ਧੀ ਦਾ ਸਹੁਰਿਆਂ ਤੋਂ ਫ਼ੋਨ ਆਇਆ, ਸਾਰੇ ਜਣੇ ਲਾਊਡ ਸਪੀਕਰ ਲਾ ਗੱਲ ਕਰਨ ਲੱਗੇ.. ਬੀਰੋ ਨੇ ਪੁੱਛਿਆ ਪੁੱਤ ਕੀ ਕਰਦੀ ਅੱਗੋਂ ਕੁੜੀ ਨੇ ਦਰਦ ਭਰੀ ਅਵਾਜ਼ ਵਿੱਚ ਕਿਹਾ, ਕਰਨਾ ਕੀ ਏ, ਅੱਜ ਸਰੀਰ ਕੁਝ ਠੀਕ ਨਹੀਂ ਸੀ, ਸਿਰ ਪੀੜ ਨਾਲ ਪਾਟੀ ਜਾਂਦਾ ਸੀ, ਪਰ ਕਿਸੇ ਨੇ ਕੰਮ ’ਚ ਹੱਥ ਨਹੀਂ ਵਟਾਇਆ ...। ਏਨਾ ਸੁਣਦੇ ਹੀ ਬੀਰੋ ਨੂੰ ਬੜਾ ਗ਼ੁੱਸਾ ਆਇਆ ਕਹਿੰਦੀ ਸੱਸ ਨੂੰ ਕੀ ਗੱਲ ਸੀ, ਉਹ ਨਹੀਂ ਸੀ ਕਰ ਸਕਦੀ, ਸਾਰਾ ਦਿਨ ਮੰਜਾ ਤੋੜਦੀ ਰਹਿੰਦੀ ਜੇ ਇੱਕ ਦਿਨ ਰੋਟੀ ਟੁੱਕ ਕਰ ਲੈਂਦੀ ਤਾਂ ਕੀ ਘਸ ਚੱਲਿਆ ਸੀ! ਮਾਂ ਦੀਆਂ ਆਦਤਾਂ ਤੋਂ ਜਾਣੂ ਧੀ ਨੇ ਮਾਂ ਦੀ ਗੱਲ ਸੁਣਦੇ ਕਿਹਾ ‘ਮਾਂ ਤੂੰ ਕਿੰਨਾ ਕੁ ਭਾਬੀ ਨੂੰ ਰੋਟੀ ਬਣਾ ਕੇ ਖਵਾਈ ਓ।’ ਏਨੀ ਗੱਲ ਸੁਣਦੇ ਦੋਵੇਂ ਮਾਂ ਪੁੱਤ ਰਾਜ ਵੱਲ ਸ਼ਰਮਿੰਦਗੀ ਜਿਹੀ ਨਾਲ ਝਾਕਣ ਲੱਗੇ ਤੇ ਆਪਣੀਆਂ ਨਜ਼ਰਾਂ ਵਿੱਚ ਆਏ ਨੂੰਹ ਧੀ ਦੇ ਫ਼ਰਕ ਨੂੰ ਸਮਝਣ ਲੱਗੇ।

# ਔਰਤ ਸਬਰ ਤੇ ਸਿਦਕ ਦੀ ਮੂਰਤ



**ਸਰਬਜੀਤ ਕੌਰ ਸਰਬ**

ਔਰਤ ਦੇ ਵਜੂਦ ਵਿਚ ਕੋਈ ਵੀ ਦਿਨ ਅਜਿਹਾ ਨਹੀਂ ਜਿਸ ਦੀ ਸ਼ੁਰੂਆਤ ਔਰਤ ਤੋਂ ਨਾ ਹੋਵੇ ।ਸੂਰਜ ਦਾ ਉੱਗਣਾ ਅਤੇ ਉਸ ਦਾ ਅਸਤ ਹੋਣਾ ਜਿਵੇਂ ਸਦੈਵ ਚੱਲਿਆ ਆ ਰਿਹਾ ਹੈ ਉਸੇ ਤਰਾਂ ਔਰਤ ਦੀ ਜ਼ਿੰਦਗੀ ਚਲਦੀ ਹੈ। ਬੇਸ਼ਕ ਉਸ ਦੇ ਇਸ ਨੂੰ ਕੋਈ ਸਮਝਣ ਵਾਲਾ ਉਸ ਦੀ ਕਦਰ ਨਹੀਂ ਕਰ ਸਕਦਾ,ਪਰ ਫੇਰ ਵੀ ਇੱਕ ਔਰਤ ਆਪਣੇ ਸਿਦਕ ਅਤੇ ਸਬਰ ਨਾਲ ਆਪਣੇ ਬੱਚਿਆਂ ਦੀ ਖਾਤਰ ਉਸ ਇਨਸਾਨ ਨਾਲ ਰਿਸ਼ਤਾ ਨਿਭਾਉਂਦੀ ਹੈ ਜਿਸ ਨੂੰ ਉਸ ਦੀ ਰਤਾ ਪਰਵਾਹ ਵੀ ਨਹੀਂ ਹੁੰਦੀ । ਜਦੋਂ ਵੀ ਇੱਕ ਧੀ ਡੋਲੀ ਵਿੱਚ ਬੈਠ ਕੇ ਕਿਸੇ ਬੇਗਾਨੇ ਘਰ ਜਾਂਦੀ ਹੈ ਉਸ ਦੇ ਨਾਲ ਲੱਖਾਂ ਹੀ ਅਜਿਹੇ ਸੁਪਨੇ ਹੁੰਦੇ ਹਨ ਜਿਨਾਂ ਨੂੰ ਸਜਾ ਕੇ ਉਹ ਉਸ ਘਰ ਵਿੱਚ ਕਦਮ ਰੱਖਦੀ ਹੈ ਜਿਸ ਨੂੰ ਕਦੇ ਉਸ ਨੇ ਆਪਣੇ ਸੁਪਨੇ ਵਿੱਚ ਸੰਜੋਇਆ ਸੀ । ਉਸ ਨੇ ਆਪਣੇ ਪੇਕੇ ਘਰ ਜੋ ਵੀ ਰੰਗ ਮਾਣੇ ਉਹ ਉਸ ਨੂੰ ਕਦੇ ਵੀ ਬੇਗਾਨੇ ਘਰ ਵਿੱਚ ਨਸੀਬ ਨਹੀਂ ਹੁੰਦੇ ਪਰ ਫੇਰ ਵੀ ਉਹ ਸਬਰ ਦਾ ਲੜ ਫੜ ਕੇ ਅਤੇ ਅਕਾਲ ਦੀ ਓਟ ਲੈ ਕੇ ਉਹ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਉਨਾਂ ਉੱਜੜਿਆ ਸੁਪਨਿਆਂ ਵਿੱਚ ਕਰਦੀ ਹੈ ਜੋ ਆਪਣੇ ਪੇਕੇ ਘਰ ਤੋਂ ਲੈ ਕੇ ਸਹੁਰੇ ਘਰ ਆਈ ਸੀ । ਅਜਿਹੇ ਸਮੇਂ ਵਿੱਚ ਕੀਤੀ ਹੋਈ ਸ਼ੁਰੂਆਤ ਉਸ ਨੂੰ ਜ਼ਿੰਦਗੀ ਦੇ ਉਨਾਂ ਹਸੀਨ ਰੰਗਾਂ ਨਾਲ ਮਿਲਾ ਦਿੰਦੀ ਹੈ ਜੋ ਉਸ ਨੇ ਕਦੇ ਆਪਣੇ ਪੇਕੇ ਘਰ ਵੇਖੇ ਸਨ ਪਰ ਇਹ ਪਲ ਉਸ ਨੂੰ ਤਾਂ ਹੀ ਨਸੀਬ ਹੁੰਦੇ ਹਨ। ਉਸ ਦੇ ਅੰਦਰ ਸਬਰ ਤੇ ਸਿਦਕ ਦੀ ਜੜ ਮਜਬੂਤ ਹੁੰਦੀ ਹੈ ।ਅਜੋਕੇ ਸਮੇਂ ਦੀ ਔਰਤ ਬੇਸ਼ੱਕ ਬਹੁਤ ਹੀ ਬਲਵਾਨ ਅਤੇ ਪੜੀ ਲਿਖੀ ਹੈ ਪਰ ਫਿਰ ਵੀ ਸਮਾਜਿਕ ਦਾਇਰੇ ਵਿੱਚ ਰਹਿ ਕੇ ਉਸ ਨੂੰ ਆਪਣੀ ਜ਼ਿੰਦਗੀ ਉਸੇ ਅਨੁਸਾਰ ਜਿਊਣੀ ਪੈਂਦੀ ਹੈ ਜਿਵੇਂ ਉਸ ਸਮਾਜ ਨੂੰ ਮਨਜੂਰ ਹੁੰਦੀ ਹੈ ।ਬੇਸ਼ੱਕ ਅੱਜ ਅਸੀਂ ਅਜਿਹੇ ਸਮੇਂ ਵਿੱਚ ਰਹਿ ਰਹੇ ਹਾਂ ਜਿੱਥੇ ਔਰਤ ਦਾ ਰੁਤਬਾ ਪਹਿਲਾਂ ਨਾਲੋਂ ਕਾਫ਼ੀ ਉੱਚਾ ਹੋ ਗਿਆ ਹੈ ਪਰ ਫਿਰ ਵੀ ਉਸ ਨੂੰ ਕਿਤੇ ਨਾ ਕਿਤੇ ਅਜਿਹੀ ਮਾਨਸਿਕਤਾ ਦਾ ਸ਼ਿਕਾਰ ਹੋਣਾ ਪੈਂਦਾ ਹੈ ਜੋ ਉਸ ਨੂੰ ਉਸ ਦੇ ਔਰਤ ਹੋਣ ਦਾ ਅਹਿਸਾਸ ਕਰਵਾਉਂਦਾ ਰਹਿੰਦਾ ਹੈ ।

# ਗੁਰਦੁਆਰਾ ਸੁਧਾਰ ਲਹਿਰ ਅਤੇ ਸ਼ਹੀਦੀ ਸਾਕਾ ਨਨਕਾਣਾ ਸਾਹਿਬ



**ਪ੍ਰਿਥੀਪਾਲ ਸਿੰਘ ਕਪੂਰ**

ਸ੍ਰੀ ਹਰਿਮੰਦਰ ਸਾਹਿਬ/ਅਕਾਲ ਤਖ਼ਤ (ਅੰਮ੍ਰਿਤਸਰ), ਦਰਬਾਰ ਸਾਹਿਬ (ਤਰਨ ਤਾਰਨ) ਵਿਖੇ ਜਾਤ-ਪਾਤ ਦੇ ਭਿੰਨ-ਭੇਦ ਸਿੱਧੇ ਤੌਰ ’ਤੇ ਲਾਗੂ ਕਰ ਲਏ ਗਏ ਸਨ ਅਤੇ ਉੱਥੇ ਅਖੌਤੀ ਦਲਿਤ ਵਰਗ ਦੇ ਸਿੱਖਾਂ ਦੇ ਪ੍ਰਸ਼ਾਦਿ ਦਾ ਚੜ੍ਹਾਵਾ ਪ੍ਰਵਾਨ ਨਹੀਂ ਸੀ ਕੀਤਾ ਜਾਂਦਾ। ਦਿਲਚਸਪ ਗੱਲ ਇਹ ਹੈ ਕਿ ਇਨਾਂ ਕੁਰੀਤੀਆਂ ਸਬੰਧੀ ਸਮੂਹਿਕ ਚੇਤੰਨਤਾ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਉਪਰੰਤ ਹੀ ਪਸਰੀ ਅਤੇ ਇਸ ਬਾਰੇ ਕਾਲਜ ਦੇ ਬੁੱਧੀਮਾਨ ਵਿਦਵਾਨ ਪ੍ਰੋਫੈਸਰ ਸਾਹਿਬਾਨ ਨੇ ਪੰਥਕ ਸਰੋਕਾਰਾਂ ਵੱਲ ਧਿਆਨ ਦਿੱਤਾ ਅਤੇ ਸੁਯੋਗ ਅਗਵਾਈ ਦੇਣ ਦੀ ਪਹਿਲ ਕੀਤੀ। ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰੋ: ਤੇਜਾ ਸਿੰਘ ਅਤੇ ਪ੍ਰੋ: ਨਿਰੰਜਨ ਸਿੰਘ ਨੇ ਦਲਿਤ ਸਿੱਖਾਂ ਦੀ ਅਗਵਾਈ ਕਰਕੇ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਵਿਖੇ ਬਿਨਾਂ ਰੋਕ ਚੱਲ ਰਹੇ ਜਾਤ-ਪਾਤ ਦਾ ਘਿਣਾਉਣਾ ਪ੍ਰਚਲਨ ਬੰਦ ਕਰਵਾ ਦਿੱਤਾ, ਜਿਸ ਨਾਲ ਸਮੁੱਚੇ ਸਿੱਖ ਪੰਥ ਵਿਚ ਉਤਸ਼ਾਹ ਅਤੇ ਜੋਸ਼ ਫੈਲ ਗਿਆ। ਅਸਲ ਵਿਚ ਇਹੀ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਸੀ। ਸੰਗਤੀ ਗੁਰਦੁਆਰਾ ਪ੍ਰਬੰਧਕ ਪ੍ਰਣਾਲੀ ਦਾ ਵਿਕਾਸ ਅਤੇ ਸ਼੍ਰੋਮਣੀ ਕਮੇਟੀ ਦੇ ਸੰਗਠਨ ਦੇ ਸੰਕਲਪ ਦਾ ਮੁੱਢ ਵੀ ਇਸੇ ਇਤਿਹਾਸਕ ਘਟਨਾ ਨਾਲ ਬੱਝਾ ਜੋ ਨਿਸ਼ਚੇ ਹੀ ਪੰਥਕ ਬੌਧਿਕ ਵਰਗ ਦੀ ਦੇਣ ਸੀ।

ਇਸ ਘਟਨਾ ਨਾਲ ਸਾਰੇ ਪੰਥ ਵਿਚ ਜੋਸ਼ ਪੈਦਾ ਹੋ ਗਿਆ, ਜਿਸ ਦੇ ਸਿੱਟੇ ਵਜੋਂ ਨਨਕਾਣਾ ਸਾਹਿਬ (ਗੁਰੂ ਨਾਨਕ ਜਨਮ ਅਸਥਾਨ) ਦੇ ਮਹੰਤ ਨਾਰਾਇਣ ਦਾਸ ਦੇ ਦੁਰਾਚਾਰੀ ਵਿਹਾਰ ਦੀ ਚਰਚਾ ਸਭ ਪਾਸੇ ਫੈਲ ਗਈ। ਸਿੱਖਾਂ ਨੇ ਉਚੇਚੇ ਦੀਵਾਨ ਆਯੋਜਿਤ ਕਰ ਕੇ ਮਹੰਤ ਦੀ ਬਰਖ਼ਾਸਤਗੀ ਦੀ ਮੰਗ ਕਰਨੀ ਆਰੰਭ ਦਿੱਤੀ। ਮਹੰਤ ਨੂੰ ਮਿ: ਕਿੰਗ ਕਮਿਸ਼ਨਰ ਲਾਹੌਰ ਡਵੀਜ਼ਨ ਦੀ ਸਰਪ੍ਰਸਤੀ ਹਾਸਲ ਸੀ, ਜਿਸ ਕਰਕੇ ਸਰਕਾਰ ਜਾਂ ਮਹੰਤ ਵੱਲੋਂ ਸਥਿਤੀ ਨੂੰ ਕਾਬੂ ਕਰਨ ਵੱਲ ਕੋਈ ਸੰਕੇਤ ਨਾ ਮਿਲਣ ਕਰਕੇ ਸਿੱਖਾਂ ਦੇ ਦੀਵਾਨਾ ਵਿਚ ‘ਨਰਾਇਣੂ’ ਦੀ ਵੱਡੀ ਬਦਨਾਮੀ ਹੋਈ। ਸਿੱਟੇ ਵਜੋਂ ਉਸ ਨੇ ਮਿ: ਕਿੰਗ ਦੀ ਸ਼ਹਿ ’ਤੇ ਆਪਣੇ ਨਿੱਜੀ ਹਥਿਆਰਬੰਦ ‘ਸੁਰੱਖਿਆ ਦਸਤੇ’ ਭਰਤੀ ਕਰ ਲਏ, ਜਿਨਾਂ ਵਿਚ ਵਧੇਰੇ ਕਰਕੇ ਮੁਸਲਮਾਨ ਲੜਾਕੂ ਪਠਾਨ ਸਨ। ਫਲਸਰੂਪ ਨਨਕਾਣਾ ਸਾਹਿਬ ਦੇ ਦੁਆਲੇ ਦੇ ਇਲਾਕੇ ਵਿਚ ਜਨਮ ਅਸਥਾਨ ਗੁਰਦੁਆਰਾ ਸਾਹਿਬ ਨੂੰ ਦੁਰਾਚਾਰੀਆਂ ਕੋਲੋਂ ਆਜ਼ਾਦ ਕਰਵਾਉਣ ਦਾ ਭਰਪੂਰ ਪ੍ਰਚਾਰ ਹੋਇਆ। ਇਲਾਕੇ ਦੇ ਗੁਰਸਿੱਖ ਅਕਸ ਵਾਲੇ ਸਿੱਖ ਨੇਤਾਵਾਂ, ਭਾਈ ਲਛਮਣ ਸਿੰਘ ਅਤੇ ਭਾਈ ਦਲੀਪ ਸਿੰਘ ਨੇ ਗੁ: ਜਨਮ ਅਸਥਾਨ ‘ਆਜ਼ਾਦ’ ਕਰਵਾਉਣ ਲਈ ਜਥੇ ਤਿਆਰ ਕਰ ਲਏ। ਪਰ ਉਹ ਸਿੱਖ ਨੇਤਾਵਾਂ ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਦੀ ਸਲਾਹ ਨਾਲ ਸੰਭਲ ਕੇ ਚੱਲਣਾ ਚਾਹੁੰਦੇ ਸੀ। ਇਸ ਲਈ ਉਨਾਂ ਨੇ ਧਾਰੋਵਾਲੀ (ਸ਼ੇਖ਼ੂਪੁਰਾ) ਵਿਖੇ ਉਚੇਚਾ ਦੀਵਾਨ ਕਰਕੇ ਮਹੰਤ ਨਰਾਇਣ ਦਾਸ ਨੂੰ ਗੁਰਦੁਆਰਾ ਪ੍ਰਬੰਧ ਵਿਚ ਤੁਰੰਤ ਸੁਧਾਰ ਲਈ ਸਲਾਹ ਦਿੱਤੀ। ਪਰ ਭਾਈ ਲਛਮਣ ਸਿੰਘ ਦੇ 150 ਸਿੰਘਾਂ ਦੇ ਜਥੇ ਨੇ ਨਨਕਾਣਾ ਸਾਹਿਬ ਵੱਲ ਚਾਲੇ ਪਾ ਦਿੱਤੇ। ਜਦੋਂ ਜਥਾ ਜਨਮ ਅਸਥਾਨ ਦੀ ਦਰਸ਼ਨੀ ਡਿਉੜੀ ਵੱਲੋਂ ਗੁਰਦੁਆਰਾ ਸਾਹਿਬ ਵਿਚ ਦਾਖ਼ਲ ਹੋਇਆ ਤਾਂ ਮਹੰਤ ਦੀ ਗ਼ੈਰ-ਕਾਨੂੰਨੀ ‘ਗੁੰਡਾ ਸੈਨਾ’ ਨੇ ਚਾਰੇ ਪਾਸਿਉਂ ਗੋਲਾਬਾਰੀ ਸ਼ੁਰੂ ਕਰ ਦਿੱਤੀ। ਭਾਈ ਲਛਮਣ ਸਿੰਘ, ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ’ਚ ਬੈਠੇ ਸਨ। ਉਨਾਂ ਨੂੰ ਉੱਥੇ ਹੀ ਗੋਲੀ ਲੱਗੀ ਅਤੇ ਉਹ ਸ਼ਹੀਦ ਹੋ ਗਏ। ਗੁਰੂ ਗ੍ਰੰਥ ਸਾਹਿਬ ਨੂੰ ਵੀ ਗੋਲੀਆਂ ਲੱਗੀਆਂ। ਮਹੰਤ ਆਪ ਵੀ ਘੋੜੇ ’ਤੇ ਚੜ੍ਹਿਆ ਗੋਲਾਬਾਰੀ ਵਿਚ ਸ਼ਾਮਿਲ ਸੀ। ਉਸ ਨੂੰ ਭਾਈ ਦਲੀਪ ਸਿੰਘ (ਜੋ ਉਸ ਨੂੰ ਜਾਣਦੇ ਸਨ) ਨੇ ਵਰਜਣ ਦਾ ਅਸਫਲ ਯਤਨ ਕੀਤਾ ਪਰ ਮਹੰਤ ਨੇ ਉਨਾਂ ਨੂੰ ਵੀ ਆਪਣੀ ਗੋਲੀ ਨਾਲ ਸ਼ਹੀਦ ਕਰ ਦਿੱਤਾ। ਸਾਰੇ ਸ਼ਹੀਦ ਹੋਏ ਸਿੰਘਾਂ ਦੀਆਂ ਲਾਸ਼ਾਂ ਨੂੰ ਇਕੱਠਿਆਂ ਕਰਕੇ ਮਿੱਟੀ ਦਾ ਤੇਲ ਪਾ ਕੇ ਜਲਾ ਦਿੱਤਾ ਗਿਆ। ਇਹ ਸਭ ਕੁਝ ਸਿੱਖਾਂ ਲਈ ਅਸਹਿ ਘਟਨਾ ਸੀ। ਅਜੇਹੇ ਹਾਲਾਤ ਵਿਚ ਮਿ: ਕਿੰਗ (ਕਮਿਸ਼ਨਰ, ਲਾਹੌਰ ਡਵੀਜ਼ਨ) ਨਨਕਾਣਾ ਸਾਹਿਬ ਪੁੱਜਾ। ਕਤਲ-ਇ-ਆਮ ਦੇ ਭਿਅੰਕਰ ਦ੍ਰਿਸ਼ ਦੇਖ ਕੇ ਉਹ ਸਹਿਮ ਗਿਆ ਅਤੇ ਉਸ ਨੇ ਗੁਰਦੁਆਰਾ ਸਾਹਿਬ ਦਾ ਕਬਜ਼ਾ ਤੁਰੰਤ ਸੁਧਾਰਕ ਸਿੱਖ ਪ੍ਰਤੀਨਿਧਾਂ ਦੇ ਹਵਾਲੇ ਕਰਨ ਦਾ ਫ਼ੈਸਲਾ ਕਰ ਲਿਆ। ਗਵਰਨਰ ਪੰਜਾਬ, ਐਡਵਰਡ ਮੈਕਲੈਗਨ ਅਤੇ ਮਹਾਤਮਾ ਗਾਂਧੀ ਵੀ ਨਨਕਾਣਾ ਸਾਹਿਬ ਪੁੱਜੇ। ਨਰੈਣ ਦਾਸ ਅਤੇ ਉਸ ਦੇ ਭਾੜੇ ’ਤੇ ਲਿਆਂਦੇ ਬਦਮਾਸ਼ਾਂ ਨੂੰ ਤੁਰੰਤ ਕੈਦ ਕਰ ਲਿਆ ਗਿਆ ਅਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ: ਹਰਬੰਸ ਸਿੰਘ ਅਟਾਰੀ ਦੀ ਅਗਵਾਈ ਹੇਠ ਬਣੀ ਇਕ ਸੱਤ ਮੈਂਬਰੀ ਕਮੇਟੀ ਦੇ ਹਵਾਲੇ ਕਰ ਦਿੱਤਾ ਗਿਆ। ਸ਼ਹੀਦਾਂ ਦਾ ਬਾਕਾਇਦਾ ਸਸਕਾਰ ਕਰਨ ਲਈ 23 ਫਰਵਰੀ, 1921 ਦਾ ਦਿਨ ਨਿਸ਼ਚਿਤ ਕੀਤਾ ਗਿਆ ਤਾਂ ਜੋ ਸੰਗਤਾਂ ਦੂਰੋਂ ਨੇੜਿਉਂ ਇਸ ਅਵਸਰ ’ਤੇ ਪੁੱਜ ਸਕਣ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਸ ਸਮੇਂ ਸਿੱਖ ਨੇਤਾਵਾਂ ਨੇ ਪੂਰੇ ਧੀਰਜ ਅਤੇ ਜ਼ਿੰਮੇਵਾਰੀ ਦਾ ਵਿਖਾਵਾ ਕੀਤਾ। ਇਸ ਨਾਜ਼ੁਕ ਮੌਕੇ ’ਤੇ ਸੰਗਤ ਨੂੰ ਸੰਬੋਧਨ ਕਰਦਿਆਂ ਭਾਈ ਜੋਧ ਸਿੰਘ (ਖ਼ਾਲਸਾ ਕਾਲਜ) ਨੇ ਕਿਹਾ ਸਮੂਹ ਖਾਲਸਾ ਪੰਥ ਨੂੰ ਇਸ ਦੁਖਾਂਤ ਸਮੇਂ ਧੀਰਜ ਅਤੇ ਸਾਹਸ ਨਾਲ ਵਿਚਰਨ ਦੀ ਲੋੜ ਹੈ। ਅਜਿਹੇ ਭਿਅੰਕਰ ਦੁਖਾਂਤ ਦੀ ਸ਼ਤਾਬਦੀ ਕਿਵੇਂ ਮਨਾਈਏ? ਸ਼ਹੀਦਾਂ ਦੀ ਯਾਦ ਵਿਚ ਗੁਰਮਤਿ ਸਮਾਗਮ ਤਾਂ ਕਰਨੇ ਹੀ ਹਨ। ਪਰ ਜਿਸ ਆਦਰਸ਼ ਲਈ ਸਾਡੇ ਨਿਸ਼ਠਾਵਾਨ ਬਜ਼ੁਰਗਾਂ ਨੇ ਜਾਨਾਂ ਵਾਰੀਆਂ, ਉਸ ਕਾਰਜ ਵੱਲ ਧਿਆਨ ਦੇਣ ਦੀ ਵੀ ਜ਼ਰੂਰੀ ਲੋੜ ਹੈ। ਇਸ ਅਵਸਰ ’ਤੇ ਇਹ ਵੀ ਜ਼ਰੂਰੀ ਹੈ ਕਿ ਖ਼ਾਲਸਾ ਪੰਥ ਦੀ ਦੁਨਿਆਵੀ ਲੀਡਰਸ਼ਿਪ ਵੀ ਪੰਥ ਦੇ ਸਨਮੁੱਖ ਸਪਸ਼ਟ ਕਰੇ ਕਿ ਗੁਰਦੁਆਰਾ ਪ੍ਰਬੰਧ ਦੀ ਪਵਿੱਤਰਤਾ ਅਤੇ ਸਰਬਪੱਖੀ ਮਹੱਤਵ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੋਮਣੀ ਕਮੇਟੀ ਦੀ ਸੇਵਾ ਕੇਵਲ ਨਿਸ਼ਠਾਵਾਨ, ਨਿਸ਼ਕਾਮ ਅਤੇ ਪੰਥ ਨੂੰ ਸਮਰਪਿਤ ਵਿਅਕਤੀਆਂ ਨੂੰ ਨਿਰਧਾਰਿਤ ਕਾਨੂੰਨ ਅਨੁਸਾਰ ਸੌਂਪੀ ਜਾਇਆ ਕਰੇਗੀ ਅਤੇ ਗੁਰਦੁਆਰਾ ਸੇਵਾ ਵੱਲ ਸਮਰਪਿਤ ਵਿਅਕਤੀਆਂ ਦੇ ਬਣਦੇ ਮਾਣ-ਸਨਮਾਨ ਨੂੰ ਕਾਇਮ ਰੱਖਣ ਵੱਲ ਵੀ ਪੂਰਾ ਧਿਆਨ ਦਿੱਤਾ ਜਾਵੇਗਾ।

# ਜੰਗ ਦੇ ਸੂਰਮੇ ਸ਼ਹੀਦ ਬਾਬਾ ਦੀਪ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਆਮ ਲੋਕਾਈ ਨੂੰ ਸਿੰਘ ਸੂਰਮੇ ਬਣਾ ਦਿੱਤਾ ਤੇ ਉਨ੍ਹਾਂ ਦੇ ਸੁਭਾਅ ਵਿਚ ਇਕ ਅਜਿਹਾ ਜੋਸ਼ ਭਰ ਦਿੱਤਾ ਜੋ ਆਪਾ ਵਾਰਨ ਲਈ ਸਦੈਵ ਤਿਆਰ ਬਰ ਤਿਆਰ ਹੋ ਜਾਂਦੇ । ਸਿੱਖ ਸਾਹਿਤ ਦਾ ਇਤਿਹਾਸਕ ਵਿਸ਼ਲੇਸ਼ਣ ਨਿਸ਼ਚੇ ਹੀ ਸਿੱਖ ਇਤਿਹਾਸ ਦਾ ਸੰਯੁਕਤ ਅਤੇ ਅਨੁਰੂਪਤਾ ਭਰਿਆ ਚਿੱਤਰ ਪੇਸ਼ ਕਰਦਾ ਹੈ ਜਿਸ ਨਾਲ ਜ਼ਜ਼ਬੇ ਨੂੰ ਉਬਾਲ ਮਿਲਦਾ ਹੈ ।ਇਹ ਕਹਿਣਾ ਵੀ ਠੀਕ ਰਹੇਗਾ ਕਿ ਸਿੱਖ ਸਾਹਿਤ ਦਾ ਵੱਡਾ ਸਰੂਪ ਸਿੱਖ ਇਤਿਹਾਸ ਦੇ ਭਿੰਨ-ਭਿੰਨ ਪਹਿਲੂਆਂ ਦੀ ਉਪਜ ਹੈ । ਇਨ੍ਹਾਂ ਇਤਿਹਾਸਿਕ ਪੰਨਿਆ ’ਤੇ ਬਾਬਾ ਦੀਪ ਸਿੰਘ ਜੀ ਦਾ ਨਾਮ ਸੁਨਹਿਰੀ ਹਰਫ਼ਾਂ ਵਿਚ ਲਿਖਿਆ ਗਿਆ ਹੈ । ਬਾਬਾ ਦੀਪ ਸਿੰਘ ਇਕ ਯੋਧੇ ਦੇ ਨਾਲ-ਨਾਲ ਇਕ ਕਾਤਿਬ ਵੀ ਸਨ ਜਿਨ੍ਹਾਂ ਨੇ 1783 ਬਿਕ੍ਰਮੀ ਨੂੰ ਅਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕੀਤੇ ਇਹ ਉਤਾਰੇ ਚਾਰੇ ਤਖ਼ਤਾਂ ਤੇ ਸੁਸ਼ੋਭਿਤ ਹਨ ਅਕਾਲ ਤਖ਼ਤ ਅੰਮ੍ਰਿਤਸਰ, ਪਟਨਾ ਸਾਹਿਬ, ਅਨੰਦਪੁਰ ਸਾਹਿਬ, ਤੇ ਦਮਦਮਾ ਸਾਹਿਬ।

ਬਾਬਾ ਦੀਪ ਸਿੰਘ ਜੀ ਸ਼ਹੀਦ ਸਿੱਖ ਕੌਮ ਦੇ ਅਜਿਹੇ ਵੀਰ ਯੋਧੇ ਸਨ ਜਿਨ੍ਹਾਂ ਨੇ ਸਿਰ ਧੜ੍ਹ ਤੋਂ ਅੱਲਗ ਹੋਣ ਦੇ ਬਾਵਜੂਦ ਵੀ ਅੰਦਰੂਨੀ ਕੁੱਵਤ (ਸ਼ਕਤੀ) ਨਾਲ ਲੜ ਕੇ ਸ਼ਹੀਦੀ ਪ੍ਰਾਪਤ ਕੀਤੀ ਤੇ ਇਸ ਇਤਿਹਾਸਕ ਘਟਨਾ ਨੇ ਉਨ੍ਹਾਂ ਦੇ ਨਾਮ ਨਾਲ ਸ਼ਹੀਦ ਸ਼ਬਤ ਜੋੜ ਦਿੱਤਾ ਤੇ ਅੱਜ ਉਨ੍ਹਾਂ ਨੂੰ ਬਾਬਾ ਦੀਪ ਸਿੰਘ ਸ਼ਹੀਦ ਜੀ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ । “ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿਚੋਂ ਸ਼ਹੀਦਾਂ ਦੀ ਮਿਸਲ ਦੇ ਬਾਨੀ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਜਨਮ 1682 ਈ: ਵਿਚ ਪੋਹੂਵਿੰਡ ਪਰਗਨਾ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ । ਜੁਆਨ ਅਵਸਥਾ ਵਿਚ ਬਾਬਾ ਜੀ ਨੇ ਖੰਡੇ-ਬਾਟੇ ਦਾ ਅੰਮ੍ਰਿਤ ਛਕਿਆ ਅਤੇ ਅਨੰਦਪੁਰ ਸਾਹਿਬ ਵਿਖੇ ਦਸਵੇਂ ਪਾਤਸ਼ਾਹ ਜੀ ਦੀ ਸੇਵਾ ਵਿਚ ਹੀ ਰਹਿਣ ਲੱਗੇ । ਜਥੇਦਾਰ ਬਾਬਾ ਬੁੱਢਾ ਜੀ ਵੀ ਆਪ ਜੀ ਦੇ ਸਾਥੀ ਸਨ । ਬਾਬਾ ਦੀਪ ਸਿੰਘ ਜੀ ਇਕ ਉੱਚ ਕੋਟੀ ਦੇ ਵਿਦਵਾਨ, ਨਾਮ, ਅਭਿਆਸੀ, ਕੁਰਬਾਨੀ ਦੇ ਪੁੰਜ, ਧਰਮੀ ਸੂਰਬੀਰ, ਸਿੱਖ ਪੰਥ ਦੇ ਅਣਖੀਲੇ ਜਥੇਦਾਰ ਸਨ ਜਿਨ੍ਹਾਂ ਨੇ ਗੁਰੂ ਦੇ ਹੁਕਮ ਵਿਚ ਰਹਿ ਕੇ ਕੌਮ ਦੀ ਰੱਖਿਆ ਕੀਤੀ । ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੱਖਣ ਦੀ ਯਾਤਰਾ ’ਤੇ ਗਏ ਤਾਂ ਬਾਬਾ ਦੀਪ ਸਿੰਘ ਜੀ ਤੇ ਬਾਬਾ ਬੁੱਢਾ ਜੀ ਦੀ ਡਿਊਟੀ ਦਮਦਮਾ ਸਹਿਬ ਵਿਖੇ ਸੇਵਾ-ਸੰਭਾਲ ਲਈ ਲਗਾਈ । ਇੱਥੇ ਬਾਬਾ ਜੀ ਨੇ ਇਕ ਖੂਹ ਲਗਵਾਇਆ ਜੋ ਤਖ਼ਤ ਸਾਹਿਬ ਦੀ ਪਰਿਕਰਮਾ ਵਿਚ ਹੈ, ਜਿਸ ਨੂੰ ਸ਼ਹੀਦਾ ਦੇ ਖ਼ੂਹ ਨਾਲ ਵੀ ਜਾਣੀਆ ਜਾਂਦਾ ਹੈ ।“

‘ਬਾਬਾ ਦੀਪ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਮਿਲ ਕੇ ਮੁਗ਼ਲ ਸਾਮਰਾਜ ਦੇ ਖ਼ਿਲਾਫ਼ ਜੰਗ ਲੜੀ । ਇਹ ਜੰਗ 1708 ਈ: ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਆ ਕੇ ਸਿੱਖਾਂ ਨੂੰ ਇਕੱਤਰ ਕਰ ਕੇ ਲੜੀ ਜਿਸ ਵਿਚ ਬਾਬਾ ਦੀਪ ਸਿੰਘ ਜੀ ਆਪਣੇ ਸਾਥੀਆਂ ਸਮੇਤ ਇਸ ਦਲ ਵਿਚ ਸ਼ਾਮੀਲ ਹੋ ਕੇ ਲੜੇ । ਇਸ ਜੰਗ ਏ ਮੈਦਾਨ ਵਿਚ ਬਾਬਾ ਦੀਪ ਸਿੰਘ ਜੀ “ਮੁਹਿ ਮਰਨੇ ਕਾ ਚਾਉ“ ਦੀ ਬਿਰਤੀ ਨਾਲ ਸਭ ਤੋਂ ਅੱਗੇ ਹੋ ਕੇ ਲੜੇ ਇਸੇ ਲਈ ਇਨ੍ਹਾਂ ਦੇ ਜੱਥੇ ਦਾ ਨਾਮ ਸ਼ਹੀਦਾਂ ਦਾ ਜੱਥਾ ਪੈ ਗਿਆ ਸੀ ।’ ‘1761 ਈ: ਵਿਚ ਅਹਿਮਦਸ਼ਾਹ ਅਬਦਾਲੀ ਨੇ ਜਹਾਨ ਖ਼ਾਨ ਨੂੰ ਸਿੰਘਾਂ ’ਤੇ ਹਮਲਾ ਕਰਨ ਲਈ ਭੇਜਿਆ । ਜਹਾਨ ਖ਼ਾਨ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਡੇਰੇ ਲਾ ਕੇ ਬੈਠ ਗਿਆ ਤੇ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਲੱਗ ਪਿਆ । ਸ੍ਰੀ ਅੰਮ੍ਰਿਤਸਰ ਸਾਹਿਬ ਦਾ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ ਗਿਆ । ਇਸ ਸਭ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਲੱਗੀ ਤਾ ਬਾਬਾ ਜੀ ਉਸੇ ਵੇਲੇ ਅੰਮ੍ਰਿਤਸਰ ਸਾਹਿਬ ਜਾਣ ਦਾ ਫ਼ੈਸਲਾ ਕਰ ਲਿਆ ਤਾਂ ਜੋ ਬੇਅਦਬੀ ਦਾ ਬਦਲਾ ਲਿਆ ਜਾ ਸਕੇ । ਇਸ ਲਈ ਆਪਣੀ ਜਗ੍ਹਾ ’ਤੇ ਭਾਈ ਨੱਥਾ ਸਿੰਘ ਜੀ ਨੂੰ ਛੱਡ ਕੇ ਆਪ ਅੰਮ੍ਰਿਤਸਰ ਵੱਲ ਨੂੰ ਕੂਚ ਕਰ ਦਿੱਤਾ । ਉਸ ਸਮੇਂ ਆਪ ਜੀ ਨਾਲ ਸਿਰਫ਼ 500 ਸਿੰਘਾਂ ਦਾ ਜੱਥਾ ਸੀ । ਰਸਤੇ ਵਿਚ ਲਾਗਲੇ ਪਿੰਡਾਂ ਜੋਗਾ, ਦੋਰਾਜ, ਭੁੱਚੋ, ਗੋਬਿੰਦਪੁਰਾ, ਲੱਖੀ ਜੰਗਲ, ਬਹਿਮਨ, ਮਾਹਨਵਾਲ, ਕੋਟ, ਪੰਜੋ ਕੇ ਗੁਰੂ ਚੌਤਰਾਂ, ਫੂਲ, ਮਹਿਰਾਜ, ਤੋਂ ਹੋਰ ਸਿੰਘ ਜੱਥੇ ਵਿਚ ਮਿਲਦੇ ਗਏ। ਇਸ ਤਰ੍ਹਾਂ ਤਰਨਤਾਰਨ ਸਾਹਿਬ ਪਹੁੰਚਣ ਤੀਕ ਉਨ੍ਹਾਂ ਨਾਲ ਪੰਜ ਹਜ਼ਾਰ ਜੁਝਾਰੂ ਸਿੰਘਾਂ ਦਾ ਜੱਥਾ ਬਣ ਗਿਆ । ਇਸ ਸਮੇਂ ਬਾਬਾ ਜੀ ਦੀ ਉਮਰ 78 ਸਾਲ ਦੇ ਲੱਗਭਗ ਸੀ ।’ ਜੋਸ਼ ਉਨ੍ਹਾਂ ਵਿਚ ਇਕ ਨੋਜਵਾਨ ਦਾ ਸੀ । ਜਿਸ ਸਮੇਂ ਬਾਬਾ ਜੀ ਜਾ ਰਹੇ ਸਨ ਤਾਂ ਉਨ੍ਹਾਂ ਦੇ ਬੋਲ ਸਨ ਕਿ “ਜੋ ਗੁਰੂ ਦੇ ਰਾਹ ’ਤੇ ਸਿਰ ਦੇਣ ਲਈ ਤਿਆਰ ਹੈ ਉਹ ਉਨ੍ਹਾਂ ਨਾਲ ਆਵੇ ।’ ਬਾਬਾ ਜੀ ਦੀ ਇਸ ਅਵਾਜ਼ ਤੇ 500 ਸਿੰਘਾਂ ਦੀ ਗਿਣਤੀ ਤੋਂ ਪੰਜ ਹਜ਼ਾਰ ਹੋ ਗਈ ਜੋ ਸ਼ਹੀਦੀ ਦੇਣ ਨੂੰ ਤਿਆਰ-ਬਰ-ਤਿਆਰ ਹੋ ਗਏ । ਬਾਬਾ ਜੀ ਦਾ ਅਗਵਾਈ ਦਾ ਢੰਗ ਏਵੈ ਦਾ ਸੀ ਜੋ ਵੀ ਉਹ ਹੁਕਮ ਦਿੰਦੇ ਸਿੰਘ ਉਨ੍ਹਾਂ ਦੇ ਹੁਕਮ ਨੂੰ ਸਿਰ ਮੱਥੇ ਮੰਨਦੇ । ਬਾਬਾ ਦੀਪ ਸਿੰਘ ਜੀ ਨੇ ਆਪਣੇ ਸਾਥੀਆਂ ਨੂੰ ਵੰਗਾਰਿਆ ਅਤੇ ਗਰਜ ਕੇ ਕਿਹਾ ਕਿ ਜਿਨ੍ਹਾਂ ਨੂੰ ਗੁਰੂ ਅਤੇ ਧਰਮ ਪਿਆਰਾ ਹੈ, ਉਹ ਲਕੀਰ ਪਾਰ ਆ ਜਾਣ, ਪਰ ਜਿਨ੍ਹਾਂ ਨੂੰ ਗੁਰੂ ਅਤੇ ਧਰਮ ਪਿਆਰਾ ਹੈ, ਉਹ ਲਕੀਰ ਪਾਰ ਆ ਜਾਣ, ਪਰ ਜਿਨ੍ਹਾਂ ਨੂੰ ਜਾਨ ਅਤੇ ਜਹਾਨ ਪਿਆਰਾ ਹੈ, ਉਹ ਲਕੀਰ ਤੋਂ ਪਿੱਛੇ ਹੀ ਰਹਿਣ । ਇਹ ਸੁਣ ਕੇ ਇਕ ਵੀ ਸਿੰਘ ਨਹੀਂ ਥਿੜਕਿਆ ਸਗੋਂ ਪੂਰੇ ਜੋਸ਼ ਨਾਲ ਜੈਕਾਰੇ ਗਜਾਉਂਦੇ ਹੋਏ ਲਕੀਰ ਤੋਂ ਪਾਰ ਆ ਖੜੋਤੇ । ਬਾਬਾ ਜੀ ਦਾ ਹੁਕਮ ਮਿਲਣ ’ਤੇ ਉਹ ਰਣ ਤੱਤੇ ਵਿਚ ਜੂਝ ਪਏ । ਦੋਵੇਂ ਪਾਸਿਆਂ ਤੋਂ ਘਮਸਾਨ ਦਾ ਜੰਗ ਮੱਚਿਆ, ਇਸ ਸਮੇਂ ਸਿੰਘ ਸਿਰਫ਼ ਅੰਮ੍ਰਿਤਸਰ ਜਾਣਾ ਚਾਹੁੰਦੇ ਸੀ । ਉਨ੍ਹਾਂ ਨੇ “ਨਿਸਚੈ ਕਰ ਆਪਣੀ ਜੀਤ ਕਰੋਂ “ ਦੇ ਅਨੁਸਾਰ ਪਿੱਛੇ ਨਾ ਮੁੜਨ ਦੀ ਸੌਂਹ ਖਾਧੀ ਸੀ, ਉਹ ਇਸ ਜਜਬੇ ਨਾਲ ਹੀ ਅੱਗੇ ਵੱਧਦੇ ਗਏ ਤੇ ਛੇ ਕੋਹ ਦੇ ਵਿਚਕਾਰ ਲਾਸ਼ਾ ਵਿਛ ਗਈਆਂ “ਰਾਮਸਰ ਤੀਰਥ ਦੇ ਲਾਗੇ ਸ਼ਹੀਦ ਦੀਪ ਸਿੰਘ ਦੇ ਨਾਲ ਸ਼ਾਹ ਜਮਾਲ ਪੰਜ ਹਜ਼ਾਰੀ ਆ ਅੜਿਆ, ਦੋਵੇਂ ਬਹੁਤ ਲੜੇ ਆਖਰ ਥੋੜੀ ਦੇਰ ਬਾਦ ਦੋਹਾਂ ਨੇ ਬਹਾਦਰੀ ਦੇ ਜੌਹਰ ਵਿਖਾ ਕੇ ਬਾਬਾ ਜੀ ਨੇ ਜਮਾਲ ਸ਼ਾਹ ਦਾ ਸਿਰ ਧੜ ਨਾਲੋਂ ਅਡ ਕਰ ਦਿੱਤਾ, ਤੇ ਦੀਪ ਸਿੰਘ ਜੀ ਦੀ ਤਲਵਾਰ ਨਾਲ ਉਹਨਾਂ ਦਾ ਆਪਨਾ ਸੀਸ ਵੀ ਧੜ ਨਾਲੋਂ ਅੱਡ ਹੋ ਗਿਆ। “ਗਿਆਨੀ ਗਿਆਨ ਸਿੰਘ ਅਨੁਸਾਰ ਚੱਬੇ ਪਿੰਡ ਦੇ ਕੋਲ ਸ਼ਾਹ ਜਮਾਲ ਨਾਲ ਲੜਦਿਆਂ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਨਾਲੋਂ ਵੱਖ ਹੋ ਗਿਆ । ਇਕ ਸਿੰਘ ਨੇ ਕਿਹਾ ਬਾਬਾ ਜੀ ਤੁਸੀ ਤਾਂ ਅੰਮ੍ਰਿਤਸਰ ਜਾਣਾ ਸੀ ਫੇਰ ਇੱਥੇ ਹੀ ਕਿਉਂ ਡੇਰੇ ਲਾਉਣ ਲੱਗੇ ਹੋ ? ਬਾਬਾ ਜੀ ਇਹ ਸੁਣ ਕੇ ਉੱਠ ਖੜੋਤੇ ਅਤੇ ਇਕ ਹੱਥ ਤੇ ਆਪਣਾ ਸੀਸ ਰੱਖ ਲਿਆ ਤੇ ਦੂਜੇ ਵਿਚ ਖੰਡਾ ਫੜ ਕੇ ਲੜਨਾਂ ਸ਼ੁਰੂ ਕਰ ਦਿੱਤਾ । ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚ ਕੇ ਰਾਮਸਰ ਦੇ ਕੋਲ ਜਾ ਕੇ ਉਨ੍ਹਾਂ ਨੇ ਸ਼ਹੀਦੀ ਪਾਈ , ਉਨ੍ਹਾਂ ਦੇ ਸ਼ਹੀਦੀ ਅਸਥਾਨ ’ਤੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਅੱਜ ਵੀ ਸੁਸ਼ੋਭਿਤ ਹੈ । ਦਰਬਾਰ ਸਾਹਿਬ ਜੀ ਦੀ ਹਦੂਦ (ਹੱਦਬੰਦੀ) ਦੱਖਣੀ ਬਾਹੀ ਵਿਚ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਬੁੰਗਾ ਸਥੀਤ ਹੈ, ਉੱਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਮੇਸ਼ਾ ਪ੍ਰਕਾਸ਼ ਰਹਿੰਦਾ ਹੈ ।“

‘ਇਸ ਜੰਗ ਵਿਚ ਬਾਬਾ ਦੀਪ ਸਿੰਘ ਜੀ ਭਾਵੇਂ ਸ਼ਹੀਦ ਹੋ ਗਏ, ਪਰ ਉਹ ਆਪਣਾ ਪ੍ਰਣ ਨਿਭਾਉਣ ਵਿਚ ਸਫ਼ਲ ਰਹੇ । ਬਾਬਾ ਜੀ ਦਾ ਰੂਹਾਨੀਂ ਜੋਸ਼ ਇਸ ਗੱਲ ਨੂੰ ਸਾਬਤ ਕਰ ਦਿੰਦਾ ਹੈ ਕਿ ਸੂਰਮੇਂ ਦੇ ਅੰਦਰ ਗੁਰੂ ਦੇ ਦਰਸ਼ਨਾਂ ਦੀ ਏਨੀ ਤਾਂਘ ਹੁੰਦੀ ਹੈ ਕਿ ਉਹ ਆਪਣੇ ਪ੍ਰੀਤਮ ਦਾ ਦੀਦਾਰ ਪ੍ਰਾਪਤ ਕਰਨ ਲਈ ਉਸ ਦਾ ਹੁਕਮ ਮੰਨ ਕੇ ਆਪਣਾ ਸੀਸ ਵੀ ਕੱਟ ਕੇ ਦੇਣ ਨੂੰ ਤਿਆਰ ਬਰ ਤਿਆਰ ਹੁੰਦਾ ਹੈ ।’ ਗੁਰਬਾਣੀ ਦਾ ਮਹਾਂਵਾਕ ਹੈ:

**“ਤੂ ਚਾਉ ਸਜਣ ਮੈਡਿਆ ਡੇਈ ਸਿਸੁ ਉਤਾਰਿ ।।**
**ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ।।“**

ਭਾਵ, ਬਹਾਦਰ ਸੂਰਮਾ ਆਪਣੇ ਅਕਾਲ ਪੁਰਖ ਪਰਮਾਤਮਾ ਨੂੰ ਆਖ ਰਿਹਾ ਹੈ, ਜੇ ਤੂੰ ਆਖੇਂ ਤਾਂ ਮੈਂ ਆਪਣਾ ਸਿਰ ਵੀ ਲਾਹ ਕੇ ਭੇਂਟ ਕਰ ਦੇਵਾਂ। ਮੇਰੀਆਂ ਅੱਖਾਂ ਤਰਸ ਰਹੀਆਂ ਹਨ, ਮੈਂ ਕਦੋਂ ਤੇਰਾ ਦਰਸ਼ਨ ਕਰਾਗਾਂ । ਅਜਿਹੇ ਬੋਲ ਸਿਰਫ਼ ਇਕ ਗੁਰੂ ਦਾ ਪਿਆਰਾ ਹੀ ਕਰ ਸਕਦਾ ਹੈ । ਜਿਸ ਦਾ ਰੋਮ ਰੋਮ ਗੁਰੂ ਦੇ ਪਿਆਰ ਵਿਚ ਭੱਜਿਆ ਪਿਆ ਹੈ ।

**“ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ।।**
**ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ।।“**

ਨਾਨਕ ਪਾਤਸ਼ਾਹ ਜੀ ਆਖਦੇ ਹਨ ਕਿ ਜੇ ਕੋਈ ਗੁਰਮੁਖਿ ਮੈਨੂੰ ਤੇਰੀ ਗੱਲ ਸੁਣਾਵੇਂ ਤਾਂ ਮੈ ਉਸ ਅੱਗੇ ਕਿਹੜੀ ਭੇਟ ਧਰਾਂ, ਆਪਣਾ ਸਿਰ ਵੱਢ ਕੇ ਮੈਂ ਉਸ ਦੇ ਬੈਠਣ ਲਈ ਆਸਣ ਬਣਾਂ ਦਿਆਂ, ਕਹਿਣ ਤੋਂ ਭਾਵ ਆਪਾ-ਭਾਵ ਦੂਰ ਕਰ ਕੇ ਮੈਂ ਉਸ ਦੀ ਸੇਵਾ ਕਰਾਂ । “ਅਸਲ ਵਿਚ ਸਿੱਖ ਤਾਂ ਆਪਣਾ ਸੀਸ ਉਦੋਂ ਹੀ ਭੇਟ ਕਰ ਦਿੰਦਾ ਹੈ, ਜਦੋਂ ਉਹ ਪੰਜ ਪਿਆਰਿਆ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਲੈਦਾਂ ਹੈ। ਬਾਬਾ ਦੀਪ ਸਿੰਘ ਜੀ ਨੇ ਤਾਂ ਅੰਮ੍ਰਿਤ ਦੀ ਦਾਤਿ ਹੀ ਗੁਰੂ ਸਾਹਿਬ ਤੋਂ ਪ੍ਰਾਪਤ ਕੀਤੀ ਸੀ।

ਬਾਬਾ ਦੀਪ ਸਿੰਘ ਜੀ ਤੇ ਗੁਰੂ ਇਕ-ਮਿਕ ਸਨ, ਗੁਰੂ ਤਾਂ ਬਾਬਾ ਦੀਪ ਸਿੰਘ ਜੀ ਦੇ ਅੰਦਰ ਬਿਰਾਜਮਾਨ ਸੀ । ਜੇਕਰ ਗੱਲ ਬਾਬਾ ਦੀਪ ਸਿੰਘ ਜੀ ਦੇ ਨਾਇਕਤਵ ਦੀ ਕੀਤੀ ਜਾਵੇ ਤਾਂ ਉਨ੍ਹਾਂ ਦਾ ਨਾਇਕਤਵ ਅਨੇਕਾ ਗੁਣਾਂ ਨਾਲ ਭਰਿਆ ਹੋਇਆ ਹੈ ਜਿਨ੍ਹਾਂ ਵਿਚ ਇਕ ਗੁਰਮੁਖ , ਇਕ ਬ੍ਰਹਮ ਗਿਆਨੀ, ਇਕ ਸਚਿਆਰ ਤੇ ਇਕ ਖ਼ਾਲਸਾ ਸਨ । ਇਸ ਤੋਂ ਇਲਾਵਾ ਉਹ ਇਕ ਉੱਚ ਕੋਟੀ ਦੇ ਵਿਲੱਖਣ ਵਿਦਵਾਨ ਸਨ। ਬਾਬ ਦੀਪ ਸਿੰਘ ਜੀ ਨੇ ਕੇਵਲ ਆਪਣੇ ਨੇਤਰਾਂ ਨਾਲ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਹੀ ਨਹੀਂ ਸਨ ਕੀਤੇ ਸਗੋਂ ਉਹ ਤਾਂ ਖੰਡਾ ਲੈ ਕੇ ਗੁਰੂ ਸਾਹਿਬ ਜੀ ਦੀ ਛਤਰ-ਛਾਇਆ ਹੇਠ

ਬਾਕੀ ਸਫ਼ਾ 31 ’ਤੇ




# ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ, ਨੋਟਬੰਦੀ ਵਾਲੇ ਗਲਤ ਫੈਸਲੇ ਦੇ ਕਾਰਣ ਭਾਰਤ 'ਚ ਵਧੀ ਬੇਰੁਜਗਾਰੀ



**ਤਿਰੂਵਨੰਤਪੁਰਮ/ਏ.ਟੀ.ਨਿਊਜ਼:** ਚੋਣ ਸੂਬੇ ਕੇਰਲ 'ਚ ਇਕ ਸੰਮੇਲਨ ਨੂੰ ਸੰਬੋਧਨ ਕਰਦਿਆਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਬੇਰੁਜ਼ਗਾਰੀ ਦੀ ਸਮੱਸਿਆ ਬਾਰੇ ਰੱਜ ਕੇ ਹਮਲੇ ਕੀਤੇ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਦੇ ਨੋਟਬੰਦੀ ਦੇ ਗ਼ਲਤ ਫ਼ੈਸਲੇ ਕਾਰਨ ਅੱਜ ਦੇਸ਼ 'ਚ ਬੇਰੁਜ਼ਗਾਰੀ ਸਿਖਰਾਂ 'ਤੇ ਹੈ ਤੇ ਗ਼ੈਰ-ਸੰਗਠਿਤ ਖੇਤਰ ਤਬਾਹ ਹੋ ਗਿਆ ਹੈ। ਸਾਬਕਾ ਪ੍ਰਧਾਨ ਮੰਤਰੀ ਡਾ. ਸਿੰਘ ਕਾਂਗਰਸ ਦੇ ਥਿੰਕ ਟੈਂਕ ਰਾਜੀਵ ਗਾਂਧੀ ਇੰਸਟੀਚਿਊਟ ਆਫ ਡਿਵੈੱਲਪਮੈਂਟ ਸਟੱਡੀਜ਼ ਵੱਲੋਂ ਵਿਕਾਸ ਦੇ ਮਸਲੇ 'ਚ ਕਰਵਾਏ ਸੰਮੇਲਨ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਉਦਘਾਟਨ ਕਰਨ ਤੋਂ ਬਾਅਦ ਸੰਬੋਧਨ ਕਰ ਰਹੇ ਸਨ। ਉਨਾਂ ਨੇ ਸੂਬਾ ਸਰਕਾਰਾਂ ਨਾਲ ਲਗਾਤਾਰ ਸੰਵਾਦ ਨਾ ਕਰਨ ਲਈ ਵੀ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ। ਉਨਾਂ ਨੇ ਕਿਹਾ ਕਿ ਕਰਜ਼ੇ ਦੀ ਸਮੱਸਿਆ 'ਤੇ ਕੇਂਦਰ ਸਰਕਾਰ ਤੇ ਰਿਜ਼ਰਵ ਬੈਂਕ ਦੇ ਤੱਤਕਾਲੀ ਤਰੀਕਿਆਂ ਨਾਲ ਆਉਣ ਵਾਲੇ ਕਰਜ਼ਾ ਸੰਕਟ ਨੂੰ ਲੈ ਕੇ ਅਸੀਂ ਧੋਖਾ ਨਹੀਂ ਖਾ ਸਕਦੇ, ਜੋ ਛੋਟੇ ਤੇ ਦਰਮਿਆਨੇ ਖੇਤਰ ਨੂੰ ਬਹੁਤ ਬੁਰੀ ਤਰਾਂ ਪ੍ਰਭਾਵਿਤ ਕਰ ਸਕਦਾ ਹੈ।

'ਪ੍ਰਤੀਕਸ਼ਾ 2030' ਨਾਂ ਦੇ ਇਸ ਪ੍ਰੋਗਰਾਮ 'ਚ ਡਾ. ਸਿੰਘ ਨੇ ਕਿਹਾ ਕਿ 2016 'ਚ ਲਏ ਗਏ ਨੋਟਬੰਦੀ ਦੇ ਬੇਤੁਕੇ ਫ਼ੈਸਲੇ ਨਾਲ ਦੇਸ਼ 'ਚ ਬੇਰੁਜ਼ਗਾਰੀ ਵਧੀ ਹੈ ਤੇ ਗ਼ੈਰ-ਸੰਗਠਿਤ ਖੇਤਰ ਬਦਹਾਲ ਹੋ ਗਿਆ ਹੈ। ਕੇਰਲ 'ਚ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੇ 'ਵਿਜ਼ਨ ਡਾਕੂਮੈਂਟ' ਜਾਰੀ ਕਰਨ ਲਈ ਇਹ ਸੰਮੇਲਨ ਕਰਵਾਇਆ ਗਿਆ ਸੀ। ਕਾਂਗਰਸ ਨੇ ਇਸ ਦਸਤਾਵੇਜ਼ 'ਚ ਕੇਰਲ ਦੇ ਵਿਕਾਸ ਦੀ ਰੂਪ-ਰੇਖਾ ਪੇਸ਼ ਕੀਤੀ ਹੈ। ਕਾਂਗਰਸ ਆਗੂ ਨੇ ਕਿਹਾ ਕਿ ਕੇਰਲ ਤੇ ਹੋਰ ਸੂਬਿਆਂ 'ਚ ਸਰਕਾਰੀ ਵਿੱਤੀ ਵਿਵਸਥਾ ਗੜਬੜਾ ਗਈ ਹੈ ਤੇ ਸੂਬਿਆਂ ਨੂੰ ਲੋੜੋਂ ਵੱਧ ਉਧਾਰ ਲੈ ਕੇ ਕੰਮ ਚਲਾਉਣਾ ਪੈ ਰਿਹਾ ਹੈ, ਜਿਸ ਨਾਲ ਭਵਿੱਖ ਦੇ ਬਜਟਾਂ 'ਤੇ ਵੱਧ ਬੋਝ ਪਵੇਗਾ। ਉਨਾਂ ਨੇ ਕਿਹਾ ਕਿ ਮੌਜੂਦਾ ਸਰਕਾਰ 'ਚ ਸੰਘਵਾਦ ਤੇ ਸੂਬਿਆਂ ਨਾਲ ਨਿਯਮਿਤ ਸਲਾਹ-ਮਸ਼ਵਰੇ ਦੀ ਰਵਾਇਤ ਖ਼ਤਮ ਹੋ ਗਈ ਹੈ, ਜੋ ਸਾਡੇ ਦੇਸ਼ ਦੀ ਸਮਾਜਿਕ ਤੇ ਸਿਆਸੀ ਵਿਚਾਰਧਾਰਾ ਦੀ ਆਤਮਾ ਹੈ ਤੇ ਜਿਸ ਨੂੰ ਸੰਵਿਧਾਨ 'ਚ ਵੀ ਅਹਿਮ ਸਥਾਨ ਦਿੱਤਾ ਗਿਆ ਹੈ।

ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਕੇਰਲ 'ਚ ਸਮਾਜਿਕ ਪੱਧਰ ਬਹੁਤ ਉੱਚਾ ਹੈ ਪਰ ਕਈ ਅਜਿਹੇ ਖੇਤਰ ਹਨ ਜਿਸ 'ਤੇ ਭਵਿੱਖ 'ਚ ਬਹੁਤ ਜ਼ਿਆਦਾ ਕੇਂਦ੍ਰਿਤ ਕੀਤੇ ਜਾਣ ਦੀ ਜ਼ਰੂਰਤ ਹੈ। ਕੋਰੋਨਾ ਮਹਾਮਾਰੀ ਕਾਰਨ ਕੇਰਲ 'ਚ ਸੈਰ-ਸਪਾਟਾ ਉਦਯੋਗ 'ਤੇ ਕਰਾਰੀ ਸੱਟ ਵੱਜੀ ਹੈ। ਇਸ ਨੂੰ ਲੀਹ 'ਤੇ ਲਿਆਉਣਾ ਵੱਡੀ ਚੁਣੌਤੀ ਹੈ।



# ਕਿਸਾਨੀ ਅੰਦੋਲਨ: ਪਹਿਲੇ ਦਿਨ ਤੋਂ ਹੁਣ ਤੱਕ।

**ਗੁਰਿੰਦਰ ਸਿੰਘ**

ਜਦੋਂ ਤੋਂ ਕਿਸਾਨੀ ਅੰਦੋਲਨ ਸ਼ੁਰੂ ਹੋਇਆ ਹੈ, ਕਈ ਪੱਖਪਾਤਾਂ ਨੇ ਵੀ ਜਨਮ ਲਿਆ ਹੈ। ਇਸ ਵਿੱਚ ਕੋਈ ਦੋ ਰਾਏ ਨਹੀਂ ਕਿ ਜਿੱਥੇ ਬਲਬੀਰ ਸਿੰਘ ਰਾਜੇਵਾਲ ਵਰਗੇ ਆਗੂਆਂ ਨੇ ਕਿਸਾਨੀ ਅੰਦੋਲਨ ਨੂੰ ਇੱਕਮੁੱਠ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ, ਦੀਪ ਸਿੱਧੂ ਅਤੇ ਲੱਖਾ ਸਿਧਾਣਾ ਵਰਗੇ ਨੌਜਵਾਨ ਆਗੂਆਂ ਨੇ ਅੰਦੋਲਨ ਨੂੰ ਤੇਜ਼ੀ ਨਾਲ ਅੱਗੇ ਲੈ ਜਾਣ ਵਿੱਚ ਪੂਰਾ ਜ਼ੋਰ ਲਾਇਆ ਹੈ। ਪਰ ਹੁਣ ਹਾਲਾਤ ਪਹਿਲਾਂ ਵਰਗੇ ਨਹੀਂ ਰਹੇ। ਕੁਝ ਨੌਜਵਾਨਾਂ ਦਾ ਜ਼ਰੂਰਤ ਤੋਂ ਜ਼ਿਆਦਾ ਜੋਸ਼, ਕੁਝ ਨੌਜਵਾਨਾਂ ਦੀ ਰਾਜਨੀਤਿਕ ਦਖ਼ਲਅੰਦਾਜ਼ੀ ਕਰਕੇ ਗ਼ਲਤ ਰਸਤੇ ਪੈਣਾ ਅਤੇ ਸਭ ਤੋਂ ਵੱਧ ਸਰਕਾਰ ਦੀਆਂ ਕੋਝੀਆਂ ਚਾਲਾਂ ਕਾਰਨ ਅੰਦੋਲਨ ਸਮੇਂ ਸਮੇਂ ਤੇ ਕਾਫ਼ੀ ਡਗਮਗਾਇਆ ਹੈ। ਦੀਪ ਸਿੱਧੂ ਦੀ ਗੱਲ ਕਰੀਏ ਤਾਂ ਕਿਸਾਨੀ ਅੰਦੋਲਨ ਨੂੰ ਦਿੱਲੀ ਤੱਕ ਲੈ ਕੇ ਆਉਣ ਵਿੱਚ ਦੀਪ ਸਿੱਧੂ ਅਤੇ ਲੱਖਾ ਸਿਧਾਣਾ ਦੀ ਅਹਿਮ ਭੂਮਿਕਾ ਰਹੀ ਹੈ। ਪਰ 26 ਜਨਵਰੀ ਵਾਲੀ ਘਟਨਾ ਤੋਂ ਉਸਦੀ ਭੂਮਿਕਾ ਤੇ ਸ਼ੱਕ ਜਿਹਾ ਪੈਦਾ ਹੁੰਦਾ ਹੈ। ਉਸਦਾ ਕਾਰਨ ਹੈ ਕਿ ਕਿਸਾਨੀ ਆਗੂਆਂ ਦੇ ਨਾਲ ਚੱਲਣ ਦੀ ਬਜਾਏ, ਨੌਜਵਾਨਾਂ ਨੂੰ ਤਰਾਂ ਤਰਾਂ ਦੇ ਬਿਆਨ ਦੇ ਕੇ ਤੈਅ ਨੀਤੀ ਤੋਂ ਵੱਖ ਹੋ ਕੇ ਚੱਲਣਾ। ਜਦਕਿ ਅਜਿਹੇ ਨੌਜਵਾਨ ਲੀਡਰਾਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਨੌਜਵਾਨਾਂ ਦੇ ਜੋਸ਼ ਨੂੰ ਸਹੀ ਦਿਸ਼ਾ ਵਿੱਚ ਲਿਜਾਵੇ। ਬਲਬੀਰ ਸਿੰਘ ਰਾਜੇਵਾਲ ਦੀ ਗੱਲ ਕਰੀਏ ਤਾਂ ਇੱਕ ਸੁਲਝੇ ਹੋਏ ਗਿਆਨਵਾਨ ਆਗੂ ਵਾਂਗ ਸ਼ਾਂਤਮਈ ਅੰਦੋਲਨ ਨੂੰ ਸ਼ਾਂਤਮਈ ਢੰਗ ਨਾਲ ਚੱਲਦਾ ਰੱਖਣ ਵਿੱਚ ਬਹੁਤ ਅਹਿਮ ਭੂਮਿਕਾ ਰਹੀ ਹੈ। ਹਾਲਾਂਕਿ ਕਿਤੇ ਨਾ ਕਿਤੇ ਕਮੀਆਂ ਜ਼ਰੂਰ ਨਜ਼ਰ ਖਲਕੀਆਂ ਹਨ, ਜੋ ਕਿ ਐਨੇ ਵੱਡੇ ਅੰਦੋਲਨ ਵਿੱਚ ਹੋਣਾ ਸੁਭਾਵਿਕ ਜਾਂ ਆਮ ਗੱਲ ਹੈ। ਸਭ ਤੋਂ ਖ਼ਤਰਨਾਕ ਭੂਮਿਕਾ ਨਿਭਾਉਂਦਾ ਹੈ, ਬੀ. ਜੇ. ਪੀ. ਦਾ ਆਈ. ਟੀ. ਸੈੱਲ, ਜੋ ਕਿ ਫੇਸਬੁੱਕ ਅਤੇ ਟਵਿੱਟਰ ਵਰਗੇ ਸੋਸ਼ਲ ਮੀਡੀਆ ਦੇ ਵੱਡੇ ਪਲੇਟਫ਼ਾਰਮਾਂ ਉੱਤੇ ਬਣੇ ਨਕਲੀ ਜਾਂ ਦਿਹਾੜੀ ਉੱਤੇ ਰੱਖੇ ਬੰਦਿਆਂ ਦੇ ਬਣਾਏ ਖਾਤਿਆਂ ਰਾਹੀਂ ਕਿਸਾਨੀ ਆਗੂਆਂ ਅਤੇ ਦੀਪ ਸਿੱਧੂ ਹੋਰਾਂ ਖ਼ਿਲਾਫ਼ ਹੱਦ ਤੋਂ ਵੱਧ ਭੜਕਾਊ ਬਿਆਨਬਾਜ਼ੀ ਕਰ ਰਿਹਾ ਹੈ, ਜਿਸ ਨਾਲ ਕੜਵਾਹਟ ਪੈਦਾ ਹੋ ਰਹੀ ਹੈ। ਕੁਝ ਸਚਾਈ ਤੋਂ ਅਣਜਾਣ ਲੋਕ ਇਨਾਂ ਦੀ ਲਪੇਟ ਵਿੱਚ ਜ਼ਰੂਰ ਆਏ ਹਨ। ਲੋੜ ਹੈ ਅਜਿਹੀਆਂ ਭੜਕਾਊ ਪੋਸਟਾਂ ਤੋਂ ਬਚ ਕੇ ਰਹਿਣ ਦੀ। ਸਾਂਝੀ ਕੀਤੀ ਗ਼ਲਤ ਜਾਣਕਾਰੀ ਬਹੁਤ ਗ਼ਲਤ ਸਾਬਤ ਹੋ ਸਕਦੀ ਹੈ। ਕੁਝ ਵੀ ਅਜਿਹਾ ਸਾਂਝਾ ਕਰਨ ਤੋਂ ਪਹਿਲਾਂ ਉਸਦੀ ਆਪਣੇ ਤੌਰ 'ਤੇ ਜਾਂਚ ਜ਼ਰੂਰ ਕਰੋ। ਚਾਹੇ ਦੀਪ ਸਿੱਧੂ ਵਰਗੇ ਨੌਜਵਾਨਾਂ ਦਾ ਸਿਰਫ਼ ਇਹ ਜੋਸ਼ ਸੀ ਜਾਂ ਕਿਸੇ ਸਾਜ਼ਿਸ਼ ਦਾ ਕੋਈ ਹਿੱਸਾ ਜੋ ਲਾਲ ਕਿਲੇ ਤੇ ਜਾ ਪੁੱਜੇ, ਇਸ ਬਾਰੇ ਨਾਂ ਤਾਂ ਕੋਈ ਪੁਖ਼ਤਾ ਸਬੂਤ ਹਨ ਅਤੇ ਨਾਂ ਹੀ ਅਜਿਹਾ ਕੁਝ ਸਾਹਮਣੇ ਆਇਆ ਹੈ। ਪ੍ਰੰਤੂ ਇਹ ਘਟਨਾ ਨਹੀਂ ਹੋਣੀ ਚਾਹੀਦੀ ਸੀ। ਕਿਉਂਕਿ ਇਹ ਮਾਮਲਾ ਕਿਸੇ ਇੱਕ ਧਰਮ ਜਾਂ ਜਾਤ ਦਾ ਨਹੀਂ, ਬਲਕਿ ਹਰ ਇੱਕ ਵਰਗ ਦੀ ਹੋਂਦ ਦਾ ਜ਼ਰੂਰ ਹੈ ਅਤੇ ਇਹ ਮਾਮਲਾ ਪੂਰੇ ਵਿਸ਼ਵ ਵਿੱਚ ਪਹੁੰਚਿਆ ਹੈ। ਅਸੀਂ ਜੋਸ਼ ਵਿੱਚ ਉਹ ਕੰਮ ਕਰ ਬੈਠੇ ਜਿਸਦੀ ਵਿਰੋਧੀ ਉਡੀਕ ਕਰਦੇ ਸੀ। ਵਿਕਾਊ ਮੀਡੀਆ ਰਾਹੀਂ ਹਰ ਇੱਕ ਗੱਲ ਨੂੰ ਕੱਟ ਵੱਢ ਕੇ ਦਿਖਾਉਣਾ ਕੋਈ ਨਵੀਂ ਗੱਲ ਨਹੀਂ ਹੈ। ਉਸ ਤੋਂ ਵੱਧ ਅੰਨੇ ਭਗਤ ਜੋ ਕਿ ਇੱਥੋਂ ਤੱਕ ਆਖ ਰਹੇ ਹਨ ਕਿ ਸਾਨੂੰ ਰੋਟੀ ਦੀ ਲੋੜ ਨਹੀਂ ਬਸ ਮੋਦੀ ਚਾਹੀਦਾ, ਕੋਈ ਇਨਾਂ ਨੂੰ ਪੁੱਛੇ ਮੋਦੀ ਆ ਕੇ ਰੋਟੀ ਪਕਾ ਕੇ ਥੋਡੇ ਮੂੰਹ ਵਿਚ ਬੁਰਕੀਆਂ ਨੀ ਲੱਗਾ ਪਾਉਣ। ਬਹੁਤ ਸਾਰੇ ਨਿੱਕੇ ਨਿੱਕੇ ਮਸਲੇ ਹਨ ਜਿਹਨਾਂ ਨੂੰ ਲੈ ਕੇ ਆਗੂਆਂ ਨੂੰ ਸਿੱਧੇ ਤੌਰ 'ਤੇ ਨਿਸ਼ਾਨਾਂ ਬਣਾਇਆ ਜਾ ਰਿਹਾ ਹੈ। ਲੋੜ ਹੈ ਕਿ ਤੱਥਾਂ ਦੀ ਜਾਂਚ ਕਰਕੇ ਹੀ ਕੋਈ ਬਿਆਨਬਾਜ਼ੀ ਕੀਤੀ ਜਾਵੇ। ਇੱਕ ਲੜਕੀ ਨੌਦੀਪ ਕੌਰ ਜੋ ਕਿ ਮਜ਼ਦੂਰਾਂ ਦੇ ਹੱਕਾਂ ਲਈ ਹਮੇਸ਼ਾ ਆਵਾਜ਼ ਬੁਲੰਦ ਕਰਦੀ ਹੈ, ਦਿੱਲੀ ਦੀ ਕਿਸੀ ਫ਼ੈਕਟਰੀ ਵਿੱਚ ਮਜ਼ਦੂਰਾਂ ਦੇ ਵੇਤਨ ਸਬੰਧੀ ਲੜਾਈ ਲੜ ਰਹੀ ਸੀ, ਜਿਸ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਕੇ ਮੰਦਾ ਸਲੂਕ ਕੀਤਾ ਗਿਆ ਸੀ। ਮੁੱਦਾ ਇਹ ਨਹੀਂ ਕਿ ਇਸ ਮਾਮਲੇ ਦਾ ਕਿਸਾਨੀ ਅੰਦੋਲਨ ਜਾਂ ਕਿਸਾਨੀ ਆਗੂਆਂ ਨਾਲ ਕੋਈ ਲੈਣ ਦੇਣ ਹੈ ਜਾਂ ਨਹੀਂ, ਬਲਕਿ ਸੋਸ਼ਲ ਮੀਡੀਆ ਉੱਤੇ ਇਸ ਮੁੱਦੇ ਨੂੰ ਇਸ ਤਰਾਂ ਉਛਾਲਿਆ ਗਿਆ ਕਿ ਕਿਸਾਨ ਆਗੂ ਬਦਨਾਮ ਹੋ ਜਾਣ ਅਤੇ ਲੋਕਾਂ ਦਾ ਧਿਆਨ ਅੰਦੋਲਨ ਤੋਂ ਹੱਟ ਜਾਵੇ। ਸੋ ਅੰਤ ਵਿੱਚ ਅਪੀਲ ਇਹੀ ਹੈ ਕਿ ਕਿਸਾਨ ਅੰਦੋਲਨ ਕਿਸੇ ਇੱਕ ਬੰਦੇ ਜਾਂ ਆਗੂ ਦਾ ਨਹੀਂ ਬਲਕਿ ਸਭ ਦਾ ਸਾਂਝਾ ਹੈ। ਕਿਸੇ ਹੋਰ ਕਰ ਕੇ ਅੰਦੋਲਨ ਪ੍ਰਤੀ ਆਪਣੀ ਭਾਵਨਾ ਕਮਜ਼ੋਰ ਕਰ ਲੈਣੀ ਕੋਈ ਸਮਝਦਾਰੀ ਨਹੀਂ। ਇੱਕ ਹੋ ਕੇ ਲੜਾਂਗੇ ਤਾਂ ਹੀ ਇਹ ਜੰਗ ਜਿੱਤਾਂਗੇ।

**ਦੂਰ ਨਹੀਂ ਜਿੱਤ, ਜੇ ਲੜਾਂਗੇ ਇੱਕ ਮੁੱਠ,**
**ਆਜੋ ਹੋਈਏ ਇੱਕ ਜੁੱਟ,**
**ਆਜੋ ਹੋਈਏ ਇੱਕ ਜੁੱਟ।**

# 'ਯੁਵਾ ਕਿਸਾਨ ਦਿਵਸ'

**ਸੰਜੀਵ ਸਿੰਘ ਸੈਣੀ, ਮੋਹਾਲੀ**

ਦਿੱਲੀ ਦੀਆਂ ਬਰੂਹਾਂ ਤੇ 'ਯੁਵਾ ਕਿਸਾਨ ਦਿਵਸ' ਮਨਾਇਆ ਗਿਆ। ਜਿਸ ਵਿੱਚ ਵੱਡੇ ਪੱਧਰ ਤੇ ਨੌਜਵਾਨਾਂ ਨੇ ਸ਼ਿਰਕਤ ਕੀਤੀ। ਹੁਣ ਤੱਕ ਨੌਜਵਾਨਾਂ ਦਾ ਕਿਸਾਨੀ ਘੋਲ ਵਿੱਚ ਅਹਿਮ ਰੋਲ ਰਿਹਾ ਹੈ। ਸਟੇਜ ਤੇ ਸੰਘਰਸ਼ ਵਿੱਚ ਸ਼ਹੀਦ ਹੋਏ ਨਵਰੀਤ ਦੀ ਤਸਵੀਰ ਲਗਾਈ ਗਈ। ਸ਼ਹੀਦ ਹੋਏ ਨਵਰੀਤ ਤੇ ਹੋਰ ਸ਼ਹੀਦ ਕਿਸਾਨਾਂ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਜਦੋਂ ਦਿੱਲੀ ਦੀਆਂ ਬਰੂਹਾਂ 'ਤੇ ਟਰੈਕਟਰ ਮਾਰਚ ਕੱਢਿਆ ਗਿਆ ਤਾਂ ਨੌਜਵਾਨ ਪੀੜੀ ਸਭ ਤੋਂ ਅੱਗੇ ਸੀ। ਨੌਜਵਾਨਾਂ ਨੇ ਟਰੈਕਟਰ ਤੇ ਕੌਮੀ ਤਿਰੰਗੇ ਝੰਡੇ ਤੇ ਕੇਸਰੀ ਝੰਡੇ ਲਗਾਏ ਹੋਏ ਸਨ। ਹਰ ਟਰੈਕਟਰ ਦੇ ਉੱਪਰ 3 ਤੋਂ 5 ਤੱਕ ਨੌਜਵਾਨ ਬੈਠੇ ਹੋਏ ਸਨ। ਨੌਜਵਾਨਾਂ 'ਚ ਉਤਸ਼ਾਹ ਦੇਖਣ ਵਾਲਾ ਸੀ। ਜਿਹੜੇ ਸਿਆਸੀ ਕਿਸੇ ਸਮੇਂ ਪੰਜਾਬ ਦੀ ਜਵਾਨੀ ਨੂੰ ਨਸ਼ੇੜੀ ਕਹਿੰਦੇ ਸਨ, ਉਹ ਟਰੈਕਟਰ ਮਾਰਚ ਵਿੱਚ ਆ ਕੇ ਇਨਾਂ ਨੌਜਵਾਨਾਂ ਦਾ ਜੋਸ਼ ਵੇਖ ਲੈਂਦੇ। ਜਦੋਂ ਨਵੰਬਰ ਮਹੀਨੇ ਵਿੱਚ ਕਿਸਾਨਾਂ ਨੇ ਦਿੱਲੀ ਵੱਲ ਨੂੰ ਜਾਣਾ ਸੀ, ਤਾਂ ਹਰਿਆਣਾ ਬਾਡਰਾਂ ਤੇ ਸਰਕਾਰਾਂ ਵੱਲੋਂ ਕੀਤੀ ਗਈ ਬੈਰੀਕੇਡਿੰਗ ਨੂੰ ਹਟਾਉਣ ਵਿੱਚ ਇਨਾਂ ਨੌਜਵਾਨਾਂ ਦਾ ਵੱਡਾ ਯੋਗਦਾਨ ਸੀ। ਇਨਾਂ ਖੇਤੀ ਬਿੱਲਾਂ ਖ਼ਿਲਾਫ਼ ਅੱਜ ਦਾ ਨੌਜਵਾਨ ਜਾਗਰੂਕ ਹੋ ਚੁੱਕਿਆ ਹੈ। ਕਿਉਂਕਿ ਨੌਜਵਾਨਾ ਨੂੰ ਆਪਣਾ ਭਵਿੱਖ ਦਿੱਖ ਰਿਹਾ ਹੈ। ਨੌਜਵਾਨਾਂ ਨੇ ਰੁਜ਼ਗਾਰ ਦੀ ਫ਼ਿਕਰਮੰਦੀ ਜਤਾਈ। ਤੇ ਕਿਹਾ ਕਿ ਸਰਕਾਰ ਹਰ ਦਿਨ ਸਰਕਾਰੀ ਕੰਪਨੀਆਂ ਦਾ ਨਿੱਜੀਕਰਨ ਕਰ ਰਹੀ ਹੈ। ਬੈਂਕਾਂ ਦਾ ਨਿੱਜੀਕਰਨ ਕਰਕੇ ਲੋਕਾਂ ਦਾ ਰੁਜ਼ਗਾਰ ਖੁੱਸਿਆ ਹੈ। ਟੋਲ ਟੈਕਸਾਂ ਤੇ ਫਾਸਟ ਟੈਗ ਸੁਵਿਧਾ ਦੇ ਕੇ ਸਰਕਾਰ ਨੇ ਬਹੁਤ ਸਾਰੇ ਨੌਜਵਾਨ ਬੇਰੁਜ਼ਗਾਰ ਕਰ ਦਿੱਤੇ ਹਨ। ਅੱਜ ਸਰਕਾਰ ਦੀਆਂ ਅਜਿਹੀਆਂ ਨੀਤੀਆਂ ਕਾਰਨ ਪਾਸਪੋਰਟ ਦਫ਼ਤਰਾਂ ਦੇ ਬਾਹਰ ਨੌਜਵਾਨਾਂ ਦੀਆਂ ਲੰਮੀਆਂ-ਲੰਮੀਆਂ ਕਤਾਰਾਂ ਦੇਖਣ ਨੂੰ ਮਿਲ ਰਹੀਆਂ ਹਨ। ਖ਼ਾਸ ਕਰਕੇ ਪੰਜਾਬ ਦਾ ਨੌਜਵਾਨ ਵਿਦੇਸ਼ਾਂ ਨੂੰ ਉਡਾਰੀ ਮਾਰ ਰਿਹਾ ਹੈ। ਸਰਕਾਰ ਨੂੰ ਚਾਹੀਦਾ ਸੀ ਕਿ ਉਹ ਨੌਜਵਾਨਾਂ ਨੂੰ ਖੇਤੀ ਲਈ ਪ੍ਰੇਰਿਤ ਕਰਦੀ। ਪਰ ਸਰਕਾਰ ਨੂੰ ਕਾਰਪੋਰੇਟ ਘਰਾਣਿਆਂ ਦੀ ਬਹੁਤ ਫ਼ਿਕਰ ਹੈ। ਚੀਰਦੀ ਠੰਡ ਵਿਚ ਹਰੇਕ ਤਬਕੇ ਵੱਲੋਂ ਟਰੈਕਟਰ ਮਾਰਚ ਵਿੱਚ ਸ਼ਮੂਲੀਅਤ ਕੀਤੀ ਗਈ ਸੀ। ਦਿੱਲੀ ਦੀ ਬਰੂਹਾਂ ਤੇ ਬੈਠਿਆਂ ਕਿਸਾਨਾਂ ਨੂੰ ਤਕਰੀਬਨ 3 ਮਹੀਨੇ ਹੋ ਚੁੱਕੇ ਹਨ। 220 ਤੋਂ ਵੱਧ ਕਿਸਾਨਾਂ ਨੇ ਇਸ ਅੰਦੋਲਨ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਕਿਸਾਨਾਂ ਦਾ ਦਰਦ ਨਾ ਸਹਿੰਦਿਆਂ ਬਾਬਾ ਰਾਮ ਸਿੰਘ ਜੀ ਨੇ ਕਿਸਾਨ ਅੰਦੋਲਨ ਦੌਰਾਨ ਖ਼ੁਦਕੁਸ਼ੀ ਕੀਤੀ। ਸਰਕਾਰ ਦੇ ਅੜੀਅਲ ਵਤੀਰੇ ਕਾਰਨ ਹੋਰ ਵੀ ਕਈ ਕਿਸਾਨਾਂ ਨੇ ਆਤਮ ਹੱਤਿਆ ਕੀਤੀ ਹੈ। ਜੇ ਕੇਂਦਰ ਸਰਕਾਰ ਨੇ ਖੇਤੀ ਕਾਨੂੰਨ ਬਣਾਉਣੇ ਹਨ, ਤਾਂ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਸਲਾਹ ਮੁਤਾਬਿਕ ਬਣਾਏ ਜਾਣ। ਸਰਕਾਰਾਂ ਦਾ ਕਹਿਣਾ ਹੈ ਕਿ ਅਸੀਂ ਤਾਂ ਕਿਸਾਨ ਨੂੰ ਆਜ਼ਾਦ ਕਰ ਦਿੱਤਾ ਹੈ। 70 ਸਾਲਾਂ ਵਿੱਚ ਪਹਿਲੀ ਵਾਰ ਦੇਸ਼ ਦਾ ਅੰਨਦਾਤਾ ਅੱਜ ਆਪਣੇ ਹੱਕਾਂ ਲਈ ਸੜਕਾਂ ਤੇ ਆਇਆ ਹੈ। ਕਿਉਂਕਿ ਕਿਸਾਨ ਨੂੰ ਵਰਤਮਾਨ ਤੇ ਭਵਿੱਖ ਦੀ ਚਿੰਤਾ ਹੈ। ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਇਹ ਮਾਰੂ ਖੇਤੀ ਬਿੱਲ ਰੱਦ ਕਰ ਦੇਣੇ ਚਾਹੀਦੇ ਹਨ। ਤਾਂ ਜੋ ਕਿਸਾਨ ਖ਼ੁਸ਼ੀ ਖ਼ੁਸ਼ੀ ਘਰ ਵਾਪਸ ਆ ਕੇ ਦੇਸ਼ ਦੇ ਅੰਨ ਉਤਪਾਦਨ ਵਿਚ ਆਪਣਾ ਹੋਰ ਯੋਗਦਾਨ ਪਾ ਸਕੇ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE

FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE




YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਸ਼ਨਾਖ਼ਤ

## ਰੋਜ਼ੀ ਸਿੰਘ

ਉਸ ਨੇ ਕਾਨਿਆਂ ਅਤੇ ਕੱਖਾਂ ਨਾਲ ਬਣੀ ਆਪਣੀ ਕੁੱਲੀ ਵਿੱਚੋਂ ਟੇਢੀਆਂ ਹੀਆਂ ਵਾਲੀ, ਭੁੰਗ ਖਾਧੀ ਮੰਜੀ ਕੰਬਦੇ ਹੱਥਾਂ ਨਾਲ ਚੁੱਕੀ ਤੇ ਥੱਕੀਆਂ ਹੋਈਆਂ ਬੁੱਢੀਆਂ ਲੱਤਾਂ ਧੂਹਦਿਆਂ ਬਾਹਰ ਖੁੱਲੇ ਆਸਮਾਨ ਹੇਠ ਆ ਗਿਆ। ਗਰਮੀ ਖਾਸੀ ਸੀ। ਉਸ ਨੇ ਖੱਗੇ ਦੀ ਪੱਖੀ ਜਿਸ ਦੇ ਚਾਰ ਚੁਫੇਰੇ ਲੱਗੀ ਕੱਪੜੇ ਦੀ ਕਿਨਾਰੀ ਦੇ ਕੁਝ ਧਾਗੇ ਲਮਕ ਰਹੇ ਸਨ, ਹੌਲੀ-ਹੌਲੀ ਝੱਲਣੀ ਸ਼ੁਰੂ ਕੀਤੀ। ਕੁਝ ਦੇਰ ਬਾਅਦ ਹਵਾ ਦੇ ਰੁਮਕਣ ਨਾਲ ਗਰਮੀ ਤੋਂ ਕੁਝ ਖਲਾਸੀ ਹੋਈ ਤਾਂ ਉਸ ਨੇ ਢਾਬੇ ਤੋਂ ਲਿਆਂਦੀ ਦਾਲ ਤੇ ਫੁਲਕੇ ਝੁੱਗੀ ਵਿੱਚੋਂ ਲਿਆ ਆਪਣੇ ਅੱਗੇ ਰੱਖ ਕੇ ਖੋਲ ਲਏ। ਰੋਟੀ ਦੀ ਮਹਿਕ ਸੁੰਘ ਕੇ ਆਸ-ਪਾਸ ਦੀਆਂ ਝੁੱਗੀਆਂ ਤੋਂ ਕੁਝ ਕੁੱਤੇ ਉਸ ਦੀ ਮੰਜੀ ਲਾਗੇ ਆ ਬੈਠੇ। ਉਸ ਨੇ ਇੱਕ ਡੇਢ ਰੋਟੀ ਖਾਣ ਮਗਰੋਂ ਕੁਝ ਰੋਟੀਆਂ ਦੇ ਟੁਕੜੇ ਕੀਤੇ ਤੇ ਵਾਰੋ ਵਾਰੀ ਕੁੱਤਿਆਂ ਨੂੰ ਪਾ ਦਿੱਤੇ। ਇੱਕ ਵਾਰ ਫਿਰ ਉਹ ਡਿਗਦਾ ਢਹਿੰਦਾ ਕੁੱਲੀ ਦੇ ਅੰਦਰ ਗਿਆ। ਸ਼ਾਮ ਦੇ ਘੁਸਮੁਸੇ ਤੇ ਕੁੱਲੀ ਅੰਦਰਲੇ ਹਨੇਰੇ ਵਿੱਚੋਂ ਆਪਣੀਆਂ ਕਮਜ਼ੋਰ ਨਜ਼ਰਾਂ ਤੇ ਕੰਬਦੇ ਹੱਥਾਂ ਨਾਲ ਉਸ ਨੇ ਗਲਾਸ ਲੱਭ ਕੇ ਮੱਟ 'ਚੋਂ ਪਾਣੀ ਭਰ ਕੇ ਪੀਤਾ ਤੇ ਇੱਕ ਗਲਾਸ ਭਰ ਕੇ ਬਾਹਰ ਮੰਜੀ 'ਤੇ ਆ ਪਿਆ। ਉਸ ਨੇ ਤਾਰਿਆਂ ਨਾਲ ਭਰੇ ਆਸਮਾਨ ਵੱਲ ਤੱਕਿਆ ਤੇ ਕਿਸੇ ਸੋਚ ਵਿੱਚ ਚਲਾ ਗਿਆ। ਥੋੜੀ ਰਾਤ ਲੰਘੀ ਉਹ ਉੱਠਿਆ ਤੇ ਅੰਦਰ ਕੁੱਲੀ ਵਿੱਚ ਜਾ ਕੇ ਇੱਕ ਗੁਥਲੀ ਵਿੱਚ ਇੱਕ ਪੁਰਾਣੇ ਅਖ਼ਬਾਰ ਦੇ ਪੰਨੇ ਦੇ ਨਾਲ-ਨਾਲ ਜੋੜ ਕੇ ਰੱਖੇ ਕੁਝ ਪੈਸਿਆਂ ਨੂੰ ਟਟੋਲਣ ਲੱਗਾ। ਕੁਝ ਦੇਰ ਪੈਸੇ ਫਰੋਲਣ ਪਿੱਛੋਂ ਉਸ ਨੇ ਪਹਿਲਾਂ ਗੁਥਲੀ ਸੀਨੇ ਨਾਲ ਲਾਈ ਤੇ ਫਿਰ ਉੱਥੇ ਹੀ ਰੱਖ ਬਾਹਰ ਟੇਢੀਆਂ ਹੀਆਂ ਵਾਲੀ ਡੂੰਘੀ ਮੰਜੀ 'ਤੇ ਆਣ ਪਿਆ।

ਦਿੱਲੀ ਵਿੱਚ ਹੋਏ ਨਸਲੀ ਫਸਾਦਾਂ ਵਿੱਚ ਆਪਣੇ ਦੋਵੇਂ ਪੁੱਤਰ ਤੇ ਇੱਕ ਧੀ ਗੁਆਉਣ ਮਗਰੋਂ ਉਹ ਆਪਣੀ ਬਿਮਾਰ ਤੇ ਬੁੱਢੀ ਪਤਨੀ ਨਾਲ ਪੰਜਾਬ ਦੇ ਇੱਕ ਪਿੰਡ ਆ ਗਿਆ ਸੀ ਜਿੱਥੇ ਪਿੰਡ ਵਾਲਿਆਂ ਨੇ ਉਸ ਨੂੰ ਇੱਕ ਪੁਰਾਣੀ ਮਸੀਤ ਵਿੱਚ ਰਹਿਣ ਲਈ ਜਗਾ ਦੇ ਦਿੱਤੀ। ਮਾਹੌਲ ਸ਼ਾਂਤ ਹੋਣ 'ਤੇ ਉਹ ਆਪਣੀ ਬਿਮਾਰ ਪਤਨੀ ਨਾਲ ਪਤਾ ਨਹੀਂ ਕਿੰਨੀ ਵਾਰ ਦਿੱਲੀ ਦੇ ਮੁਰਦਾਘਰਾਂ ਵਿੱਚ ਲਾਸ਼ਾਂ ਦੇ ਢੇਰਾਂ 'ਚੋਂ ਆਪਣੇ ਲਾਲਾਂ ਦੀਆਂ ਲਾਸ਼ਾਂ ਦੀ ਸ਼ਨਾਖ਼ਤ ਕਰਨ ਗਿਆ ਸੀ, ਪਤਾ ਨਹੀਂ ਕਿੰਨੀ ਵਾਰ... ਪਰ...!

ਉਹ ਦਿਨ ਇੰਨੇ ਭਿਆਨਕ ਸਨ ਕਿ ਲੋਥਾਂ ਵੀ ਬੇਪਛਾਣ ਹੋ ਗਈਆਂ ਸਨ। ਕੁਝ ਮਹੀਨਿਆਂ ਤੱਕ ਉਹ ਆਪਣੇ ਬੱਚਿਆਂ ਦੇ ਜਿਉਂਦੇ ਹੋਣ ਦਾ ਭਰਮ ਪਾਲਦਿਆਂ ਸਰਕਾਰੀ ਰਜਿਸਟਰਾਂ 'ਚ ਆਪਣੇ ਬੱਚਿਆਂ ਦੇ ਨਾਵਾਂ ਦਾ ਇੰਦਰਾਜ ਕਰਵਾਉਂਦੇ ਰਹੇ। ਇਸ ਆਸ 'ਤੇ ਕਿ ਸ਼ਾਇਦ ਕਦੀ ਉਸ ਦੇ ਪੁੱਤਰ ਕਿਧਰੋਂ ਹਵਾ ਵਾਂਗ ਇਕਦਮ ਆ ਜਾਣ ਤੇ ਉਨਾਂ ਦੇ ਮੋਢਿਆਂ 'ਤੇ ਪਿਆ ਉਮਰਾਂ ਦਾ ਭਾਰ ਲਾਹ ਕੇ ਪਰਾਂ ਵਗਾਹ ਮਾਰਨ। ਇਸ ਆਸ ਵਿੱਚ ਪਤਾ ਨਹੀਂ ਕਿੰਨੇ ਵਰੇ ਲੰਘ ਗਏ।

ਸਵੇਰ ਹੋਈ। ਉਸ ਨੇ ਝੁੱਗੀ ਦੇ ਬਾਹਰ ਖੜੇ ਆਪਣੇ ਰਿਕਸ਼ੇ ਨੂੰ ਟਾਕੀ ਮਾਰਨੀ ਸ਼ੁਰੂ ਕੀਤੀ ਜੋ ਉਸ ਨੇ ਸ਼ਹਿਰ ਦੇ ਸਾਈਕਲ ਸਟੋਰ ਦੇ ਮਾਲਕਾਂ ਤੋਂ ਵੀਹ ਰੁਪਏ ਰੋਜ਼ਾਨਾ ਦੇ ਕਿਰਾਏ 'ਤੇ ਲਿਆ ਹੋਇਆ ਸੀ ਜਿਸ ਨੂੰ ਸਾਰਾ ਦਿਨ ਚਲਾ ਸਵਾਰੀਆਂ ਢੋਂਹਦਾ ਉਹ ਆਪਣਾ ਪੇਟ ਪਾਲਦਾ ਅਤੇ ਉਸ ਵਿੱਚੋਂ ਕੁਝ ਪੈਸੇ ਜੋੜ ਕੇ ਰੱਖ ਲੈਂਦਾ, ਖੌਰੇ ਕਿਸ ਵਾਸਤੇ? ਟਾਕੀ ਮਾਰਦਿਆਂ ਉਸ ਦਾ ਧਿਆਨ ਰਿਕਸ਼ੇ ਦੇ ਪਿਛਲੇ ਪੈਂਚਰ ਹੋ ਚੁੱਕੇ ਟਾਇਰ 'ਤੇ ਪਿਆ। ਉਸ ਨੂੰ ਇਕਦਮ ਧੱਕਾ ਲੱਗਾ ਜਿਵੇਂ ਉਸ ਦੀ ਕੱਲ ਦੀ ਕਮਾਈ ਬੇਕਾਰ ਚਲੀ ਗਈ ਹੋਵੇ। ਕੱਲ ਦੀ ਕਮਾਈ ਵਿਚੋਂ ਕਿਰਾਇਆ ਅਤੇ ਰੋਟੀ ਦਾ ਖ਼ਰਚਾ ਕੱਟ ਕੇ ਪੰਦਰਾਂ ਰੁਪਏ ਬਚੇ ਸਨ। ਉਸ ਨੇ ਝੁੱਗੀ ਦਾ ਛੱਪਰ ਹੇਠਾਂ ਕੀਤਾ ਤੇ ਜੋੜ ਕੇ ਰੱਖੇ ਪੈਸਿਆਂ ਵਾਲੀ ਗੁਥਲੀ ਪਜਾਮੇ ਦੇ ਨਾਲੇ ਨਾਲ ਬੰਨ ਕੇ ਨੇਗ ਵਿੱਚ ਅੜਾ, ਰਿਕਸ਼ਾ ਰੇੜਦਾ ਟੁਰ ਪਿਆ। ਪੈਂਚਰ ਲੁਆ ਕੇ ਪੈਸੇ ਪੈਂਚਰ ਵਾਲੇ ਨੂੰ ਫੜਾਏ ਤੇ ਸਵਾਰੀਆਂ ਦੀ ਭਾਲ ਵਿੱਚ ਬੱਸ ਅੱਡੇ ਵੱਲ ਵਧ ਗਿਆ। ਸ਼ਾਮ ਤੱਕ ਬੱਸ ਅੱਡੇ ਤੋਂ ਕਚਹਿਰੀਆਂ ਤੇ ਉੱਥੋਂ ਰੇਲਵੇ ਸਟੇਸ਼ਨ, ਹਸਪਤਾਲ ਆਦਿ ਦੇ ਫੇਰੇ ਲਾਉਂਦਾ ਉਹ ਥੱਕ ਕੇ ਚੂਰ ਹੋ ਜਾਂਦਾ। ਉਹ ਜਦ ਵੀ ਬੱਸ ਅੱਡੇ ਜਾਂਦਾ ਤਾਂ ਵਾਰ-ਵਾਰ ਕੰਡਕਟਰਾਂ ਡਰਾਈਵਰਾਂ ਨੂੰ ਪੁੱਛਦਾ ਰਹਿੰਦਾ 'ਦਿੱਲੀ ਦਾ ਕਿੰਨਾ ਕਿਰਾਇਆ ਬਾਊ ਜੀ?' ਉਸ ਨੇ ਕਈ ਵਾਰ ਰੇਲਵੇ ਸਟੇਸ਼ਨ ਦੇ ਟਿਕਟ ਮਾਸਟਰ ਤੋਂ ਪੁੱਛਿਆ ਸੀ, 'ਦਿੱਲੀ ਦੇ ਭਲਾ ਕਿੰਨੇ ਲੱਗਦੇ ਨੇ ਬਾਬੂ ਜੀ...?' ਤੇ ਅੱਗੋਂ ਕਦੇ ਕਦੇ ਆਵਾਜ਼ ਆਉਂਦੀ, 'ਚਾਰ ਸੌ ਬਾਬਾ ਆਉਣ ਜਾਣ ਦੇ।'

ਹੁਣ ਉਸ ਵਿੱਚ ਪਹਿਲਾਂ ਵਾਲੀ ਫੁਰਤੀ ਨਹੀਂ ਸੀ ਰਹੀ। ਘਰ ਵਾਪਸੀ 'ਤੇ ਉਹ ਮਸਾਂ ਹੀ ਰਿਕਸ਼ੇ ਦੇ ਪੈਡਲ ਮਾਰਦਾ। ਰਸਤੇ ਵਿੱਚ ਰਿਕਸ਼ਾ ਮਾਲਕਾਂ ਨੂੰ ਵੀਹ ਰੁਪਏ ਫੜਾ, ਨਾਲ ਵਾਲੇ ਢਾਬੇ ਤੋਂ ਦਾਲ ਫੁਲਕਾ ਤੇ ਪਿਆਜ਼ਾਂ ਦੀ ਚਟਨੀ ਲੈ ਲੈਂਦਾ। ਪਤਾ ਨਹੀਂ ਉਸ ਨੇ ਕਿੰਨੇ ਚਿਰ ਤੋਂ ਕਿਸੇ ਹੋਰ ਸ਼ੈਅ ਦਾ ਸੁਆਦ ਤੱਕ ਵੀ ਚੱਖਿਆ ਸੀ ਜਾਂ ਨਹੀਂ। ਰਿਕਸ਼ਾ ਇੱਕ ਪਾਸੇ ਲਾ ਉਹ ਕੰਬਦੇ ਹੱਥਾਂ ਨਾਲ ਟੇਢੀਆਂ ਹੀਂਆਂ ਵਾਲੀ ਭੁੰਗ ਖਾਧੀ ਮੰਜੀ ਚੁੱਕ ਬੁੱਢੀਆਂ ਥੱਕ ਚੁੱਕੀਆਂ ਲੱਤਾਂ ਧਰੂੰਹਦਾ ਬਾਹਰ ਖੁੱਲੇ ਆਕਾਸ਼ ਹੇਠ ਆ ਬੈਠਾ ਤੇ ਢਾਬੇ ਤੋਂ ਲਿਆਂਦੀਆਂ ਦਾਲ ਰੋਟੀਆਂ ਆਪਣੇ ਅੱਗੇ ਰੱਖ ਖਾਣ ਲੱਗਾ। ਇਸ ਤਰਾਂ ਉਹ ਪਿਛਲੇ ਕਈ ਚਿਰਾਂ ਤੋਂ ਕਰਦਾ ਆ ਰਿਹਾ ਸੀ। ਉਸ ਨੂੰ ਰੋਟੀ ਖਾਂਦੇ-ਖਾਂਦੇ ਅੱਜ ਆਪਣੇ ਪੁਰਾਣੇ ਖ਼ੁਸ਼ਹਾਲ ਦਿਨਾਂ ਦੀ ਯਾਦ ਆ ਗਈ। ਦੰਗਿਆਂ ਤੋਂ ਪਹਿਲਾਂ ਉਸ ਦੇ ਪੁੱਤਰ ਉਸ ਨੂੰ ਬਿਸਤਰਾ ਤੱਕ ਆਪ ਨਹੀਂ



ਸਨ ਵਿਛਾਉਣ ਦਿੰਦੇ। ਉਸ ਦੀ ਧੀ ਤਾਜ਼ੀਆਂ-ਤਾਜ਼ੀਆਂ ਮਹਿਕਾਂ ਛੱਡਦੀਆਂ ਸਬਜ਼ੀਆਂ ਭਾਜੀਆਂ ਬਣਾਂ ਕੇ ਘਿਓ ਵਿੱਚ ਨੁੱਚੜਦੇ ਫੁਲਕੇ ਸਾਰੇ ਟੱਬਰ ਤੋਂ ਪਹਿਲਾਂ ਉਸ ਨੂੰ ਲਿਆ ਦਿੰਦੀ। ਬਾਜ਼ਾਰ ਵਿੱਚ ਜਿਹੜਾ ਵੀ ਫ਼ਲ ਨਵਾਂ ਆਉਂਦਾ ਉਸ ਦੇ ਪੁੱਤਰ ਸ਼ਾਮ ਨੂੰ ਕੰਮ ਤੋਂ ਆਉਂਦੇ ਆਪਣੇ ਮਾਪਿਆਂ ਲਈ ਲੈ ਆਉਂਦੇ। ਕਿੰਨਾ ਪਿਆਰ ਕਰਦੇ ਸੀ ਤੇ ਸੇਵਾ ਵੀ ਕਿੰਨੀ। ਚਾਰ-ਚੁਫੇਰੇ ਖ਼ੁਸ਼ੀਆਂ ਹੀ ਖ਼ੁਸ਼ੀਆਂ ਪਈਆਂ ਖੇਡਦੀਆਂ।

ਦਿੱਲੀ ਵਿੱਚ ਉਨਾਂ ਦਾ ਆਪਣਾ ਕੰਮ ਸੀ ਬਿਜਲੀ ਦਾ ਸਾਮਾਨ ਬਣਾਉਣ ਦੀ ਇੱਕ ਦਰਮਿਆਨੀ ਜਿਹੀ ਦੁਕਾਨ। ਪੁੱਤਰ ਨੇਕ ਸਨ ਤੇ ਦੋਵਾਂ ਨੇ ਪਿਓ ਦੇ ਕੰਮ ਨੂੰ ਸੰਭਾਲਣ ਦੇ ਨਾਲ-ਨਾਲ ਵਾਹਵਾ ਵਧਾ ਲਿਆ ਸੀ। ਘਰ ਵਿੱਚ ਹਰ ਸ਼ੈਅ ਉਪਲਬਧ ਸੀ। ਉਹ ਆਪਣੇ ਪਿਓ ਨੂੰ ਹੁਣ ਮਾਸਾ ਕੰਮ ਨਾ ਕਰਨ ਦਿੰਦੇ ਕਿਉਂਕਿ ਜਦ ਉਹ ਪੰਜਾਬ ਤੋਂ ਆਪਣੀ ਤਿੰਨ ਕਿੱਲੇ ਜ਼ਮੀਨ ਵੇਚ ਕੇ ਦਿੱਲੀ ਗਿਆ ਸੀ ਤਾਂ ਉਸ ਨੇ ਤੇ ਉਸ ਦੀ ਪਤਨੀ ਨੇ ਆਪਣੇ ਬੱਚਿਆਂ ਨੂੰ ਪੜਾਉਣ ਵਾਸਤੇ ਦਿਨ ਰਾਤ ਇੱਕ ਕਰਕੇ ਮਿਹਨਤ ਕੀਤੀ ਸੀ। ਇੱਕ ਛੋਟੀ ਜਿਹੀ ਦੁਕਾਨ ਤੋਂ ਉਸ ਨੇ ਆਪਣੇ ਬੱਚਿਆਂ ਨੂੰ ਵੱਡਿਆਂ ਕੀਤਾ ਤੇ ਪੜਾਇਆ ਲਿਖਾਇਆ। ਉਸ ਦੇ ਪੁੱਤਰਾਂ ਨੇ ਉਸ ਦੀ ਦੁਕਾਨ ਨੂੰ ਵੱਡਾ ਰੂਪ ਦੇ ਦਿੱਤਾ ਸੀ। ਦੋ ਪੁੱਤਰਾਂ ਤੇ ਇੱਕ ਧੀ ਨਾਲ ਉਹ ਆਪਣੇ ਸੰਸਾਰ ਵਿੱਚ ਖ਼ੁਸ਼ੀਆਂ ਹੰਢਾਅ ਰਿਹਾ ਸੀ। ਧੀ ਦੀ ਮੰਗਣੀ ਵੀ ਉਸ ਨੇ ਲੋਹਾ ਫ਼ੈਕਟਰੀ ਵਿੱਚ ਮੈਨੇਜਰ ਲੱਗੇ ਇੱਕ ਗੁਰਸਿੱਖ ਮੁੰਡੇ ਨਾਲ ਕਰ ਦਿੱਤੀ ਸੀ ਤੇ ਕੁਝ ਦਿਨਾਂ ਤੱਕ ਉਸ ਦਾ ਵਿਆਹ ਕਰਨਾ ਸੀ, ਪਰ ਇੱਕ ਦਿਨ ਉਸ ਦੇ ਹੱਸਦੇ-ਵੱਸਦੇ ਘਰ ਨੂੰ ਹਨੇਰੇ ਨੇ ਆ ਦਬੋਚਿਆ। ਉਸ ਦੇ ਦੋਵੇਂ ਪੁੱਤਰ ਦੁਕਾਨ 'ਤੇ ਸਨ ਤੇ ਧੀ ਕਾਲਜ। ਫ਼ਿਰਕੂ ਤੁਅੱਸਬੀਆਂ ਦਾ ਹਜੂਮ ਉਸ ਦੇ ਨਾਲ-ਨਾਲ ਕਈ ਹੋਰ ਪਰਿਵਾਰਾਂ 'ਤੇ ਕਹਿਰ ਢਾਹ ਰਿਹਾ ਸੀ। ਨੰਗੀਆਂ ਕਿਰਪਾਨਾਂ, ਦਾਤਰ, ਲੋਹਾ ਦਾਗਦੀਆਂ ਬੰਦੂਕਾਂ, ਇਨਸਾਨੀਅਤ ਨੂੰ ਤਾਰ-ਤਾਰ ਕਰ ਰਹੀਆਂ ਸਨ।

ਹਰ ਤਰਫ਼ ਜਿਵੇਂ ਅੱਗ ਲੱਗ ਗਈ। ਜਿਉਂਦੇ ਲੋਕਾਂ ਦੇ ਸੜਦੇ ਮਾਸ ਦੀ ਗੰਧ ਗਲੀਆਂ ਵਿੱਚ ਫੈਲ ਗਈ। ਨਾਲੀਆਂ ਵਿੱਚ ਲਾਲ ਰੰਗ ਦਾ ਪਾਣੀ ਵਹਿਣ ਲੱਗਾ। ਮੌਤ ਦਾ ਸਹਿਮ ਲੋਕਾਂ ਦੇ ਮਨਾਂ ਵਿੱਚ ਧਸ ਗਿਆ। ਜਦ ਉਸ ਦੇ ਗੁਆਂਢ ਰਹਿੰਦੇ ਇੱਕ ਭਲੇ ਹਿੰਦੂ ਪਰਿਵਾਰ ਨੇ ਉਸ ਨੂੰ ਤੇ ਉਸ ਦੀ ਪਤਨੀ ਨੂੰ ਆਪਣੇ ਮਕਾਨ ਅੰਦਰ ਸ਼ਰਨ ਦਿੱਤੀ, ਉਨਾਂ ਦਾ ਆਪਣਾ ਘਰ ਉਨਾਂ ਦੀਆਂ ਅੱਖਾਂ ਮੂਹਰੇ ਸੁਆਹ ਹੋ ਚੁੱਕਾ ਸੀ। ਗੁਆਂਢੀਆਂ ਨੇ ਉਨਾਂ ਨੂੰ ਕਿਸੇ ਹੀਲੇ ਸਟੇਸ਼ਨ ਤੱਕ ਪਹੁੰਚਾਇਆ। ਉਦੋਂ ਤੱਕ ਉਸ ਦੀ ਪਤਨੀ ਆਪਣੀ ਔਲਾਦ ਦੇ ਫ਼ਿਕਰ ਵਿੱਚ ਗੁੰਮ ਹੋ ਚੁੱਕੀ ਸੀ।

ਆਪਣਾ ਪਰਿਵਾਰ, ਘਰਬਾਰ, ਸਭ ਕੁਝ ਗੁਆ ਕੇ ਪੰਜਾਬ ਪੁੱਜੇ ਤਾਂ ਉਸ ਨੂੰ ਇਹ ਧਰਤੀ ਵੀ ਬੇਗਾਨੀ ਜਿਹੀ ਜਾਪੀ ਕਿਉਂ ਜੋ ਕੁਝ ਬਣਨ ਦੀ ਚਾਹ ਕਾਰਨ ਉਹ ਆਪਣੀ ਕੁਝ ਟੋਟੇ ਜ਼ਮੀਨ ਤਾਂ ਪਹਿਲਾਂ ਹੀ ਵੇਚ ਗਿਆ ਸੀ। ਹੁਣ ਉਨਾਂ ਦੇ ਪੱਲੇ ਸਿਸਕੀਆਂ ਤੋਂ ਸਿਵਾਇ ਕੁਝ ਨਹੀਂ ਸੀ। ਪਿੰਡ ਵਾਲਿਆਂ ਨੇ ਤਰਸ ਦੇ ਆਧਾਰ 'ਤੇ ਉਸ ਨੂੰ ਇੱਕ ਪੁਰਾਣੀ ਮਸੀਤ ਵਿੱਚ ਪਨਾਹ ਦੇ ਦਿੱਤੀ ਜਿੱਥੇ ਉਹ ਆਪਣੀ ਬਿਮਾਰ ਗੁੰਮ ਹੋ ਚੁੱਕੀ ਪਤਨੀ ਨਾਲ ਦਿਨ ਕਟੀ ਕਰਦਾ ਰਿਹਾ। ਲੋਕਾਂ ਦੇ ਖੇਤਾਂ ਵਿੱਚ ਕੰਮ ਕਰਕੇ ਦੋ ਵਕਤ ਦੀ ਰੋਟੀ ਮਿਲਦੀ। ਹਾਲਾਤ ਕੁਝ ਸੁਧਰਨ ਪਿੱਛੋਂ ਦਿੱਲੀ ਦੇ ਫੇਰੇ ਮਾਰ ਮਾਰ ਉਨਾਂ ਦਾ ਬਚਿਆ-ਖੁਚਿਆ ਸਰਮਾਇਆ ਵੀ ਖ਼ਰਚ ਹੋ ਗਿਆ ਜਿਸ ਵਿੱਚ ਉਸ ਦੀ ਪਤਨੀ ਦੀਆਂ ਵਾਲੀਆਂ, ਦੋ ਚੂੜੀਆਂ ਤੇ ਉਸ ਦੇ ਆਪਣੇ ਹੱਥ ਪਾਈ ਮੁੰਦਰੀ ਸ਼ਾਮਲ ਸਨ ਜੋ ਉਨਾਂ ਦਿੱਲੀ ਤੋਂ ਆਉਣ ਸਮੇਂ ਪਾਈਆਂ ਹੋਈਆਂ ਸਨ। ਉਨਾਂ ਨੂੰ ਕਿਧਰੋਂ ਵੀ ਕੋਈ ਖ਼ਬਰ ਮਿਲਦੀ ਜਾਂ ਕਿਸੇ ਲਾਵਾਰਿਸ ਲਾਸ਼ ਦੀ ਸ਼ਨਾਖ਼ਤ ਬਾਰੇ ਅਖ਼ਬਾਰ, ਰੇਡੀਓ, ਟੀ.ਵੀ. 'ਤੇ ਪਤਾ ਲੱਗਦਾ ਉਹ ਪਿੰਡ ਵਾਲਿਆਂ ਤੋਂ ਪੈਸੇ ਫੜ ਓਧਰ ਨੂੰ ਟੁਰ ਪੈਂਦੇ।

ਉਸ ਨੂੰ ਉਹ ਦਿਨ ਵੀ ਯਾਦ ਆਇਆ ਜਦ ਸਾਲਾਂ-ਬੱਧੀ ਆਪਣੇ ਅੰਦਰ ਆਪਣੀ ਔਲਾਦ ਦੇ ਦੁੱਖ ਨੂੰ ਗੁੰਮ-ਸੁੰਮ ਹੰਢਾਉਂਦੀ ਉਸ ਦੀ ਪਤਨੀ ਨੇ ਆਖ਼ਰੀ ਵਾਰ ਕਿਹਾ ਸੀ 'ਹਾਏ ਮੇਰੇ ਬੱਚੇ' ਤੇ ਸਦਾ ਲਈ ਗੁੰਮ ਹੋ ਗਈ। ਕਈ ਮਹੀਨੇ ਉਹ ਗੁੰਮ ਰਹੀ ਸੀ। ਜਦੋਂ ਕੋਈ ਗੱਲ ਚੇਤੇ ਆਉਂਦੀ ਤਾਂ ਬਸ ਉਸ ਦੀਆਂ ਅੱਖਾਂ ਦੇ ਕੋਏ ਭਰ ਆਉਂਦੇ ਜਿਸ ਜ਼ੁਬਾਨ ਤੋਂ ਉਸ ਨੇ ਆਪਣੀ ਧੀ ਦੇ ਸੁਹਾਗ ਗਾਉਣੇ ਸੀ, ਪੁੱਤਰਾਂ ਦੀਆਂ ਘੋੜੀਆਂ ਗਾਉਣੀਆਂ ਸਨ ਉਹ ਸਦਾ ਲਈ ਗੂੰਗੀ ਹੋ ਚੁੱਕੀ ਸੀ। ਜਿਨਾਂ ਅੱਖਾਂ ਨੇ ਪੁੱਤਰਾਂ ਦੀ ਜੰਞ ਚੜਦੀ ਤੱਕਣੀ ਸੀ ਉਨਾਂ ਅੱਖਾਂ ਨਾਲ ਉਸ ਨੇ ਮੌਤ ਦੇ ਅੰਗਿਆਰ ਤੱਕੇ ਸਨ। ਆਖ਼ਰ ਉਹ ਕਿੰਨਾ ਚਿਰ ਔਲਾਦ ਦੇ ਵਿਛੋੜੇ ਦੇ ਨਾਸੂਰ ਨੂੰ ਆਪਣੇ ਵਜੂਦ ਵਿੱਚ ਲੁਕੋਈ ਰੱਖਦੀ? ਸਭ ਕੁਝ ਤਾਂ ਤਬਾਹ ਹੋ ਚੁੱਕਾ ਸੀ। ਅੰਤਲੇ ਸਮੇਂ ਉਸ ਦੀ ਗੂੰਗੀ ਜ਼ੁਬਾਨ ਵਿੱਚੋਂ ਏਨਾ ਹੀ ਨਿਕਲਿਆ 'ਹਾਏ ਮੇਰੇ ਬੱਚੇ!'

ਸੋਚਦਿਆਂ ਉਸ ਦੇ ਹੱਥ ਫੜੀ ਗਰਾਹੀ ਥੱਲੇ ਡਿਗ ਪਈ। ਉਸ ਦੀਆਂ ਅੱਖਾਂ ਵਿੱਚੋਂ ਦੋ ਮੋਟੇ-ਮੋਟੇ ਗਲੇਡੂ ਕਿਰ ਕੇ ਉਸ ਦੀ ਚਿੱਟੀ ਘਸਮੈਲ਼ੀ ਦਾੜੀ ਵਿੱਚ ਗੁਆਚ ਗਏ। ਆਸ-ਪਾਸ ਦੀਆਂ ਝੁੱਗੀਆਂ ਦੇ ਕੁੱਤੇ ਰੋਟੀਆਂ ਦੀ ਮਹਿਕ ਸੁੰਘ ਕੇ ਉਸ ਦੀ ਮੰਜੀ ਕੋਲ ਆ ਬੈਠੇ। ਉਸ ਨੇ ਰੋਟੀਆਂ ਦੇ ਟੁਕੜੇ ਕੀਤੇ ਤੇ ਵਾਰੋ ਵਾਰੀ ਕੁੱਤਿਆਂ ਨੂੰ ਪਾ ਦਿੱਤੇ ਅਤੇ ਅੰਦਰੋਂ ਗਲਾਸ ਫੜ ਮੱਟ ਵਿੱਚੋਂ ਪਾਣੀ ਦਾ ਭਰ ਕੇ ਮੂੰਹ 'ਤੇ ਛਿੱਟੇ ਮਾਰ ਮੰਜੀ 'ਤੇ ਆ ਪਿਆ। ਉਹ ਅੱਜ ਕੁਝ ਜ਼ਿਆਦਾ ਹੀ ਬੇਚੈਨ ਲੱਗ ਰਿਹਾ ਸੀ। ਬਾਹਰ ਦੀ ਗਰਮੀ ਨਾਲੋਂ ਉਸ ਨੂੰ ਆਪਣੇ ਅੰਦਰ ਧੁਖਦੀ ਅੱਗ ਦਾ ਸੇਕ ਵਧੇਰੇ ਸਾੜ ਰਿਹਾ ਸੀ। ਆਪਣੇ ਅੰਦਰ ਵਸੀ ਤੜਪ, ਗਰਮੀ ਤੇ ਮੱਛਰਾਂ ਨਾਲ ਲੜਦਾ ਉਹ ਕੁਝ ਦੇਰ ਲਈ ਨੀਂਦ ਦੇ ਆਗੋਸ਼ ਵਿੱਚ ਚਲਾ ਗਿਆ।

ਇੱਕ ਪਹਿਰ ਰਾਤ ਲੰਘਿਆਂ ਉਹ ਇਕਦਮ ਉੱਠਿਆ ਤੇ ਕੁੱਲੀ ਦੇ ਅੰਦਰ ਮੁੜਕੇ ਨਾਲ ਭਿੱਜੇ ਕੁੜਤੇ ਦੀ ਵੱਖੀ ਵਾਲੀ ਜੇਬ ਵਿਚੋਂ ਮੈਲੀ ਜਿਹੀ ਗੁਥਲੀ ਖੋਲੀ। ਝੁੱਗੀ ਦੇ ਕਾਨਿਆਂ ਦੀ ਵਿਰਲ ਰਾਹੀਂ ਸੜਕ ਕੰਢੇ ਮਿਊਂਸਿਪਲ ਕਮੇਟੀ ਵੱਲੋਂ ਲਗਾਏ ਵੱਡੇ ਬਲਬ ਦੀ ਅੰਦਰ ਆਉਂਦੀ ਨਾਂ-ਮਾਤਰ ਲੋਅ ਵਿੱਚ ਨਿਰਾਸ਼ ਨਿਗਾਹਾਂ ਨਾਲ ਇਸ ਨੂੰ ਤੱਕਦਾ, ਉਹ ਕੰਬਦੇ ਹੱਥਾਂ ਨਾਲ ਪੈਸੇ ਗਿਣਨ ਲੱਗਾ। ਬੇਜਾਨ ਜਿਹੇ ਕੁਝ ਨੋਟਾਂ ਅਤੇ ਸਿੱਕਿਆਂ ਸਮੇਤ ਕੁੱਲ ਇੱਕ ਸੌ ਪਚਾਸੀ ਰੁਪਏ ਅਤੇ ਪੁਰਾਣੀ ਅਖ਼ਬਾਰ ਦਾ ਇੱਕ ਪੰਨਾ ਗੁਥਲੀ ਵਿੱਚ ਸੀ। ਉਸ ਨੇ ਗੁਥਲੀ ਜੇਬ ਵਿੱਚ ਰੱਖੀ ਤੇ ਬਾਹਰ ਮੰਜੀ 'ਤੇ ਆ ਪਿਆ।

ਪਤਨੀ ਦੀ ਮੌਤ ਤੋਂ ਬਾਅਦ ਉਹ ਪਿੰਡ ਛੱਡ ਕੇ ਸ਼ਹਿਰ ਆ ਗਿਆ ਸੀ। ਨਾਲੇ ਪਿੰਡ ਉਸ ਦਾ ਰਹਿ ਵੀ ਕੌਣ ਗਿਆ ਸੀ। ਪਿੰਡ ਤਾਂ ਕੀ, ਉਸ ਦਾ ਤਾਂ ਕਿਤੇ ਵੀ ਕੋਈ ਨਹੀਂ ਸੀ ਰਹਿ ਗਿਆ। ਪਤਾ ਨਹੀਂ ਕਿਹੜੀ ਆਸ ਸਹਾਰੇ ਹਾਲੇ ਤੱਕ ਜਿਊਂਦਾ ਸੀ। ਉਸ ਨੇ ਆਪਣੇ ਆਪ ਨੂੰ ਮੰਗਤਾ ਜਿਹਾ ਮਹਿਸੂਸ ਕੀਤਾ ਤੇ ਪਿੰਡ ਛੱਡ ਕੇ ਸ਼ਹਿਰ ਆ ਗਿਆ ਜਿੱਥੇ ਉਸ ਨੂੰ ਕੁਝ ਰਿਕਸ਼ਾ ਚਾਲਕਾਂ ਨੇ ਆਪਣੀ ਸਿਫ਼ਾਰਿਸ਼ ਕਰਕੇ ਸਾਈਕਲ ਸਟੋਰ ਤੋਂ ਰਿਕਸ਼ਾ ਕਿਰਾਏ 'ਤੇ ਲੈ ਦਿੱਤਾ ਸੀ, ਅਤੇ ਆਪਣੀ ਬਸਤੀ ਲਾਗੇ ਇੱਕ ਛੰਨ ਬਣਾ ਦਿੱਤੀ। ਇੱਕ ਰਿਕਸ਼ੇ ਵਾਲਾ ਉਸ ਨੂੰ ਟੇਢੀਆਂ ਹੀਆਂ ਵਾਲੀ ਮੰਜੀ ਦੇ ਗਿਆ ਤੇ ਦੂਜਾ ਪਾਣੀ ਵਾਲਾ ਮੱਟ ਤੇ ਗਲਾਸ। ਉਸ ਦਿਨ ਤੋਂ ਉਹ ਰਿਕਸ਼ਾ ਚਲਾ ਆਪਣਾ ਪੇਟ ਪਾਲਦਾ। ਰਿਕਸ਼ੇ ਦਾ ਕਿਰਾਇਆ ਤੇ ਰੋਟੀ ਦਾ ਖ਼ਰਚਾ ਕੱਢ ਜੋ ਪੰਜ ਦਸ ਰੁਪਏ ਬਚਦੇ ਉਹ ਉਸ ਨੂੰ ਆਪਣੀ ਗੁਥਲੀ ਵਿੱਚ ਸੰਭਾਲ ਲੈਂਦਾ। ਖੌਰੇ ਕਿਸ ਮਕਸਦ ਵਾਸਤੇ? ਕਈ ਵਾਰੀ ਤਾਂ ਦੁਪਹਿਰ ਦੀ ਰੋਟੀ ਵੀ ਨਾ ਖਾਂਦਾ ਤੇ ਪੈਸੇ ਜਮਾਂ ਕਰ ਲੈਂਦਾ। ਉਸ ਨੂੰ ਕਈ ਵਾਰ ਉਸ ਦੇ ਨਾਲ ਦੇ ਰਿਕਸ਼ਾ ਚਾਲਕਾਂ ਨੇ ਕਿਹਾ ਸੀ 'ਖਾ ਪੀ ਲਿਆ ਕਰ ਬਾਬਾ। ਸਭ ਏਥੇ ਹੀ ਰਹਿ ਜਾਣਾ ਏ।' ਆਪਣੇ ਬੁੱਲਾਂ 'ਤੇ ਸੋਗੀ ਜਿਹੀ ਮੁਸਕਾਨ ਲਿਆ ਉਹ ਸਵਾਰੀਆਂ ਦੀ ਭਾਲ ਵਿੱਚ ਅੱਗੇ ਟੁਰ ਪੈਂਦਾ।

ਅੱਜ ਉਹ ਸਵੇਰੇ ਕਾਹਲੀ-ਕਾਹਲੀ ਉੱਠਿਆ ਤੇ ਝੁੱਗੀ ਵਿੱਚੋਂ ਧੋ ਕੇ ਰੱਖਿਆ ਇੱਕ ਸੂਟ ਪਾਇਆ। ਰੁਪਿਆਂ ਵਾਲੀ ਗੁਥਲੀ ਤੇ ਕੁਝ ਹੋਰ ਨਿਕ-ਸੁਕ ਇੱਕ ਝੋਲੇ ਵਿੱਚ ਪਾ ਕੇ ਬਿਨਾਂ ਰਿਕਸ਼ਾ ਸਾਫ਼ ਕੀਤੇ ਟੁਰ ਪਿਆ ਜਿਵੇਂ ਉਸ ਨੂੰ ਆਪਣੀ ਮੰਜ਼ਿਲ ਦਿਸ ਪਈ ਹੋਵੇ ਤੇ ਉਹ ਕਾਹਲੀ-ਕਾਹਲੀ ਉੱਥੇ ਪਹੁੰਚ ਜਾਣਾ ਚਾਹੁੰਦਾ ਹੋਵੇ। ਬੱਸ ਅੱਡੇ ਤੋਂ ਸਿਵਲ ਹਸਪਤਾਲ ਅਤੇ ਫਿਰ ਸਟੇਸ਼ਨ ਤੱਕ ਆਉਂਦਿਆਂ ਉਸ ਨੇ ਪੰਦਰਾਂ ਰੁਪਏ ਕਮਾ ਲਏ ਸਨ। ਰਿਕਸ਼ਾ ਇੱਕ ਪਾਸੇ ਖੜਾ ਕੇ ਟਿਕਟ ਖਿੜਕੀ ਦੇ ਮੁੱਘ ਤੋਂ ਕਾਫ਼ੀ ਪਰਾਂ ਬੈਠੇ ਬਾਊ ਨੂੰ ਪੁੱਛਿਆ: 'ਦਿੱਲੀ ਦਾ ਕਿੰਨਾ ਕਿਰਾਇਆ ਬਾਬੂ ਜੀ?'

ਅੱਗੋਂ ਕੜਕਦੀ ਆਵਾਜ਼ ਵਿੱਚ ਬਾਬੂ ਨੇ ਕਿਹਾ, 'ਚਾਰ ਸੌ ਆਉਣ ਜਾਣ ਦਾ ਬਾਬਾ, ਕਿੰਨੇ ਵਾਰੀ ਪੁੱਛੇਂਗਾ?'

ਉਸ ਨੇ ਗੁਥਲੀ ਵਿੱਚੋਂ ਇੱਕ ਸੌ ਪਚਾਸੀ ਰੁਪਏ ਅਤੇ ਹੁਣੇ ਕਮਾਏ ਪੰਦਰਾਂ ਰੁਪਏ ਕੁੱਲ ਮਿਲਾ ਕੇ ਦੋ ਸੌ ਰੁਪਏ ਬਾਬੂ ਵੱਲ ਵਧਾਉਂਦਿਆਂ ਕਿਹਾ: 'ਸਿਰਫ਼ ਜਾਣ ਦੀ ਦੇ ਦਿਓ ਸਾਬ ਜੀ।'

'ਵਾਪਸ ਨਹੀਂ ਆਉਣਾ ਬਜ਼ੁਰਗਾ?'

ਟਿਕਟ ਮਾਸਟਰ ਨੇ ਮਜ਼ਾਕ ਨਾਲ ਕਿਹਾ। ਉਸ ਨੇ ਹੱਸਦੇ ਨੇ ਜਵਾਬ ਦਿੱਤਾ,

'ਵਾਹਿਗੁਰੂ ਮਾਲਕ ਏ ਜੀ, ਓਹੀ ਜਾਣਦੈ।'

ਟਿਕਟ ਲੈ ਕੇ ਉਹ ਸਟੇਸ਼ਨ ਅੰਦਰ ਬਣੇ ਬੈਂਚ ਉੱਤੇ ਆਣ ਬੈਠਾ। ਗੱਡੀ ਹਾਲੇ ਆਈ ਨਹੀਂ ਸੀ। ਬੈਠਾ-ਬੈਠਾ ਉਹ ਕਿਸੇ ਸੋਚ ਵਿੱਚ ਗੁਆਚ ਗਿਆ। ਆਪਣੇ ਪੁਰਾਣੇ ਦਿਨਾਂ ਦਾ ਮੰਜ਼ਰ ਉਸ ਦੀਆਂ ਅੱਖਾਂ ਅੱਗੇ ਉਲੀਕਿਆ ਗਿਆ। ਉਸ ਨੂੰ ਦਿੱਲੀ ਦੀਆਂ ਗਲੀਆਂ ਰੰਗੀਨ ਨਜ਼ਰੀਂ ਪਈਆਂ। ਉਸ ਨੂੰ ਲੱਗਾ ਜਿਵੇਂ ਸ਼ਾਮ ਵੇਲੇ ਉਸ ਦੇ ਪੁੱਤਰ ਦੋਵਾਂ ਹੱਥਾਂ ਵਿੱਚ ਲਿਫ਼ਾਫ਼ੇ ਫੜੀ ਕਈ ਤਰਾਂ ਦੀਆਂ ਵਸਤਾਂ ਨਾਲ ਲੱਦੇ ਘਰ ਪਰਤਦੇ ਹੋਣ। ਉਸ ਨੂੰ ਲੱਗਾ ਜਿਵੇਂ ਉਸ ਦੀ ਧੀ ਤਾਜ਼ੀਆਂ ਤਾਜ਼ੀਆਂ ਮਹਿਕਾਂ ਛੱਡਦੀਆਂ ਸਬਜ਼ੀਆਂ-ਭਾਜੀਆਂ ਬਣਾ ਨਰਮ-ਨਰਮ ਘਿਓ ਨੁੱਚੜਦੇ ਫੁਲਕੇ ਪਕਾ ਥਾਲ਼ੀ ਉਸ ਦੇ ਸਿਰਹਾਣੇ ਰੱਖ ਗਈ ਹੋਵੇ। ਕਿੰਨੀ ਦੇਰ ਉਹ ਬੁੱਤ ਬਣ ਬੈਂਚ 'ਤੇ ਬੈਠਾ ਰਿਹਾ।

ਸਿਰ ਬੰਨੀ ਮੈਲੇ ਚਿੱਟੇ ਰੰਗ ਦੀ ਪੱਗ ਵਿੱਚੋਂ ਕੁਝ ਕੁ ਸਫ਼ੈਦ ਵਾਲ ਬਾਹਰ ਲਮਕ ਰਹੇ ਸੀ। ਗੱਡੀ ਖ਼ੌਰੇ ਕਿੰਨੇ ਚਿਰ ਦੀ ਆ ਖਲੋਤੀ ਸੀ। ਟੁਰਨ ਤੋਂ ਪਹਿਲਾਂ ਡਰਾਈਵਰ ਨੇ ਆਖ਼ਰੀ ਵਾਰ ਗੱਡੀ ਦਾ ਹਾਰਨ ਵਜਾਇਆ। ਮੁਸਾਫ਼ਿਰ ਕਾਹਲੀ ਨਾਲ ਗੱਡੀ ਵੱਲ ਵਧੇ। ਨਾਲ ਬੈਠੇ ਮੁਸਾਫ਼ਿਰ ਨੇ ਉਸ ਨੂੰ ਹਲੂਣਦਿਆਂ ਕਿਹਾ: 'ਜਾਣਾ ਨਹੀਂ ਬਾਬਾ?'

ਮੁਸਾਫ਼ਿਰ ਦੇ ਹੱਥ ਲਾਉਂਦਿਆਂ ਹੀ ਉਹ ਬੈਂਚ 'ਤੇ ਲੁੜਕ ਗਿਆ। ਉਸ ਦੀਆਂ ਖੁੱਲੀਆਂ ਅੱਖਾਂ ਨੂੰ ਇੱਕ ਪੁਲਿਸ ਵਾਲੇ ਨੇ ਬੰਦ ਕੀਤਾ। ਸਟੇਸ਼ਨ 'ਤੇ ਭੀੜ ਇਕੱਠੀ ਹੋ ਗਈ। ਲਾਸ਼ ਦੀ ਸ਼ਨਾਖ਼ਤ ਲਈ ਬਾਬੇ ਦਾ ਝੋਲਾ ਫੋਲਿਆ ਗਿਆ ਜਿਸ ਵਿੱਚ ਨਿਕ-ਸੁਕ ਤੋਂ ਇਲਾਵਾ ਇੱਕ ਮੈਲੀ ਜਿਹੀ ਗੁਥਲੀ ਵਿੱਚ ਪੁਰਾਣੇ ਅਖ਼ਬਾਰ ਦਾ ਪੰਨਾ ਵੀ ਸੀ ਜਿਸ 'ਤੇ ਇਸ਼ਤਿਹਾਰ ਦਿੱਤਾ ਗਿਆ ਸੀ... ਦੰਗਿਆਂ ਦੌਰਾਨ ਮਾਰੇ ਗਏ ਲੋਕਾਂ ਦੀਆਂ ਲਾਸ਼ਾਂ ਦੀ ਮੁਰਦਾਘਰਾਂ ਵਿੱਚ ਸ਼ਨਾਖ਼ਤ ਦਾ ਆਖ਼ਰੀ ਮੌਕਾ, ਇਸ ਤੋਂ ਬਾਅਦ ਇਨਾਂ ਦਾ ਸਸਕਾਰ ਕਰ ਦਿੱਤਾ ਜਾਵੇਗਾ...।

# ਕਿਸਾਨ ਜਥੇਬੰਦੀਆਂ ਨੌਜਵਾਨੀ ਨੂੰ ਆਪਣੇ ਨਾਲ ਜੋੜ ਕੇ ਭਵਿੱਖ ਦੀ ਨਵੀਂ ਰਣਨੀਤੀ ਘੜਨ



**ਬਘੇਲ ਸਿੰਘ ਧਾਲੀਵਾਲ**

**99142-58142**

ਕਿਸਾਨੀ ਸੰਘਰਸ਼ ਦੌਰਾਨ ਬਿਨਾ ਸ਼ੱਕ ਪੰਜਾਬੀ ਨੌਜਵਾਨੀ ਦੀ ਪ੍ਰਮੁੱਖ ਭੂਮਿਕਾ ਰਹੀ ਹੈ। ਕਿਸਾਨੀ ਅੰਦੋਲਨ ਦੀ ਸਿਖਰ ਸਮੇਂ ਜਦੋਂ ਕੋਈ ਕਿਸਾਨ ਆਗੂ ਕੋਈ ਥੋੜੀ ਬਹੁਤੀ ਵੀ ਗ਼ਲਤ ਬਿਆਨੀ ਕਰ ਜਾਂਦਾ ਤਾਂ ਨੌਜਵਾਨਾਂ ਦੇ ਰੋਹ ਅੱਗੇ ਝੁਕਦਿਆਂ, ਉਨਾਂ ਨੂੰ ਆਪਣੀ ਗ਼ਲਤੀ ਨੂੰ ਸੁਧਾਰਨਾ ਪੈਂਦਾ ਸੀ। ਇਹ ਦ੍ਰਿਸ਼ ਇੱਕ ਨਹੀਂ ਵਾਰ ਵਾਰ ਦੇਖਣ ਨੂੰ ਮਿਲਦਾ ਰਿਹਾ ਹੈ। 25 ਨਵੰਬਰ ਨੂੰ ਦਿੱਲੀ ਵੱਲ ਕੂਚ ਕਰਨ ਤੋਂ ਲੈ ਕੇ ਸਿੰਘੂ, ਕੁੰਡਲੀ ਅਤੇ ਟਿਕਰੀ ਬਾਰਡਰਾਂ ’ਤੇ ਡੇਰੇ ਲਾਉਣ ਤੱਕ ਨੌਜਵਾਨਾਂ ਦੀ ਭੂਮਿਕਾ ਮੁੱਖ ਰੂਪ ਵਿੱਚ ਪ੍ਰਤੱਖ ਦੇਖੀ ਜਾਂਦੀ ਰਹੀ। 25 ਨਵੰਬਰ ਨੂੰ ਜਦੋਂ ਕਿਸਾਨ ਜਥੇਬੰਦੀਆਂ ਨੇ ਪੰਜਾਬ ਤੋ ਦਿੱਲੀ ਵੱਲ ਚਾਲੇ ਪਾਏ, ਹਰਿਆਣਾ ਸਰਕਾਰ ਵੱਲੋਂ ਹੱਦ ਤੇ ਵੱਡੀਆਂ ਰੋਕਾਂ ਲਾ ਕੇ ਪੰਜਾਬ ਦੇ ਕਿਸਾਨਾਂ ਨੂੰ ਰੋਕਣਾ ਚਾਹਿਆ ਸੀ, ਤਾਂ ਉਸ ਮੌਕੇ ਕਿਸਾਨ ਜਥੇਬੰਦੀਆਂ ਦੀ ਲੀਡਰਸ਼ਿਪ ਨੇ ਖਨੌਰੀ, ਸ਼ੰਭੂ ਅਤੇ ਡੱਬਵਾਲੀ ਦੀਆਂ ਹੱਦਾਂ ’ਤੇ ਹੀ ਰੁਕਣ ਦਾ ਫ਼ੈਸਲਾ ਕਰ ਲਿਆ ਸੀ, ਪਰ ਪੰਜਾਬੀ ਜਵਾਨੀ ਅਤੇ ਹਰਿਆਣੇ ਦੇ ਕਿਸਾਨਾਂ ਦੀ ਬਦੌਲਤ ਹਰਿਆਣੇ ਦੀਆਂ ਹੱਦਾਂ ਤੋਂ ਰੋਕਾਂ ਹਟਾ ਕੇ ਕਿਸਾਨ ਦਿੱਲੀ ਤੱਕ ਪਹੁੰਚੇ। ਇਹ ਵੀ ਸੱਚ ਹੈ ਕਿ ਦਿੱਲੀ ਵੱਲ ਕੂਚ ਕਰਨ ਦਾ ਜਜ਼ਬਾ ਪੰਜਾਬ ਦੇ ਕਿਸਾਨਾਂ ਨੂੰ ਆਪਣੇ ਪੁਰਖਿਆਂ ਦੇ ਇਤਿਹਾਸ ਤੋਂ ਮਿਲਿਆ ਸੀ, ਆਪਣੇ ਪੁਰਖਿਆਂ ਦੀ ਬਹਾਦਰੀ ਵਾਲੇ ਕਾਰਨਾਮਿਆਂ ਤੋਂ ਮਿਲਿਆ ਸੀ। ਉਨਾਂ ਨੂੰ ਇਹ ਜ਼ਜਬਾ ਆਪਣੇ ਪੁਰਖੇ ਬਾਬਾ ਬਘੇਲ ਸਿੰਘ ਦੇ ਇਤਿਹਾਸ ਤੋਂ ਮਿਲਿਆ ਸੀ, ਜਿਨਾਂ ਨੇ ਲਾਲ ਕਿਲੇ ਤੇ ਖ਼ਾਲਸੇ ਦੇ ਝੰਡੇ ਝੁਲਾ ਕੇ ਦਿੱਲੀ ਦੀ ਬਾਦਸ਼ਾਹਤ ਨੂੰ ਆਪਣੇ ਕਦਮਾਂ ਵਿਚ ਬੈਠਣ ਲਈ ਮਜਬੂਰ ਕਰ ਲਿਆ ਸੀ। ਅੱਜ ਦਿੱਲੀ ਵਿੱਚ ਜਿੰਨੇ ਵੀ ਗੁਰਦੁਆਰਾ ਸਾਹਿਬ ਹਨ ਤੇ ਸੰਗਤਾਂ ਹਰ ਰੋਜ਼ ਨਤਮਸਤਕ ਹੁੰਦੀਆਂ ਹਨ ਤੇ ਹਜ਼ਾਰਾਂ ਲੋੜਵੰਦ ਲੰਗਰ ਛਕਦੇ ਹਨ, ਉਹ ਬਾਬਾ ਬਘੇਲ ਸਿੰਘ ਨੇ ਦਿੱਲੀ ਜਿੱਤਣ ਤੋਂ ਬਾਅਦ ਬਣਾਏ ਸਨ। ਇਨਾਂ ਗੁਰਦੁਆਰਾ ਸਾਹਿਬਾਨਾਂ ਦੀਆਂ ਜਾਇਦਾਦਾਂ ਅਤੇ ਉਸਾਰੀ ਦਾ ਖਰਚਾ ਸਿੰਘਾਂ ਨੇ ਦਿੱਲੀ ਦੇ ਤਤਕਾਲੀ ਬਾਦਸ਼ਾਹ ਤੋਂ ਲੈ ਕੇ ਇਹ ਸ਼ਾਨਦਾਰ ਗੁਰਦੁਆਰਾ ਸਾਹਿਬ ਬਣਾਏ ਸਨ। ਪੱਚੀ ਨਵੰਬਰ ਨੂੰ ਦਿੱਲੀ ਵੱਲ ਕੂਚ ਕਰਨ ਸਮੇਂ ਇਹੋ ਜਜ਼ਬਾ ਸਿੱਖ ਨੌਜਵਾਨਾਂ, ਬੱਚਿਆਂ, ਬਜ਼ੁਰਗਾਂ ਅਤੇ ਬੀਬੀਆਂ ਵਿੱਚ ਦੇਖਣ ਨੂੰ ਮਿਲ ਰਿਹਾ ਸੀ, ਜਿਨਾਂ ਨੇ ਦਿੱਲੀ ਦੀਆਂ ਰੋਕਾਂ ਨੂੰ ਟਿੱਚ ਜਾਣਿਆ ਅਤੇ ਦਿੱਲੀ ਦੀਆਂ ਬਰੂਹਾਂ ਤੇ ਜਾ ਡੇਰੇ ਲਾ ਲਏ। ਇਹ ਜਜ਼ਬਾ ਅੰਦੋਲਨ ਦੇ ਸ਼ੁਰੂ ਤੋਂ ਲੈ ਕੇ 26 ਜਨਵਰੀ ਦੇ ਰੋਸ ਮਾਰਚ ਤੱਕ ਬਰਕਰਾਰ ਰਿਹਾ, ਜਿਸ ਨੇ ਕੇਂਦਰ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ। ਕੇਂਦਰ ਪੰਜਾਬੀਆਂ ਦੇ ਜਜ਼ਬੇ ਤੋਂ ਭੈਅ ਭੀਤ ਹੋਇਆ ਕੋਈ ਅਜਿਹਾ ਬਹਾਨਾ ਲੱਭਣਾ ਚਾਹੁੰਦਾ ਸੀ ਜਿਸ ਨਾਲ ਉਹ ਨੌਜਵਾਨਾਂ ਵਿੱਚ ਸਹਿਮ ਪੈਦਾ ਕਰ ਸਕੇ। ਸੋ, 26 ਜਨਵਰੀ ਦਾ ਰੋਸ ਮਾਰਚ ਕੇਂਦਰ ਸਰਕਾਰ ਦੇ ਦਿਲ ਦੀ ਰੀਝ ਪੂਰੀ ਕਰਨ ਲਈ ਬਹੁਤ ਵੱਡੇ ਹਥਿਆਰ ਦੇ ਰੂਪ ਵਿੱਚ ਵਰਤਿਆ ਗਿਆ। 26 ਜਨਵਰੀ ਦਾ ਰੋਸ ਮਾਰਚ ਕਰਨ ਦਾ ਸੱਦਾ ਕਿਸ ਨੇ ਦਿੱਤਾ, ਕਿਵੇਂ ਦਿੱਤਾ ਅਤੇ ਇਹਦੇ ਪਿੱਛੇ ਕੌਣ ਤਾਕਤਾਂ ਸਨ, ਇਹ ਨਿਰਪੱਖ ਬੁੱਧੀਜੀਵੀਆਂ ਦੀ ਜਾਂਚ ਦਾ ਵਿਸ਼ਾ ਹੋਣਾ ਚਾਹੀਦਾ ਹੈ, ਕਿਉਂਕਿ 26 ਜਨਵਰੀ ਦਾ ਟਰੈਕਟਰ ਰੋਸ ਮਾਰਚ ਜਿਸ ਤਰਾਂ ਬਾਅਦ ਵਿੱਚ ਟਰੈਕਟਰ ਪ੍ਰੇਡ ਵਿੱਚ ਬਦਲਿਆ ਅਤੇ ਉਸ ਤੋਂ ਬਾਅਦ ਟਰੈਕਟਰ ਗਣਤੰਤਰ ਦਿਵਸ ਪ੍ਰੇਡ ਵਿੱਚ ਬਦਲਿਆ, ਇਹ ਸਾਰਾ ਕੁੱਝ ਕਿਸਾਨੀ ਅੰਦੋਲਨ ਵਿੱਚ ਹੋਈ ਸਰਕਾਰੀ ਘੁਸਪੈਠ ਦਾ ਪ੍ਰਤੱਖ ਨਜ਼ਾਰਾ ਹੈ, ਜਿਸ ਨੂੰ ਕੇਂਦਰੀ ਤਾਕਤਾਂ ਨੇ ਬੜੀ ਚਲਾਕੀ ਨਾਲ ਅੰਦੋਲਨ ਨੂੰ ਕਮਜ਼ੋਰ ਕਰਨ ਲਈ ਸਫਲਤਾ ਨਾਲ ਵਰਤਿਆ। ਜਦੋਂ ਕਿਸਾਨਾਂ ਨੇ ਨੌਜਵਾਨਾਂ ਦੀ ਅਗਵਾਈ ਵਿੱਚ ਦਿੱਲੀ ਦੀਆਂ ਹੱਦਾਂ ਉੱਪਰ ਡੇਰੇ ਲਾਏ ਤਾਂ ਉਸ ਮੌਕੇ ਵੀ ਕਿਸਾਨ ਜਥੇਬੰਦੀਆਂ ਕੇਂਦਰ ਦੀ ਸਲਾਹ ਮੰਨ ਕੇ ਬੁਰਾੜੀ ਦੇ ਮੈਦਾਨ ਵਿੱਚ ਜਾਣਾ ਚਾਹੁੰਦੀਆਂ ਸਨ, ਪਰ ਉੱਥੇ ਜਾਣ ਤੋਂ ਇਨਾਂ ਨੌਜਵਾਨਾਂ ਨੇ ਹੀ ਕਿਸਾਨ ਜਥੇਬੰਦੀਆਂ ਨੂੰ ਵਰਜਿਆ ਅਤੇ ਅਖੀਰ ਨੌਜਵਾਨਾਂ ਦਾ ਹੱਦਾਂ ਉੱਪਰ ਹੀ ਬੈਠ ਕੇ ਅੰਦੋਲਨ ਕਰਨ ਦਾ ਫ਼ੈਸਲਾ ਕਿਸਾਨ ਆਗੂਆਂ ਨੂੰ ਮੰਨਣਾ ਪਿਆ। ਦਿੱਲੀ ਦੀਆਂ ਹੱਦਾਂ ’ਤੇ ਚੱਲ ਰਿਹਾ ਇਹ ਹੀ ਅੰਦੋਲਨ ਕੇਂਦਰ ਸਰਕਾਰ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ। ਇਹ ਅੰਦੋਲਨ ਦਿੱਲੀ ਪਹੁੰਚਣ ਤੱਕ ਪੰਜਾਬ ਤੋਂ ਬਾਹਰ ਨਿਕਲ ਕੇ ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਤੋਂ ਹੁੰਦਾ ਹੋਇਆ ਪੂਰੇ ਮੁਲਕ ਦੇ ਕਿਸਾਨਾਂ ਤੱਕ ਫੈਲ ਗਿਆ, ਜਿਸ ਵਿੱਚ ਵੱਡੀ ਗਿਣਤੀ ਨੌਜਵਾਨਾਂ ਦੀ ਰਹੀ ਹੈ, ਜਿਨਾਂ ਨੇ ਕੇਂਦਰ ਸਰਕਾਰ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ, ਕਿ ਕਿਉਂ ਨਾ ਪੰਜਾਬ ਦੀ ਜਵਾਨੀ ਨੂੰ ਅੰਦੋਲਨ ਤੋਂ ਪਾਸੇ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾਣ। ਇੱਥੇ ਦੱਸਣਾ ਬਣਦਾ ਹੈ ਕਿ ਇਸ ਅੰਦੋਲਨ ਵਿੱਚ ਕਿਸਾਨ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਦੋ ਕਿਰਦਾਰ ਅਜਿਹੇ ਉੱਭਰ ਕੇ ਸਾਹਮਣੇ ਆਏ, ਜਿਨਾਂ ਨੂੰ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਆਪਣੇ ਰਾਹ ਦੁਸੇਰੇ ਮੰਨ ਲਿਆ, ਉਹ ਦੋ ਕਿਰਦਾਰ ਹਨ ਫ਼ਿਲਮ ਇੰਡਸਟਰੀ ਦੀ ਵੱਡੀ ਹਸਤੀ ਦੀਪ ਸਿੱਧੂ ਅਤੇ ਪੰਜਾਬੀ ਦੇ ਮੁਦਈ ਵਜੋਂ ਉੱਭਰਿਆ ਪੰਜਾਬ ਦਾ ਨੌਜਵਾਨ ਲੱਖਾ ਸਿਧਾਣਾ। ਇਤਫ਼ਾਕ ਇਹ ਵੀ ਹੈ ਕਿ ਇਹ ਦੋਨੋਂ ਹੀ ਨੌਜਵਾਨ ਬਠਿੰਡੇ ਜ਼ਿਲੇ ਤੋਂ ਹਨ ਤੇ ਇਨਾਂ ਦੀ ਬੋਲਚਾਲ ਅਤੇ ਕੰਮ ਕਰਨ ਦੇ ਢੰਗ ਨੇ ਪੰਜਾਬ ਦੇ ਹੀ ਨਹੀਂ ਬਲਕਿ ਹਰਿਆਣੇ, ਰਾਜਸਥਾਨ ਦੇ ਨੌਜਵਾਨਾਂ ਨੂੰ ਵੀ ਪ੍ਰਭਾਵਤ ਕੀਤਾ। ਦੀਪ ਸਿੱਧੂ ਦੀ ਉੱਚ ਸਿੱਖਿਆ ਦੇ ਨਾਲ ਨਾਲ ਸਿੱਖ ਇਤਿਹਾਸ ਤੇ ਮਜ਼ਬੂਤ ਪਕੜ ਅਤੇ ਉਨਾਂ ਵੱਲੋਂ ਆਪਣੇ ਭਾਸ਼ਣ ਵਿੱਚ ਵਾਰ ਵਾਰ ਪੰਜਾਬ ਦੇ ਹੱਕਾਂ ਹਿਤਾਂ ਦੀ ਬਾ-ਦਲੀਲ ਗੱਲ ਕਰਨਾ, ਆਪਣੀ ਹੋਂਦ ਨੂੰ ਬਚਾਉਣ ਦੀ ਗੱਲ ਨੂੰ ਦਲੀਲਾਂ ਸਾਹਿਤ ਸਮਝਾਉਣ ਦਾ ਨਤੀਜਾ ਇਹ ਨਿਕਲਿਆ ਕਿ ਜਿੱਥੇ ਵੱਡੀ ਗਿਣਤੀ ਵਿੱਚ ਪੰਜਾਬੀ ਦੀਪ ਸਿੱਧੂ ਦੇ ਦਿਵਾਨੇ ਹੋ ਗਏ, ਓਥੇ ਜਿਨਾਂ ਨੂੰ ਦੀਪ ਸਿੱਧੂ ਅਤੇ ਲੱਖੇ ਦੇ ਵਧਦੇ ਪ੍ਰਭਾਵ ਤੋਂ ਆਪਣੀ ਚੌਧਰ ਖੁੱਸਣ ਦਾ ਖ਼ਤਰਾ ਸਤਾਉਣ ਲੱਗਾ ਸੀ, ਉਹ ਕੁੱਝ ਕੁ ਕਿਸਾਨ ਆਗੂ ਅਤੇ ਹਮੇਸ਼ਾ ਹੀ ਪੰਜਾਬ ਦੀ ਗੱਲ ਕਰਨ ਵਾਲਿਆਂ ਨਾਲ ਦੁਸ਼ਮਣੀ ਰੱਖਣ ਵਾਲੀਆਂ ਕੇਂਦਰੀ ਤਾਕਤਾਂ ਨੇ ਇਹਨਾਂ ਨੌਜਵਾਨਾਂ ਨੂੰ ਰਸਤੇ ਵਿਚੋਂ ਹਟਾਉਣ ਲਈ ਸਾਂਝੇ ਤੌਰ ਤੇ ਸਹਿਮਤੀ ਬਣਾ ਲਈ। ਇਹੋ ਕਾਰਨ ਸੀ ਕਿ 26 ਜਨਵਰੀ ਦੀ ਭਾਵਨਾਤਮਕ ਘਟਨਾ ਨੂੰ ਤੂਲ ਦੇ ਕੇ ਨੌਜਵਾਨਾਂ ਨੂੰ ਨਿਸ਼ਾਨੇ ਤੋਂ ਭਟਕ ਜਾਣ ਵਰਗੇ ਰੌਲ਼ੇ ਨਾਲ ਮੇਲ ਕੇ ਦੋਸ਼ੀ ਬਣਾ ਦਿੱਤਾ ਗਿਆ। ਇਸ ਸਾਰੇ ਘਟਨਾਕ੍ਰਮ ਤੋਂ ਪਾਸਾ ਵਟਣ ਦੀ ਨਹੀਂ, ਬਲਕਿ ਇਸ ਵਰਤਾਰੇ ਦੀ ਤਹਿ ਤੱਕ ਜਾਣ ਦੀ ਲੋੜ ਹੈ। ਲੋੜ ਇਸ ਗੱਲ ਦੀ ਵੀ ਹੈ ਕਿ ਪੰਜਾਬ ਹਿਤੈਸ਼ੀ ਨੌਜਵਾਨਾਂ ਦੇ ਖ਼ਿਲਾਫ਼ ਇਹ ਬਿਰਤਾਂਤ ਸਿਰਜਣ ਵਿੱਚ ਕੀਹਦਾ ਕੀਹਦਾ,ਕਿੰਨਾ ਕਿੰਨਾ ਯੋਗਦਾਨ ਰਿਹਾ ਹੈ। ਅਖੀਰ ਨੂੰ ਉਹ





ਹੀ ਹੋਇਆ ਜੋ ਸਰਕਾਰ ਦੀ ਮਨਸ਼ਾ ਮੁਤਾਬਿਕ ਹੋਣਾ ਤਹਿ ਕੀਤਾ ਗਿਆ ਸੀ। ਲਾਲ ਕਿਲੇ ਵਾਲੀ ਘਟਨਾ ਨੂੰ ਐਨੇ ਵੱਡੇ ਪੱਧਰ ’ਤੇ ਗ਼ਲਤ ਰੰਗਤ ਦੇ ਕੇ ਪ੍ਰਚਾਰਿਆ ਗਿਆ, ਕਿ ਬਹੁਤ ਸਾਰੇ ਬੁੱਧੀਜੀਵੀ ਅਤੇ ਬਹੁਤ ਸਾਰੇ ਸੂਝਵਾਨ ਲੋਕ ਦੀਪ ਸਿੱਧੂ ਅਤੇ ਲੱਖੇ ਸਿਧਾਣੇ ਨੂੰ ਅੰਦੋਲਨ ਨੂੰ ਕਮਜ਼ੋਰ ਕਰਨ ਦੇ ਦੋਸ਼ੀ ਗਰਦਾਨਣ ਲੱਗ ਪਏ। ਇਸ ਸਾਰੇ ਘਟਨਾਕ੍ਰਮ ਵਿੱਚ ਭਾਵੇਂ ਦੀਪ ਸਿੱਧੂ, ਲੱਖੇ ਸਿਧਾਣੇ ਤੋ ਇਲਾਵਾ ਹੋਰ ਵੀ ਕੁੱਝ ਨੌਜਵਾਨਾਂ ਦੇ ਸਿਰਾਂ ਦੇ ਮੁੱਲ ਪਾਏ ਗਏ, ਪਰੰਤੂ ਇਸ ਸਾਰੀ ਖੇਡ ਵਿੱਚ ਮੁੱਖ ਤੌਰ ’ਤੇ ਦੀਪ ਸਿੱਧੂ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਬਾਅਦ ਵਿੱਚ ਲੱਖੇ ਨੂੰ ਵੀ। ਕਿੰਨੀ ਦਿਲਚਸਪ ਗੱਲ ਹੈ ਕਿ ਲਾਲ ਕਿਲੇ ਤੇ ਝੰਡਾ ਝੁਲਾਉਣ ਵਾਲਿਆਂ ਵਿੱਚ ਕੁੱਝ ਕਿਸਾਨ ਜਥੇਬੰਦੀਆਂ ਤੇ ਜ਼ਿਲਾ ਆਗੂ ਅਤੇ ਵਰਕਰ ਵੀ ਸ਼ਾਮਲ ਸਨ, ਬਹੁਤ ਸਾਰੇ ਕਿਸਾਨ ਆਗੂ ਖ਼ੁਦ ਲਾਲ ਕਿਲੇ ਵਾਲੇ ਰੂਟ ’ਤੇ ਗਏ ਸਨ ਅਤੇ ਬਹੁਤ ਸਾਰਿਆਂ ਤੇ ਅਜਿਹੇ ਹੀ ਪਰਚੇ ਵੀ ਦਰਜ ਹੋਏ ਹਨ, ਜਿਹੜੇ ਦੀਪ ਸਿੱਧੂ, ਲੱਖੇ ਅਤੇ ਹੋਰ ਨੌਜਵਾਨਾਂ ਤੇ ਦਰਜ ਕੀਤੇ ਗਏ ਹਨ, ਪਰ ਕਾਰਵਾਈ ਸਿਰਫ਼ ਤੇ ਸਿਰਫ਼ ਦੀਪ ਸਿੱਧੂ, ਲੱਖਾ ਸਿਧਾਣਾ ਸਮੇਤ ਕੁੱਝ ਕੁ ਨੌਜਵਾਨਾਂ ਅਤੇ ਡੇਢ ਕੁ ਸੌ ਦੇ ਕਰੀਬ ਬਿਲਕੁਲ ਹੀ ਨਿਰਦੋਸ਼ ਕਿਸਾਨਾਂ ਤੇ ਕੀਤੀ ਗਈ ਹੈ। ਬੇਕਸੂਰ ਲੋਕਾਂ ਦੇ ਘਰਾਂ ਵਿਚ ਅੱਜ ਤੱਕ ਦਿੱਲੀ ਪੁਲਿਸ ਛਾਪੇਮਾਰੀ ਕਰ ਰਹੀ ਹੈ, ਜਿਸ ਨੂੰ ਰੋਕਣ ਲਈ ਕਿਸਾਨਾਂ ਦੀ ਲੀਡਰਸ਼ਿਪ ਬਿਆਨਬਾਜੀ ਤੋਂ ਉੱਪਰ ਉੱਠ ਕੇ ਕੋਈ ਮਹੱਤਵਪੂਰਨ ਫ਼ੈਸਲਾ ਨਹੀਂ ਲੈ ਸਕੀ। ਪੰਜਾਬੀ ਨੌਜਵਾਨਾਂ ਨੂੰ ਬਦਨਾਮ ਕਰਨ ਲਈ ਇੱਕ ਹੋਰ ਵੀ ਬਿਰਤਾਂਤ ਸਿਰਜਿਆ ਜਾ ਰਿਹਾ ਹੈ, ਜਿਸ ਵਿੱਚ ਨੈਸ਼ਨਲ ਮੀਡੀਆ ਪ੍ਰਮੁੱਖ ਭੂਮਿਕਾ ਨਿਭਾਅ ਰਿਹਾ ਹੈ, ਕਿਸਾਨਾਂ ਦੀਆਂ ਮਹਾਂ ਪੰਚਾਇਤਾਂ ਪੰਜਾਬ, ਹਰਿਆਣਾ ਵਿੱਚ ਵੀ ਹੋ ਰਹੀਆਂ ਹਨ, ਜਿੱਥੇ ਉਹ ਸਾਰੇ ਕਿਸਾਨ ਆਗੂ ਸੰਬੋਧਨ ਕਰਕੇ ਸਰਕਾਰ ਨੂੰ ਚੈਲਿੰਜ ਕਰਦੇ ਹਨ, ਜਿਨਾਂ ਤੇ ਕੇਂਦਰ ਸਰਕਾਰ ਦੀ ਪੁਲਿਸ ਨੇ ਪਰਚੇ ਦਰਜ ਕੀਤੇ ਹੋਏ ਹਨ, ਪ੍ਰੰਤੂ ਜਦੋਂ ਪੰਜਾਬ ਦੇ ਜ਼ਿਲਾ, ਬਠਿੰਡਾ ਜ਼ਿਲੇ ਦੇ ਪਿੰਡ ਮਹਿਰਾਜ ਵਿੱਚ ਨੌਜਵਾਨ ਕਿਸਾਨ, ਮਜ਼ਦੂਰ ਮਹਾਂ ਪੰਚਾਇਤ ਕਰਦੇ ਹਨ, ਤਾਂ ਉਹਦਾ ਹੋ ਹੱਲਾ ਨੈਸ਼ਨਲ ਮੀਡੀਏ ਤੋਂ ਅੱਗੇ ਜਾ ਕੇ ਦਿੱਲੀ ਸੰਸਦ ਤੱਕ ਇੱਕ ਸੁਰ ਵਿੱਚ ਪੈਂਦਾ ਸੁਣਾਈ ਦਿੰਦਾ ਹੈ। ਕਿਸਾਨ ਆਗੂਆਂ ਵੱਲੋਂ ਜੋ ਆਪਣੀਆਂ ਮੰਗਾਂ ਤੋਂ ਇਲਾਵਾ ਹੋਰ ਮੰਗਾਂ ਸ਼ਾਮਲ ਕੀਤੀਆਂ ਗਈਆਂ ਹਨ, ਉਹਨਾਂ ਵਿੱਚ ਭਾਵੇਂ ਪਹਿਲੀ ਮੰਗ ਗ੍ਰਿਫ਼ਤਾਰ ਕੀਤੇ ਕਿਸਾਨਾਂ ਨੂੰ ਰਿਹਾਅ ਕਰਵਾਉਣ ਦੀ ਹੈ, ਪਰ ਉਸ ਵਿੱਚ ਸਿਰਫ਼ ਤੇ ਸਿਰਫ਼ ਨਿਰਦੋਸ਼ ਕਿਸਾਨਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਗਈ ਹੈ, ਕਿਉਂਕਿ ਦੀਪ ਸਿੱਧੂ, ਲੱਖੇ ਸਿਧਾਣੇ ਅਤੇ ਕੁੱਝ ਹੋਰ ਨੌਜਵਾਨ, ਜਿਨਾਂ ’ਤੇ ਪੁਲਿਸ ਨੇ ਇਨਾਮ ਵੀ ਰੱਖੇ ਹੋਏ ਹਨ, ਉਨਾਂ ਨੂੰ ਤਾਂ ਕਿਸਾਨ ਜਥੇਬੰਦੀਆਂ ਦੇ ਕੁੱਝ ਸੀਨੀਅਰ ਆਗੂ ਖ਼ੁਦ ਵੀ ਗੁਨਾਹਗਾਰ ਮੰਨ ਰਹੇ ਹਨ। ਸੋ ਪੰਜਾਬੀ ਨੌਜਵਾਨਾਂ ਨੂੰ ਅੰਦੋਲਨ ਤੋਂ ਪਾਸੇ ਕਰਨ ਲਈ ਸਿਰਜੇ ਗਏ ਬੇਹੱਦ ਮਾੜੇ ਬਿਰਤਾਂਤਾਂ ਨੇ ਜਿੱਥੇ ਅੰਦੋਲਨ ਨੂੰ ਕਮਜ਼ੋਰ ਕੀਤਾ ਹੈ, ਓਥੇ ਕੇਂਦਰ ਦੇ ਇੱਕ ਤੀਰ ਨਾਲ ਕਈ ਕਈ ਨਿਸ਼ਾਨੇ ਫੁੰਡਣ ਦੀ ਚਾਲ ਵੀ ਕਾਮਯਾਬ ਹੋਈ ਹੈ। ਜਿਵੇਂ ਕਿ ਕੇਂਦਰ ਨੇ ਪੰਜਾਬ ਦੀ ਗੱਲ ਕਰਨ ਵਾਲਿਆਂ ਨੂੰ ਆਪਣੀਆਂ ਏਜੰਸੀਆਂ ਰਾਹੀ ਬਿਲਕੁਲ ਹੀ ਨੁਕਰੇ ਲਾਉਣ ਵਿਚ ਸਫਲਤਾ ਪ੍ਰਾਪਤ ਕੀਤੀ ਹੈ, ਕੇਂਦਰ ਨੇ ਕਿਸਾਨਾਂ ਅਤੇ ਨੌਜਵਾਨਾਂ ਵਿੱਚ ਵੱਡੇ ਪੱਧਰ ਤੇ ਦੁਫਾੜ ਪਾਉਣ ਵਿੱਚ ਸਫਲਤਾ ਹਾਸਲ ਕਰ ਲਈ ਹੈ, ਕੇਂਦਰ ਦੇਸ਼ ਭਰ ਦੇ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਵਰਗਾਂ ਵਿੱਚ ਸਿੱਖਾਂ ਪ੍ਰਤੀ ਬਣ ਰਹੀ ਸਤਿਕਾਰ ਵਾਲੀ ਭਾਵਨਾ ਨੂੰ ਸੱਟ ਮਾਰਨ ਵਿੱਚ ਸਫਲ ਹੋਇਆ ਹੈ ਅਤੇ ਸਭ ਤੋ ਵੱਡੀ ਗੱਲ ਕਿ ਜਿਹੜੀ ਸਿੱਖ ਸੋਚ ਵਾਲੀ ਭਾਵਨਾ ਪੰਜਾਬੀਆਂ ਨੂੰ ਦਿੱਲੀ ਤੱਕ ਜੋਸ਼ੋ ਖਰੋਸ਼ ਨਾਲ ਲੈ ਕੇ ਆਈ ਤੇ ਲਗਾਤਾਰ ਜਿੱਤ ਵੱਲ ਵੱਧ ਰਹੀ ਸੀ, ਉਹ ਸਿੱਖ ਸੋਚ ਨੂੰ ਅੰਦੋਲਨ ਵਿਚੋਂ ਮਨਫੀ ਕਰਨ ਵਿੱਚ ਵੀ ਸਫਲਤਾ ਹਾਸਲ ਕੀਤੀ ਹੈ। ਇਹ ਕੌੜੀ ਸਚਾਈ ਬੀਤੇ ਦਿਨੀਂ ਬਰਨਾਲਾ ਵਿੱਚ ਹੋਈ ਕਿਸਾਨ ਮਜ਼ਦੂਰ ਏਕਤਾ ਰੈਲੀ ਵਿੱਚ ਉਸ ਮੌਕੇ ਦੇਖੀ ਗਈ, ਜਦੋਂ ਟਰੈਕਟਰਾਂ ਤੇ ਖ਼ਾਲਸਾਈ ਝੰਡੇ ਲਹਿਰਾ ਕੇ ਦਿੱਲੀ ਜਾਣ ਵਾਲੇ ਕਿਸਾਨਾਂ ਦੇ ਟਰੈਕਟਰਾਂ ਅਤੇ ਬਰਨਾਲੇ ਦੀ ਦਾਣਾ ਮੰਡੀ ਵਿੱਚ ਲੱਖਾਂ ਦੇ ਹੋਏ ਕਿਸਾਨੀ ਇਕੱਠ ਵਿੱਚ ਕਿਧਰੇ ਵੀ ਖ਼ਾਲਸਾਈ ਝੰਡੇ ਦਿਖਾਈ ਨਹੀਂ ਦਿੱਤੇ, ਬਲਕਿ ਸਟੇਜ ਤੋਂ ਸਿੱਖ ਸੋਚ ਨੂੰ ਦੂਰ ਰੱਖਣ ਲਈ ਸਖ਼ਤੀ ਨਾਲ ਪਹਿਰਾ ਦਿੱਤਾ ਗਿਆ। ਦੂਜੇ ਪਾਸੇ ਬਠਿੰਡਾ ਜ਼ਿਲੇ ਦੇ ਵੱਡੇ ਪਿੰਡ ਮਹਿਰਾਜ ਵਿੱਚ ਵੀ ਪਿਛਲੇ ਦਿਨੀਂ ਨੌਜਵਾਨਾਂ ਨੇ ਦੀਪ ਸਿੱਧੂ ਅਤੇ ਲੱਖੇ ਸਿਧਾਣੇ ਦੇ ਹੱਕ ਵਿੱਚ ਜੋ ਮਹਾਂਪੰਚਾਇਤ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਤੋ ਲੋਕ ਸ਼ਾਮਲ ਹੋਏ, ਉਸ ਇਕੱਠ ਵਿੱਚ ਖ਼ਾਲਸਾਈ ਜਾਹੋ ਜਲਾਲ ਠਾਠਾਂ ਮਾਰਦਾ ਪ੍ਰਤੀਤ ਹੁੰਦਾ ਹੈ। ਨੌਜਵਾਨਾਂ ਦੇ ਇਸ ਵੱਡੇ ਇਕੱਠ ਨੇ ਭਾਵੇਂ ਨਵੇਂ ਬਿਰਤਾਂਤ ਸਿਰਜੇ ਜਾਣ ਵੱਲ ਕੋਈ ਸਪਸ਼ਟ ਇਸ਼ਾਰਾ ਮਾਤਰ ਵੀ ਨਹੀਂ ਕੀਤਾ, ਪਰ ਇਸ ਦੇ ਬਾਵਜੂਦ ਇਕੱਠ ਵਿੱਚ ਸਿੱਖ ਸੋਚ ਨੂੰ ਪ੍ਰਣਾਈ ਕਿਸਾਨ ਮਜ਼ਦੂਰ ਨੌਜਵਾਨਾਂ ਦੀ ਇੱਕ ਅਜਿਹੀ ਜਥੇਬੰਦੀ ਬਣਾਉਣ ਦੀ ਲੋੜ ਸ਼ਿੱਦਤ ਨਾਲ ਮਹਿਸੂਸ ਕੀਤੀ ਗਈ। ਉੱਥੇ ਹਾਜ਼ਰ ਬਹੁਤ ਸਾਰੇ ਲੋਕਾਂ ਨਾਲ ਗੱਲਬਾਤ ਵੀ ਹੋਈ, ਜਿਨਾਂ ਦਾ ਸਾਫ਼ ਕਹਿਣਾ ਸੀ ਕਿ ਨੌਜਵਾਨ ਆਪਣੀ ਇੱਕ ਕਿਸਾਨ ਮਜ਼ਦੂਰਾਂ ਦੀ ਸਾਂਝੀ ਜਥੇਬੰਦੀ ਬਣਾਉਣ, ਜਿਸ ਵਿੱਚ ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਦੇ ਪੰਜਾਬੀ ਕਿਸਾਨ ਮਜ਼ਦੂਰਾਂ ਸਮੇਤ ਜਾਟ ਭਾਈਚਾਰੇ ਦੇ ਨੌਜਵਾਨਾਂ ਨੂੰ ਵੀ ਜਥੇਬੰਦੀ ਵਿੱਚ ਸ਼ਾਮਲ ਕੀਤਾ ਜਾਵੇ, ਤਾਂ ਕਿ ਖੇਤੀ ਕਾਨੂੰਨਾਂ ਦੇ ਸੰਦਰਭ ਵਿੱਚ ਕੇਂਦਰ ਸਰਕਾਰ ਨੂੰ ਇਸ ਜਥੇਬੰਦੀ ਨੂੰ ਵੱਡੀ ਤਾਕਤਵਰ ਧਿਰ ਵਜੋਂ ਪ੍ਰਵਾਨ ਕਰਨ ਲਈ ਮਜਬੂਰ ਹੋਣਾ ਪਵੇ। ਇਹ ਵੀ ਜ਼ੋਰ ਦੇ ਕੇ ਕਿਹਾ ਗਿਆ ਕਿ ਜਥੇਬੰਦੀ ਸਿੱਖੀ ਦੇ ਸਰਬੱਤ ਦੇ ਭਲੇ ਵਾਲੇ ਸਿਧਾਂਤ ਨੂੰ ਆਪਣਾ ਮੂਲ ਆਧਾਰ ਬਣਾ ਕੇ ਅੱਗੇ ਵਧੇ ਤਾਂ ਕਿ ਸਿੱਖ ਸੋਚ ਨੂੰ ਸਹੀ ਰੂਪ ਵਿਚ ਦੇਸ਼ ਦੀ ਨੌਜਵਾਨੀ ਵਿੱਚ ਪੇਸ਼ ਕੀਤਾ ਜਾ ਸਕੇ। ਇਹ ਜਥੇਬੰਦੀ ਜਿੱਥੇ ਮੌਜੂਦਾ ਕਿਸਾਨੀ ਅੰਦੋਲਨ ਦੀ ਜਿੱਤ ਲਈ ਦ੍ਰਿੜ ਸੰਕਲਪ ਹੋਵੇ, ਓਥੇ ਸੂਬਿਆਂ ਦੇ ਵੱਧ ਅਧਿਕਾਰਾਂ ਅਤੇ ਹੋਂਦ ਨੂੰ ਬਚਾਉਣ ਲਈ ਵੀ ਜਾਗਰੂਕਤਾ ਪੈਦਾ ਕਰਨ ਦੇ ਉਪਰਾਲੇ ਕਰੇ, ਤਾਂ ਕਿ ਸਰਮਾਏਦਾਰੀ ਦੇ ਅਜਗਰ ਤੋਂ ਆਮ ਲੋਕਾਂ ਦਾ ਭਵਿੱਖ ਸੁਰੱਖਿਅਤ ਰੱਖਿਆ ਜਾ ਸਕੇ। ਹੁਣ ਦੇਖਣਾ ਇਹ ਵੀ ਹੋਵੇਗਾ ਕਿ ਆਉਣ ਵਾਲੇ ਦਿਨਾਂ ਵਿੱਚ ਕਿਸਾਨ ਜਥੇਬੰਦੀਆਂ ਜੁਆਨੀ ਤੋਂ ਦੂਰੀ ਬਣਾਈ ਰੱਖਣ ਦੀ ਗ਼ਲਤੀ ਨੂੰ ਜਾਰੀ ਰੱਖਣਗੀਆਂ ਜਾਂ ਰੋਹਿਲੀ ਜੁਆਨੀ ਦੀ ਨਬਜ਼ ਪਛਾਣਦੀਆਂ ਹੋਈਆਂ ਗ਼ਲਤੀ ਨੂੰ ਸੁਧਾਰ ਕੇ ਭਵਿੱਖ ਦੀ ਨਵੀਂ ਰਣਨੀਤੀ ਤੈਅ ਕਰਨਗੀਆਂ।

### ਨਿਹੰਗ ਸਿੰਘਾਂ ਦਾ ਐਲਾਨ

## ਕਿਸਾਨ ਅੰਦੋਲਨ ਦੀ ਹਮਾਇਤ ਨਾ ਕਰਨ ਵਾਲਿਆਂ ਨੂੰ ਪੰਜਾਬ ’ਚ ਵੜਨ ਨਹੀਂ ਦਿੱਤਾ ਜਾਵੇਗਾ



**ਨਵੀਂ ਦਿੱਲੀ/ਏ.ਟੀ.ਨਿਊਜ਼:** ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਸਬੰਧੀ ਦਿੱਲੀ-ਹਰਿਆਣਾ ਦੇ ਸਿੰਘੂ ਬਾਰਡਰ ’ਤੇ ਚੱਲ ਰਿਹਾ ਕਿਸਾਨਾਂ ਦੇ ਧਰਨਾ-ਪ੍ਰਦਰਸ਼ਨ ਦੌਰਾਨ ਇਕ ਵੀਡੀਓ ਜਾਰੀ ਹੋਇਆ ਹੈ ਜਿਸ ਵਿਚ ਨਿਹੰਗ ਸਿੰਘ ਆਗੂ ਬਾਬਾ ਰਾਜ ਸਿੰਘ ਕਹਿੰਦੇ ਨਜ਼ਰ ਆ ਰਹੇ ਹਨ ਕਿ ਜਿਹੜਾ ਅੰਦੋਲਨ ਦਾ ਸਮਰਥਨ ਨਹੀਂ ਕਰੇਗਾ, ਉਸ ਦੀ ਪੰਜਾਬ ਵਿਚ ਫ਼ਿਲਮ ਨਹੀਂ ਬਣਨ ਦਿਆਂਗੇ। ਉਸ ਨੂੰ ਪੰਜਾਬ ਵਿਚ ਵੜਨ ਨਹੀਂ ਦਿਆਂਗੇ। ਉਨਾਂ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਕਿ ਹੁਣ ਉਨਾਂ ਨੂੰ ਦੇਸ਼ ਦੀ ਕਿਸੇ ਵੀ ਪਾਰਟੀ ’ਤੇ ਭਰੋਸਾ ਨਹੀਂ ਹੈ, ਇਸ ਲਈ ਨਵੀਂ ਪਾਰਟੀ ਬਣਾਈ ਜਾਵੇਗੀ। ਇਸ ਵਿਚ ਸਾਰੇ ਕਿਸਾਨ ਮਜ਼ਦੂਰ ਸ਼ਾਮਲ ਹੋਣਗੇ। ਅਗਲਾ ਪ੍ਰਧਾਨ ਮੰਤਰੀ ਕਿਸਾਨ ਹੋਵੇਗਾ ਤੇ ਰਾਸ਼ਟਰਪਤੀ ਮਜ਼ਦੂਰ।

# ਕੀ ਹੈ ਫਰਾਂਸ ਵਿੱਚ ਪਾਸ ਹੋਇਆ ਵੱਖਵਾਦ ਵਿਰੋਧੀ ਬਿੱਲ ?

## ਕੀ ਹਨ ਇਸਦੇ ਵਿਵਾਦਾਂ ਵਿੱਚ ਘਿਰਨ ਦੇ ਕਾਰਨ ?

**ਅੰਮ੍ਰਿਤਸਰ ਟਾਈਮਜ਼ ਬਿਊਰੋ**

16 ਫਰਵਰੀ, ਮੰਗਲਵਾਰ ਨੂੰ ਫਰਾਂਸ ਦੇ ਸੰਸਦ ਮੈਂਬਰਾਂ ਵੱਲੋਂ ਇੱਕ ਬਿੱਲ ਪਾਸ ਕੀਤਾ ਗਿਆ, ਜਿਸ ਨੂੰ ਅਧਿਕਾਰਕ ਤੌਰ 'ਤੇ 'ਰਣਿਡੋਰਚਨਿਗ ਰਏਪੁਬਲਚਿਓਨਸ ਪਰਨਿਚਪਿਲਏਸ' ਡਰਾਫ਼ਟ ਬਿੱਲ ਦਾ ਨਾਮ ਦਿੱਤਾ ਗਿਆ, ਪਰ ਇਸਦਾ ਪ੍ਰਚਾਰ ਵੱਖਵਾਦ ਵਿਰੋਧੀ ਬਿੱਲ ਦੇ ਨਾਮ ਤੇ ਖ਼ੂਬ ਕੀਤਾ ਗਿਆ।

**ਕੀ ਹੈ ਇਹ ਬਿੱਲ ?**

ਰਾਸ਼ਟਰਪਤੀ ਇਮੈਨੁਅਲ ਮੈਕਰੋਂਨ ਨੇ ਆਪਣੇ ਕਾਰਜਕਾਲ ਦੀ ਸ਼ੁਰੂਆਤ ਵਿੱਚ 'ਧਰਮ ਨਿਰਪੱਖਤਾ' ਤੇ ਇੱਕ ਤਕੜਾ ਭਾਸ਼ਣ ਕੀਤਾ, ਜਿਸ ਵਿੱਚ ਉਨਾਂ ਨੇ ਮੁਸਲਮਾਨ ਧਰਮ ਦੇ ਫਰਾਂਸ ਵਿੱਚ ਸੰਕਟ 'ਚ ਹੋਣ ਅਤੇ ਬਾਹਰੀ ਪ੍ਰਭਾਵ ਤੋਂ ਮੁਕਤ ਕਰਾਉਣ ਦੀ ਗੱਲ ਕਹੀ।

ਪਰ ਇਸ ਬਾਰੇ ਠੋਸ ਕਦਮ ਚੱਕਣ ਦਾ ਮੌਕਾ ਉਦੋਂ ਮਿਲਿਆ, ਜਦੋਂ ਫਰਾਂਸ ਵਿੱਚ ਵਿਚਾਰਾਂ ਦੇ ਪ੍ਰਗਟਾਵੇ ਦੇ ਇੱਕ ਲੈਕਚਰ ਦੌਰਾਨ ਮੁਹੰਮਦ ਸਾਹਿਬ ਦੇ ਕਾਰਟੂਨ ਦਿਖਾਉਣ ਬਦਲੇ ਇੱਕ ਪ੍ਰੋਫੈਸਰ ਦਾ ਕਤਲ ਕਰ ਦਿੱਤਾ ਗਿਆ।

ਜਿਸਦੇ ਕੁਝ ਮਹੀਨੇ ਬਾਅਦ ਇਹ ਬਿੱਲ ਪੇਸ਼ ਕੀਤਾ ਗਿਆ, ਜਿਸ ਵਿੱਚ 'ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ' ਅਤੇ 'ਧਰਮ ਨਿਰਪੱਖਤਾ' ਵਰਗੇ ਗਣਤੰਤਰਿਕ ਸਿਧਾਂਤਾਂ ਨੂੰ ਬਹਾਲ ਕਰਨ ਦੀ ਗੱਲ ਕਹੀ ਗਈ।

**ਬਿੱਲ ਦੀਆਂ ਮੁੱਖ ਮੱਦਾਂ-**

-ਆਨਲਾਈਨ ਕਿਸੇ ਵੀ ਵਿਅਕਤੀ ਦੀਆਂ ਜਾਣਕਾਰੀਆਂ ਸਾਂਝੀਆਂ ਕਰਨ, ਭੜਕਾਊ ਗਤੀਵਿਧੀਆਂ ਕਰਨ ਅਤੇ ਨਫ਼ਰਤ ਫੈਲਾਉਣ ਵਾਲੀਆਂ ਗੱਲਾਂ ਕਰਨ ਤੇ 45000 ਯੂਰੋ ਜੁਰਮਾਨਾ ਅਤੇ ਤਿੰਨ ਸਾਲ ਦੀ ਜੇਲ ਹੋਵੇਗੀ। ਇਸ ਤੋਂ ਇਲਾਵਾ ਜੇਕਰ ਅਜਿਹਾ ਕੋਈ ਅਪਰਾਧ ਸਰਕਾਰੀ ਜਾਂ ਗੈਰ ਸਰਕਾਰੀ ਕਰਮਚਾਰੀ ਵਿਰੁੱਧ ਹੁੰਦਾ ਹੈ ਤਾਂ ਪੰਜ ਸਾਲ ਜੇਲ ਅਤੇ ਜੁਰਮਾਨਾ 75000 ਯੂਰੋ ਤੱਕ ਹੋਵੇਗਾ।

ਇਸਦੇ ਨਾਲ ਹੀ ਵੈੱਬਸਾਈਟਾਂ 'ਤੇ ਵੀ ਨਜ਼ਰ ਰੱਖਣ ਅਤੇ ਪੂਰੀ ਤਰਾਂ ਪਾਬੰਦੀ ਲਾਉਣ ਦੀ ਵਿਵਸਥਾ ਕੀਤੀ ਗਈ ਹੈ।

-ਇਸ ਬਿੱਲ ਮੁਤਾਬਕ ਧਾਰਮਿਕ ਸਥਾਨਾਂ ਵਿੱਚ ਭੜਕਾਊ ਗਤੀਵਿਧੀਆਂ ਨੂੰ ਰੋਕਣ ਲਈ ਧਾਰਮਿਕ ਸੰਸਥਾਵਾਂ ਨਾਲ ਜੁੜੇ ਜੁਰਮਾਂ ਦੀਆਂ ਸਜ਼ਾਵਾਂ ਵਿੱਚ ਵਾਧਾ ਕੀਤਾ ਗਿਆ। ਸਰਕਾਰ ਕੋਲ ਕਿਸੇ ਵੀ ਸੰਸਥਾ ਨੂੰ ਦੋ ਮਹੀਨੇ ਲਈ ਬੰਦ ਕਰ ਸਕਣ ਦਾ ਅਧਿਕਾਰ ਹੋਵੇਗਾ। ਕਿਸੇ ਵੀ ਅੱਤਵਾਦੀ ਸਰਗਰਮੀ ਵਿੱਚ ਸ਼ਾਮਿਲ ਰਹਿ ਚੁੱਕੇ ਵਿਅਕਤੀ ਤੇ ਕਿਸੇ ਧਾਰਮਿਕ ਸੰਸਥਾ ਦਾ ਮੋਹਰੀ ਬਣਨ ਦੀ ਦਸ ਸਾਲ ਦੀ ਪਾਬੰਦੀ ਹੋਵੇਗੀ।

ਸਰਕਾਰੀ ਅਤੇ ਗੈਰ ਸਰਕਾਰੀ ਕਰਮਚਾਰੀਆਂ ਦੇ ਕਿਸੇ ਵੀ ਤਰਾਂ ਦੇ ਧਾਰਮਿਕ ਪਛਾਣ ਵਾਲੇ ਚਿੰਨ (ਹਿਜਾਬ ਆਦਿਕ) ਪਹਿਨਣ 'ਤੇ ਪਾਬੰਦੀ ਹੋਵੇਗੀ।

-ਕਿਸੇ ਵੀ ਸੰਸਥਾ ਜਿਸ ਦੀ ਕਮਾਈ ਦੇਸ਼ ਤੋਂ ਬਾਹਰ ਦੇ ਫੰਡਾਂ ਕਾਰਨ ਦਸ ਹਜ਼ਾਰ ਯੂਰੋ ਤੋਂ ਟੱਪਦੀ ਹੈ, ਉਸ ਨੂੰ ਇਸ ਬਾਰੇ ਸਰਕਾਰ ਨੂੰ ਜਾਣਕਾਰੀ ਦੇਣੀ ਲਾਜ਼ਮੀ ਹੋਵੇਗੀ। ਹਰ ਸਾਲ ਦਾ ਆਪਣਾ ਲੇਖਾ-ਜੋਖਾ ਸਰਕਾਰ ਦੀ ਪਹੁੰਚ ਵਿੱਚ ਕਰਨਾ ਜ਼ਰੂਰੀ ਹੈ।

- ਕਿਸੇ ਬੱਚੇ ਨੂੰ ਸਿੱਖਿਆ ਲਈ ਸਕੂਲ ਦਾਖਲ ਕਰਾਉਣ ਤੋਂ ਵਾਂਝਾ ਨਹੀਂ ਰੱਖਿਆ ਜਾ ਸਕਦਾ। ਘਰਾਂ ਵਿਚ ਪੜਾਉਣ ਦੀ ਮਨਾਹੀ ਹੋਵੇਗੀ। ਹਰ ਸਕੂਲ ਨੂੰ ਸਰਕਾਰ ਵੱਲੋਂ ਮਾਨਤਾ ਹੋਣੀ ਜ਼ਰੂਰੀ ਹੈ। ਸਿਰਫ਼ ਮੈਡੀਕਲ ਮਜਬੂਰੀ ਅਤੇ ਲੰਬੀ ਦੂਰੀ ਵਾਲੇ ਇਲਾਕਿਆਂ ਵਿੱਚ ਇਸ ਨਿਯਮ ਤੋਂ ਛੋਟ ਹੋਵੇਗੀ।

-ਕਿਸੇ ਵੀ ਡਾਕਟਰ ਵੱਲੋਂ ਕੁਆਰੇਪਣ ਦਾ ਸਰਟੀਫਿਕੇਟ ਜਾਰੀ ਕਰਨ ਬਦਲੇ ਪੰਦਰਾਂ ਹਜ਼ਾਰ ਯੂਰੋ ਜੁਰਮਾਨਾ ਅਤੇ ਇੱਕ ਸਾਲ ਦੀ ਜੇਲ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਜਬਰੀ ਵਿਆਹਾਂ ਅਤੇ ਇੱਕ ਤੋਂ ਜ਼ਿਆਦਾ ਪਤਨੀਆਂ ਰੱਖਣ 'ਤੇ ਵੀ ਅਜਿਹੀਆਂ ਸਖ਼ਤ ਸਜ਼ਾਵਾਂ ਲਾਗੂ ਹੋਣਗੀਆਂ।

-ਜੇਕਰ ਕਿਸੇ ਵੀ ਸੰਸਥਾ ਨੇ ਸਰਕਾਰ ਪਾਸੋਂ ਮਾਇਕ ਸਹਾਇਤਾ ਜਾਂ ਸਬਸਿਡੀ ਲੈਣੀ ਹੋਵੇ ਜਾਂ ਲੈ ਲਈ ਹੋਵੇ ਤਾਂ ਉਸ ਦੀ ਸੁਯੋਗ ਵਰਤੋਂ ਲਈ ਇੱਕ ਸਰਕਾਰੀ ਇਕਰਾਰਨਾਮਾ ਪ੍ਰਸ਼ਾਸਨ ਨਾਲ ਕਰਨਾ ਹੋਵੇਗਾ, ਜਿਸ ਨੂੰ ਤੋੜਨ ਤੇ ਫੰਡਿੰਗ ਬੰਦ ਹੋ ਜਾਵੇਗੀ। ਪਹਿਲਾਂ ਤੋਂ ਲਈਆਂ ਸਬਸਿਡੀਆਂ ਵੀ ਛੇ ਮਹੀਨੇ ਵਿੱਚ ਵਾਪਸ ਜਮਾਂ ਕਰਨੀਆਂ ਹੋਣਗੀਆਂ। ਕਿਸੇ ਸੰਸਥਾ ਨੂੰ ਭੰਗ ਕਰਨ ਦੇ ਅਧਿਕਾਰ ਵੀ ਕੋਰਟ ਤੋਂ ਇਲਾਵਾ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਖੇਤਰ ਵਿੱਚ ਸ਼ਾਮਲ ਹੋਣਗੇ।

ਵੱਖ ਵੱਖ ਧਿਰਾਂ ਦੇ ਬਿੱਲ ਉੱਪਰ ਕੀ ਵਿਚਾਰ ਹਨ ?

ਸਰਕਾਰ ਵੱਲੋਂ ਇਹਨਾਂ ਬਿੱਲਾਂ ਨੂੰ ਧਰਮ ਨਿਰਪੱਖਤਾ ਅਤੇ ਬੋਲਣ ਦੀ ਆਜ਼ਾਦੀ ਦੇ ਸਿਧਾਂਤਾਂ ਦੀ ਪ੍ਰਪੱਕਤਾ ਲਈ ਅਗਾਂਹਵਧੂ ਕਦਮ ਕਰਾਰ ਦਿੰਦੇ ਹੋਏ, ਵੱਖਵਾਦੀ ਵਿਚਾਰਾਂ ਦੇ ਵਿਰੋਧ ਵਜੋਂ ਪੇਸ਼ ਕੀਤਾ ਗਿਆ ਹੈ।

ਰਾਸ਼ਟਰਪਤੀ ਇਮੈਨੁਅਲ ਮੈਕਰੋਂਨ ਨੇ ਪਿੱਛੇ ਹੋਈਆਂ ਘਟਨਾਵਾਂ ਦਾ ਹਵਾਲਾ ਦੇ ਕੇ ਇਸਲਾਮਿਕ ਵੱਖਵਾਦੀਆਂ ਨੂੰ ਗਣਤੰਤਰ ਦੇ ਦੁਸ਼ਮਣ ਗਰਦਾਨਿਆਂ, ਅਤੇ ਇਸ ਬਿੱਲ ਦੀ ਲੋੜ 'ਤੇ ਜ਼ੋਰ ਦਿੱਤਾ।

ਪਰ ਸੰਸਦ ਵਿੱਚ ਪੇਸ਼ ਹੁੰਦਿਆਂ ਹੀ ਇਸ ਬਿੱਲ ਦੇ 51 ਆਰਟੀਕਲਾਂ ਉੱਪਰ ਦੋ ਹਫ਼ਤੇ ਲੰਬੀ ਬਹਿਸ ਹੋਈ, ਜਿਸ ਵਿੱਚ ਸਤਾਰਾਂ ਸੌ ਸੋਧਾਂ ਦਾ ਪ੍ਰਸਤਾਵ ਵੱਖ ਵੱਖ ਨੁਮਾਇੰਦਿਆਂ ਵੱਲੋਂ ਰੱਖਿਆ ਗਿਆ। ਪਰ 313 ਸੋਧਾਂ ਮਨਜ਼ੂਰ ਹੋਈਆਂ ਅਤੇ ਬਿੱਲ ਪਾਸ ਕਰ ਦਿੱਤਾ ਗਿਆ।

ਸੋਧਾਂ ਦਾ ਐਨੀ ਮਾਤਰਾ ਵਿੱਚ ਹੋਣਾ ਬਿੱਲ ਦੀ ਸੁਚਾਰੂ ਭੂਮਿਕਾ ਤੇ ਸ਼ੱਕ ਖੜੇ ਕਰਦੀ ਹੈ, ਜਿਸ ਨਾਲ ਵਿਵਾਦਾਂ ਦਾ ਉੱਠਣਾ ਲਾਜ਼ਮੀ ਸੀ।

ਖੱਬੇ ਪੱਖੀਆਂ ਨੇ ਇਸ ਬਿੱਲ ਨੂੰ ਨਾਗਰਿਕਾਂ ਦੀ ਆਜ਼ਾਦੀ 'ਤੇ ਹਮਲਾ ਕਰਾਰ ਦੇ ਕੇ ਆਲੋਚਨਾ ਕੀਤੀ, ਪਰ ਸੱਜੇ ਪੱਖੀਆਂ ਨੇ ਆਪਣੇ ਪ੍ਰਤੀਕਰਮ ਵਿੱਚ ਕਿਹਾ ਕਿ ਮੁਸਲਮਾਨ ਅੱਤਵਾਦ ਨਾਲ ਨਜਿੱਠਣ ਵਿੱਚ ਸਰਕਾਰ ਬੁਰੀ ਤਰਾਂ ਫੇਲ ਹੋ ਰਹੀ ਹੈ, ਜਿਸਦਾ ਇਸ ਵਿੱਚ ਕੋਈ ਜ਼ਿਕਰ ਨਹੀਂ ਹੈ।

ਸਭ ਤੋਂ ਵੱਧ ਵਿਰੋਧ, ਮੁਸਲਮਾਨੀ ਜਥੇਬੰਦੀਆਂ ਵੱਲੋਂ ਇਸ ਬਿੱਲ ਦਾ ਕੀਤਾ ਗਿਆ, ਜਿਨਾਂ ਦਾ ਕਹਿਣਾ ਸੀ ਕਿ ਇਹ ਬਿੱਲ ਫਰਾਂਸ ਦੇ ਪੰਜ ਕਰੋੜ ਸੱਤਰ ਲੱਖ ਦੀ ਗਿਣਤੀ ਵਾਲੇ ਮੁਸਲਮਾਨ ਭਾਈਚਾਰੇ ਨਾਲ ਭੇਦ-ਭਾਵ ਵਾਲਾ ਹੈ, ਜੋ ਕਿ ਪੂਰੇ ਯੂਰਪ ਵਿੱਚ ਸਭ ਤੋਂ ਜ਼ਿਆਦਾ ਹੈ।

100 ਇਮਾਮ, 50 ਇਸਲਾਮਿਕ ਵਿਗਿਆਨ ਦੇ ਅਧਿਆਪਕਾਂ ਅਤੇ ੫੦ ਹੋਰ ਵੱਖ-ਵੱਖ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਨੇ 10 ਫਰਵਰੀ ਨੂੰ ਇੱਕ ਖੁੱਲੇ ਪੱਤਰ ਤੇ ਦਸਤਖ਼ਤ ਕਰਕੇ ਬਿੱਲ ਨੂੰ 'ਅਸਵੀਕਾਰ' ਕਰਨ ਦਾ ਸੱਦਾ ਦਿੱਤਾ।

ਹਾਲਾਂਕਿ ਬਿੱਲ ਜਦ ਹੁਣ ਸੰਸਦ ਮੈਂਬਰਾਂ ਵੱਲੋਂ ਪਾਸ ਹੈ ਅਤੇ ਅੱਗੇ ਸੈਨੇਟ ਮੈਂਬਰਾਂ ਕੋਲ ਮਨਜ਼ੂਰੀ ਲਈ ਭੇਜ ਦਿੱਤਾ ਗਿਆ ਹੈ।

---

# ਸੋਸਲ ਸਾਈਟਾਂ ਅਤੇ ਸਰਕਾਰਾਂ ਵਿਚਕਾਰ ਵਧ ਰਹੇ ਆਪਸੀ ਤਕਰਾਰ, ਭਾਰਤ ਵਿੱਚ ਪਾਬੰਦੀਆਂ ਦੀ ਤਿਆਰੀ, ਕੀ ਨਿਕਲਣਗੇ ਸਿੱਟੇ ?

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਪਿਛਲੇ ਦਿਨਾਂ ਵਿੱਚ ਅਸਟ੍ਰੇਲੀਆਈ ਸਰਕਾਰ ਨੇ ਇੱਕ ਕਾਨੂੰਨ ਪਾਸ ਕੀਤਾ,ਜਿਸ ਵਿੱਚ ਸੋਸਲ ਸਾਈਟਾਂ ਨੂੰ ਆਪਣਾ ਮੁਨਾਫਾ ਸਥਾਨਕ ਰਚਨਾਕਾਰਾਂ ਅਤੇ ਮੀਡੀਆ ਸੰਸਥਾਵਾਂ ਨਾਲ, ਉਹਨਾਂ ਦੇ ਮਿਹਨਤਾਨੇ ਵਜੋਂ,ਸਾਂਝਾ ਕਰਨਾ ਲਾਜਮੀ ਬਣਾ ਦਿੱਤਾ ਗਿਆ।

ਗੂਗਲ ਅਤੇ ਹੋਰ ਅਦਾਰਿਆਂ ਨਾਲ ਸਮਝੌਤਿਆਂ ਦੇ ਚੱਲਦੇ ਆਪਸੀ ਸਹਿਮਤੀ ਬਣਾ ਲਈ,ਪਰ ਤਕਰਾਰ ਉਸ ਵੇਲੇ ਵੱਧ ਗਿਆ ਜਦੋਂ ਫੇਸਬੁੱਕ ਨੇ ਭੁਗਤਾਨ ਕਰਨਾ ਨਾ ਮੰਨਿਆਂ ਅਤੇ ਨਾਲ ਹੀ ਕਾਨੂੰਨ ਦੇ ਘੇਰੇ ਤੋਂ ਬਾਹਰ ਰਹਿਣ ਲਈ ਹਰ ਉਸ ਅਦਾਰੇ ਤੇ ਆਪਣੀ ਸਮੱਗਰੀ ਅਪਲੋਡ ਕਰਨ ਤੋਂ ਰੋਕ ਲਗਾ ਦਿੱਤੀ,ਜਿਸ ਲਈ ਫੇਸਬੁੱਕ ਨੂੰ ਭੁਗਤਾਨ ਕਰਨਾ ਪੈ ਸਕਦਾ ਸੀ।

ਰਿਪੋਰਟ ਲਿਖਣ ਤੱਕ ਇਹ ਮਾਮਲਾ ਇੰਜ ਹੀ ਅੜਿਆ ਹੋਇਆ ਸੀ।

**ਅਜਿਹੇ ਹੀ ਤਕਰਾਰ ਦੀ ਵਜਾ ਬਣਿਆ ਭਾਰਤ ਵਿੱਚ ਚੱਲ ਰਿਹਾ ਕਿਸਾਨ ਅੰਦੋਲਨ-**

ਭਾਰਤ ਸਰਕਾਰ ਨੇ ਅੰਦੋਲਨ ਦੇ ਚੱਲਦਿਆਂ ਸੋਸਲ ਮੀਡੀਆ ਤੇ ਸਰਗਰਮ 1100 ਖਾਤਿਆਂ ਦੀ ਸੂਚੀ ਜਾਰੀ ਕਰਕੇ ਟਵਿੱਟਰ ਨੂੰ ਖਾਤੇ ਤੁਰੰਤ ਬੰਦ ਕਰਨ ਲਈ ਕਿਹਾ ਅਤੇ ਕੁੱਝ ਹੋਰ ਸਮੱਗਰੀ ਵੀ ਹਟਾਉਣ ਲਈ ਕਿਹਾ। ਸਰਕਾਰ ਨੇ ਦਾਅਵਾ ਕੀਤਾ ਕਿ ਇਹ ਦੇਸ ਦੀ ਸੁਰੱਖਿਆ ਲਈ ਖਤਰਨਾਕ ਸਮੱਗਰੀ ਹੈ ਅਤੇ ਗਲਤ ਜਾਣਕਾਰੀ ਦਾ ਪਸਾਰ ਹੋ ਰਿਹਾ ਹੈ।

ਟਵਿੱਟਰ ਨੇ ਵਿਚਾਰਾਂ ਦੀ ਪ੍ਰਗਟਾਵੇ ਦੀ ਆਜਾਦੀ ਦਾ ਹਵਾਲਾ ਦਿੰਦਿਆਂ ਅਜਿਹਾ ਕਰਨ ਤੋਂ ਅਸਮਰੱਥਤਾ ਜਤਾਈ ਤਾਂ ਸਰਕਾਰ ਨੇ ਦਬਾਅ ਬਣਾਉਣਾ ਸੁਰੂ ਕੀਤਾ।ਜਿਸਦੇ ਚੱਲਦਿਆਂ ਟਵਿੱਟਰ ਨੇ ਕੁੱਝ ਖਾਤੇ ਸਿਰਫ ਭਾਰਤ ਵਿੱਚ ਬੰਦ ਕਰ ਦਿੱਤੇ ਗਏ ਅਤੇ ਕੁੱਝ ਨੂੰ ਅਸਥਾਈ ਤੌਰ ਤੇ ਬੰਦ ਕਰ ਦਿੱਤਾ ਗਿਆ। ਟਵਿੱਟਰ ਨੇ ਕੁੱਝ ਪੱਤਰਕਾਰਾਂ, ਅਖਬਾਰਾਂ, ਆਗੂਆਂ , ਸਮਾਜਿਕ ਕਾਰਕੁੰਨਾਂ ਦੇ ਖਾਤੇ 'ਬੋਲਣ ਦੀ ਆਜਾਦੀ' ਦਾ ਪ੍ਰਗਟਾਵਾ ਦੱਸਦਿਆਂ ਬੰਦ ਨਹੀਂ ਕੀਤੇ, ਜਿਸ ਕਾਰਨ ਸਰਕਾਰ ਦੀ ਨਰਾਜਗੀ ਦਾ ਪਾਤਰ ਟਵਿੱਟਰ ਬਣਿਆਂ ਹੋਇਆ।

ਕੁੱਝ ਸਮਾਜਿਕ ਕਾਰਕੁੰਨਾਂ ਵੱਲੋਂ,ਇਸ ਵਰਤਾਰੇ ਨੂੰ ਬੋਲਣ ਦੀ ਆਜਾਦੀ ਤੇ ਹਮਲਾ ਦੱਸਦਿਆਂ ਅਦਾਲਤ ਤੱਕ ਮਾਮਲਾ ਲਿਜਾਇਆ ਗਿਆ, ਜਿਸ ਤੇ ਪ੍ਰਤੀਕਿਰਿਆ ਕਰਦਿਆਂ ਅਦਾਲਤ ਨੇ ਸਰਕਾਰ ਅਤੇ ਟਵਿੱਟਰ ਤੋਂ ਉਸ ਕਾਰਜਵਿਧੀ ਅਤੇ ਮਾਪਦੰਡਾਂ ਦੀ ਵਿਆਖਿਆ ਕਰਨ ਲਈ ਕਿਹਾ,ਜੋ ਸੰਭਾਵਿਤ ਤੌਰ ਤੇ ਝੂਠੀ ਜਾਣਕਾਰੀ ਅਤੇ ਹਿੰਸਾ ਫੈਲਾਉਣ ਵਾਲੀ ਸਮੱਗਰੀ ਨੂੰ ਪਰਿਭਾਸਿਤ ਕਰਨ ਲਈ ਵਰਤੇ ਜਾ ਸਕਣ।ਅਗਲੀ ਕਾਰਵਾਈ ਸਰਕਾਰ ਅਤੇ ਟਵਿੱਟਰ ਦੇ ਜਵਾਬ ਆਉਣ ਤੋਂ ਬਾਅਦ ਹੀ ਕੀਤੀ ਜਾਵੇਗੀ ਪਰ ਟਵਿੱਟਰ ਤੇ ਹੋਰ ਇੰਟਰਨੈਟ ਮੰਚਾਂ ਵਿਰੁੱਧ ਮੋਰਚਾ ਖੋਲਦਿਆਂ ਤਕਨੀਕੀ ਸੂਚਨਾ ਮੰਤਰੀ,ਰਵੀ ਸੰਕਰ ਪ੍ਰਸਾਦ ਨੇ ਕਿਹਾ ਕਿ 'ਝੂਠੀਆਂ ਖਬਰਾਂ ਪ੍ਰਸਾਰਿਤ ਕਰਨ' ਅਤੇ 'ਹਿੰਸਾ ਭੜਕਾਉਣ' ਦੇ ਮਸਲਿਆਂ ਤੇ ਜੇਕਰ ਟਵਿੱਟਰ, ਫੇਸਬੁੱਕ,ਯੂ-ਟਿਊਬ,ਲਿੰਕਡ ਇਨ (ਆਦਿ ਦਾ ਨਾਮ ਲੈਂਦਿਆਂ) ਨੇ ਸਰਕਾਰ ਨੂੰ ਸਹਿਯੋਗ ਨਾ ਦਿੱਤਾ ਤਾਂ ਜੁਰਮਾਨਿਆਂ ਸਮੇਤ ਹੋਰ ਸਖਤ ਕਾਰਵਾਈ ਕੀਤੀ ਜਾਵੇਗੀ।

ਇਸ ਸਭ ਤੇ ਪ੍ਰਤੀਕਿਰਿਆ ਦਿੰਦਿਆਂ ਟਵਿੱਟਰ ਨੇ ਕਿਹਾ ਕਿ ਆਪਣੇ ਮੰਚ ਉੱਪਰ ਹੁੰਦੀਆਂ ਸਿਹਤਮੰਦ ਵਾਰਤਾਲਾਪਾਂ ਨੂੰ ਉਤਸਾਹਿਤ ਕਰਨ ਲਈ ਉਹ ਤਿਆਰ ਹਨ।ਇਹਦੇ ਲਈ ਭਾਰਤੀ ਕਾਨੂੰਨਾਂ ਮੁਤਾਬਿਕ ਅਸੀਂ ਵਿਕਲਪਾਂ ਦੀ ਖੋਜ ਕਰ ਰਹੇ ਹਾਂ।ਪਰ ਬੋਲਣ ਦੀ ਆਜਾਦੀ ਨਾਲ ਕੋਈ ਸਮਝੌਤਾ ਨਾ ਹੋਵੇ,ਇਸ ਲਈ ਟਵੀਟਾਂ ਦਾ ਵਹਾਅ ਜਾਰੀ ਰਹਿਣਾ ਚਾਹੀਦਾ ਹੀ ਹੈ।

ਦੂਜੇ ਪਾਸੇ ਸਥਿਤੀ ਦਾ ਫਾਇਦਾ ਚੁੱਕਦਿਆਂ ਭਾਰਤ ਦੀ ਸਥਾਨਕ ਫਰਮ ਵੱਲੋਂ ਬਣਾਈ 'ਕੂਅ ਐਪ'(ਖੋ) ,ਜੋ ਕਿ ਟਵਿੱਟਰ ਨਾਲ ਕਾਫੀ ਮਿਲਦੀ ਹੈ,ਨੇ ਆਪਣੀ ਸਥਿਤੀ ਮਜਬੂਤ ਕਰਨ ਲਈ ਪ੍ਰਚਾਰ ਕਰਨਾ ਸੁਰੂ ਕਰ ਦਿੱਤਾ ਹੈ।ਰੌਚਕ ਗੱਲ ਇਹ ਹੈ ਕਿ ਸਰਕਾਰੀ ਅਦਾਰੇ ਵੀ 'ਕੂਅ ਐਪ' ਵੱਲ ਜਾਣ ਲਈ ਉਤਸਾਹਿਤ ਕਰ ਰਹੇ ਹਨ।

ਬਿਜਲਈ ਅਤੇ ਸੂਚਨਾ ਮੰਤਰਾਲੇ ਦੇ ਸ੍ਰੀ ਗੋਇਲ ਨੇ ਕਿਹਾ ਅਸੀਂ ਹੁਣ ਆਪਣੀਆਂ ਤਾਜਾ ਸੂਚਨਾਵਾਂ ਕੂਅ ਐਪ ਤੇ ਸਾਂਝੀਆਂ ਕਰਿਆ ਕਰਾਂਗੇ। ਭਾਰਤ ਸਰਕਾਰ ਨੇ ਖਫਾ ਹੋ ਕੇ ਕਦਮ ਉਠਾਉਂਦਿਆਂ, ਇੱਕ 'ਇਨਟਏਰਮਏਦਇਅਟਰੇ ਘੁਇਦਏਲਨਿਏਸ ੳਨਦ ਧਗਿਟਿੳਲ ਇਦੀਉ ੳਟਹਚਿਸ ਛੋਦਏ' ਦਾ ਡਰਾਫਟ ਜਾਰੀ ਕੀਤਾ ਹੈ।ਜਿਸ ਵਿੱਚ ਇੰਟਰਨੈੱਟ ਫਰਮਾਂ ਤੇ ਸੋਸਲ ਸਾਈਟਾਂ ਅਤੇ ਮੰਚਾਂ ਨੂੰ




ਸਰਕਾਰ ਪ੍ਰਤੀ ਹੋਰ ਜਵਾਬਦੇਹ ਬਣਾਉਣ ਅਤੇ ਕਈ ਪਾਬੰਦੀਆਂ ਲਗਾਉਣ ਦੇ ਆਸਾਰ ਨਜਰ ਆ ਰਹੇ ਹਨ। ਇਸ ਵਿੱਚ ਹੇਠ ਲਿਖੀਆਂ ਮੱਦਾਂ ਦਰਜ ਹਨ,ਜੋ ਕਿ ਸਾਰੇ ਹੀ ਆਨਾਲਾਈਨ ਪਲੇਟਫਾਰਮਾਂ ਤੇ ਇੱਕ ਸਾਰ ਲਾਗੂ ਕਰਨ ਦੀ ਯੋਜਨਾ ਹੈ,ਹਾਲਾਂਕਿ ਕਿਸੇ ਵੀ ਧਿਰ ਵੱਲੋਂ ਇਹ ਸਪੱਸਟ ਨਹੀਂ ਕੀਤਾ ਗਿਆ ਕਿ ਇਹ ਜਿਉਂ ਦੀਆਂ ਤਿਉਂ ਹੀ ਲਾਗੂ ਹੋਣਗੀਆਂ ਜਾਂ ਇਹਨਾਂ ਵਿੱਚ ਸੁਧਾਰ ਕਰਨ ਦੀ ਕੋਈ ਸੰਭਾਵਨਾ ਹੈ।

**ਕੀ ਹਨ ਇਹ ਮੱਦਾਂ-**

ਸਰਕਾਰ ਦਾ ਕਹਿਣਾ ਹੈ ਕਿ ਜਿਸ ਵੀ ਸਮੱਗਰੀ ਤੇ ਸਰਕਾਰ ਵੱਲੋਂ ਇਤਰਾਜ ਦਰਜ ਕਰਾਇਆ ਜਾਵੇ, 36 ਘੰਟਿਆਂ ਵਿੱਚ ਉਸ ਸਮੱਗਰੀ ਨੂੰ ਫਰਮ ਵੱਲੋਂ ਆਪਣੇ ਮੰਚ ਉੱਪਰ ਖਤਮ ਕਰਨਾ ਯਕੀਨੀ ਬਣਾਇਆ ਜਾਵੇ।

ਸਰਕਾਰ ਜਦੋਂ ਵੀ ਕਿਸੇ ਮਸਲੇ ਤੇ ਜਾਂਚ ਪੜਤਾਲ ਲਈ ਜਾਂ ਫਿਰ ਸਾਈਬਰ ਸੁਰੱਖਿਆ ਲਈ ਕਿਸੇ ਫਰਮ ਕੋਲ ਪਹੁੰਚ ਕਰੇਗੀ ਤਾਂ ਫਰਮ ਵੱਲੋਂ ਬਹੱਤਰ ਘੰਟਿਆਂ ਵਿੱਚ ਪੂਰਨ ਸਹਿਯੋਗ ਅਤੇ ਜਵਾਬਦੇਹੀ ਤਲਬ ਕੀਤੀ ਜਾਣੀ ਚਾਹੀਦੀ ਹੈ।

ਜੇਕਰ ਕੋਈ ਅਸਲੀਲ ਸਮੱਗਰੀ ਅਪਲੋਡ ਕੀਤੀ ਜਾਂਦੀ ਹੈ ਤਾਂ ਫਰਮ ਨੂੰ ਪਹੁੰਚ ਹੋਣ ਦੇ ਇੱਕ ਦਿਨ ਦੇ ਅੰਦਰ ਅੰਦਰ ਸਾਈਟ ਤੋਂ ਪੂਰਨ ਤੌਰ ਤੇ ਖਾਤਮਾ ਕਰਨਾ ਲਾਜਮੀ ਹੋਵੇਗਾ।

ਹਰ ਦੇਸੀ ਤੇ ਵਿਦੇਸੀ ਫਰਮ ਨੂੰ ਇੱਕ ਚਹਇਡ ਛੋਮਪਲਇਨਚਏ ਡਡਚਿਏਰ ਅਤੇ ਇੱਕ ਓਣਏਚੁਟਵਿਏ ਡੋਰ ਛੋਰਦਨਿਓਟਨਿਗ ੋਨ ਲ਼ਓ ਏਨਡੋਰਚਏਮਏਨਟ ਦਾ ਅਹੁਦਾ ਰੱਖਣਾ ਲਾਜਮੀ ਹੋਵੇਗਾ, ਤਾਂ ਜੋ ਜਾਂਚ ਪੜਤਾਲ ਸਮੇਂ ਸੂਚਨਾਵਾਂ ਅਤੇ ਹੋਰ ਸਹਾਇਤਾਵਾਂ ਦਾ ਆਦਾਨ-ਪ੍ਰਦਾਨ ਫਰਮ ਅਤੇ ਸਰਕਾਰ ਵਿਚਾਲੇ ਸੌਖਾ ਅਤੇ ਤੇਜੀ ਨਾਲ ਹੋ ਸਕੇ।ਇਹਦੇ ਵਿੱਚ ਵੀ ਇਹ ਅਹੁਦੇ ਭਾਰਤੀ ਨਾਗਰਿਕ ਨੂੰ ਹੀ ਦੇਣੇ ਲਾਜਮੀ ਹੋਣਗੇ।

ਨਾਲ ਹੀ ਹਿਦਾਇਤ ਵੀ ਜਾਰੀ ਕੀਤੀ ਗਈ ਹੈ ਕਿ ਆਨਲਾਈਨ ਮੰਚਾਂ ਲਈ ਸਮੱਗਰੀ ਤਿਆਰ ਕਰਨ ਤੋਂ ਪਹਿਲਾਂ ਭਾਰਤ ਵਿਚਲੇ ਬਹੁ-ਭਾਂਤੇ ਸਮੂਹਾਂ ਅਤੇ ਸੱਭਿਆਚਾਰਕ ਵਿਭਿੰਨਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਜਿਹੀ ਸਮੱਗਰੀ ਤਿਆਰ ਨਾ ਕੀਤੀ ਜਾਵੇ ਜੋ ਕਿਸੇ ਵੀ ਵਰਗ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੋਵੇ।ਸਮੱਗਰੀ ਦੀ ਵਰਗ ਵੰਡ,ਰੇਟਿੰਗ, ਚਿਤਾਵਨੀ ਨੋਟਾਂ, ਬੇ-ਦਾਅਵਿਆਂ ਦੀ ਸੁਯੋਗ ਵਰਤੋਂ ਲਾਜਮੀ ਕੀਤੀ ਜਾਣੀ ਚਾਹੀਦੀ ਹੈ।' ਜਿਕਰਯੋਗ ਹੈ ਕਿ ਇਸ ਮੱਦ ਹੇਠ ਯੂਟਿਊਬ,ਨੈੱਟਫਲਿਕਸ,ਐਮਾਜਨ ਪ੍ਰਾਈਮ ਵਰਗੇ ਆਨਲਾਈਨ ਮੰਚਾਂ ਉੱਪਰ ਪੈਂਦੀ ਸਮੱਗਰੀ ਤੇ ਪ੍ਰਭਾਵ ਪੈਣ ਦੀ ਸੰਭਾਵਨਾ ਹੈ।

ਸਮਾਜਿਕ ਕਾਰਕੁੰਨ, ਇਹਨਾਂ ਫੈਸਲਿਆਂ ਨੂੰ ਭਾਰਤੀ ਸੰਵਿਧਾਨ ਦੀ 'ਵਿਚਾਰਾਂ ਦੀ ਆਜਾਦੀ ਪ੍ਰਗਟ ਕਰਨ ਦੇ ਮੁੱਢਲੇ ਅਧਿਕਾਰ' ਦੀ ਉਲੰਘਣਾ ਵਜੋਂ ਲੈ ਰਹੇ ਹਨ।

ਕੁੱਝ ਲੋਕ ਇਸਨੂੰ ਭਾਰਤੀ ਬੀ.ਜੇ.ਪੀ. ਸਰਕਾਰ ਦੇ ਫਾਸੀਵਾਦੀ ਢਾਂਚੇ ਦਾ ਬੇਪਰਦਾ ਹੋਣਾ ਦੱਸ ਰਹੇ ਹਨ।

ਜੋ ਵੀ ਹੋਵੇ,ਇਹ ਗੱਲ ਸਾਫ ਹੈ ਕਿ ਸਰਕਾਰ ਵੱਲੋਂ ਇਸ ਤਰਾਂ ਦੇ ਯਤਨਾਂ ਨਾਲ ਚੱਲ ਰਹੇ ਸਮਾਜਿਕ ਅਤੇ ਆਰਥਿਕ ਢਾਂਚੇ ਵਿੱਚ ਹਲਚਲ ਹੋਣੀ ਸੁਰੂ ਹੋ ਗਈ ਹੈ ਅਤੇ ਭਵਿੱਖ ਵਿੱਚ ਵੱਡੇ ਬਦਲਾਅ ਹੋਣ ਦੀ ਸੰਭਾਵਨਾ ਵੀ ਉੱਭਰ ਰਹੀ ਹੈ।

# ਮਾਂ-ਬਾਪ ਜ਼ਿੰਦਗੀ ਦਾ ਅਨਮੋਲ ਗਹਿਣਾ

**ਗਗਨਦੀਪ ਧਾਲੀਵਾਲ**
**ਝਲੂਰ ਬਰਨਾਲਾ, ਜਨਰਲ ਸਕੱਤਰ ਮਹਿਲਾ ਕਾਵਿ ਮੰਚ ਪੰਜਾਬ।**

ਵਿਅਕਤੀ ਦੇ ਜਨਮ ਲੈਣ ਸਮੇਂ ਹੀ ਉਹ ਅਨੇਕਾਂ ਰਿਸ਼ਤਿਆਂ ਵਿੱਚ ਬੱਝ ਜਾਂਦਾ ਹੈ। ਸਭ ਤੋਂ ਪਹਿਲਾ ਰਿਸ਼ਤਾ ਉਸਦਾ ਮਾਂ ਨਾਲ ਹੁੰਦਾ ਹੈ ਜੋ ਜਨਮ ਲੈਣ ਤੋਂ ਪਹਿਲਾ ਹੀ ਬਣ ਜਾਂਦਾ ਹੈ। ਮਾਂ ਸ਼ਬਦ ਵਿੱਚ ਗੁੜ ਅਤੇ ਸ਼ਹਿਦ ਨਾਲੋਂ ਵੱਧ ਮਿਠਾਸ ਹੁੰਦੀ ਹੈ। ਜਦੋਂ ਅਸੀਂ ਕਿਸੇ ਵੀ ਔਖੇ ਦੌਰ ਵਿੱਚੋਂ ਲੰਘਦੇ ਹਾਂ ਤਾਂ ਆਪ ਮੁਹਾਰੇ ਹੀ ਸਾਡੀ ਜ਼ੁਬਾਨ ਤੇ ਮਾਂ ਸ਼ਬਦ ਆ ਜਾਂਦਾ ਹੈ । ਹਰ ਮਹਾਨ ਵਿਅਕਤੀ ਦੀ ਸਫਲਤਾ ਦੇ ਪਿੱਛੇ, ਉਸਦੀ ਮਾਂ ਦੀ ਹੀ ਪ੍ਰੇਰਣਾ ਹੁੰਦੀ ਹੈ। ਇੱਕ ਵਿਅਕਤੀ ਲਈ ਸਭ ਤੋਂ ਨਿੱਘਾ, ਪਿਆਰਾ,ਉੱਚਾ-ਸੁੱਚਾ ਰਿਸ਼ਤਾ ਮਾਂ-ਬਾਪ ਦਾ ਹੁੰਦਾ ਹੈ। ਮਾਂ-ਬਾਪ ਦਾ ਰਿਸ਼ਤਾ ਇਕ ਅਜਿਹਾ ਰਿਸ਼ਤਾ ਹੈ ਜਿਸ ਦੇ ਪਿਆਰ ਵਿੱਚ ਕੋਈ ਲਾਲਚ ਨਹੀਂ ਹੈ। ਮਾਂ-ਬਾਪ ਸ਼ਬਦ ਵਿੱਚ ਇਕ ਮਿਠਾਸ, ਪਿਆਰ, ਅਪਣੱਤ ਹੈ, ਜੋ ਕਿਸੇ ਹੋਰ ਸ਼ਬਦ ਵਿਚ ਨਹੀਂ ਹੈ । ਇਹ ਇਸ ਲਈ ਪਵਿੱਤਰ ਹੁੰਦਾ ਹੈ ਕਿਉਂਕਿ ਮਾਂ-ਬਾਪ ਹਮੇਸ਼ਾ ਹੀ ਬਿਨਾਂ ਕਿਸੇ ਮਤਲਬ ਦੇ ਬਿਨਾਂ ਲਾਲਚ ਕੀਤੇ ਬੱਚਿਆਂ ਨੂੰ ਪਿਆਰ ਕਰਦੇ ਹਨ । ਦਰਅਸਲ ਮਾਂ-ਬਾਪ ਆਪਣੇ ਲਈ ਨਹੀਂ ਬਲਕਿ ਸੁਪਨੇ ਵੀ ਆਪਣੇ ਬੱਚਿਆਂ ਲਈ ਹੀ ਵੇਖਦੇ ਹਨ। ਮਾਂ-ਬਾਪ ਸਾਡੇ ਲਈ ਇੱਕ ਮਾਲੀ ਵਾਂਗ ਹਨ ਅਤੇ ਅਸੀਂ ਉਹਨਾਂ ਦਾ ਬਗ਼ੀਚਾ ਹਾਂ। ਮਾਲੀ ਆਪਣੇ ਹੱਥਾਂ ਨਾਲ ਇੱਕ ਪੌਦਾ ਲਾ ਕੇ ਉਸਦਾ ਪੂਰਾ ਖ਼ਿਆਲ ਰੱਖਦਾ ਹੈ ਤੇ ਉਸ ਨੂੰ ਇੱਕ ਫਲਦਾਇਕ ਅਤੇ ਉਪਯੋਗੀ ਰੁੱਖ ਬਣਾਉਣ ਵਿਚ ਲੱਗਾ ਰਹਿੰਦਾ ਹੈ। ਇਸ ਪਿੱਛੇ ਉਸਦੀ ਸੋਚ ਹੁੰਦੀ ਹੈ ਕਿ ਇੱਕ ਦਿਨ ਇਹ ਰੁੱਖ ਵੱਡਾ ਹੋਵੇਗਾ ਤੇ ਇਸਦੀ ਛਾਂ ਹੇਠ ਉਹ ਆਰਾਮ ਨਾਲ ਆਪਣਾ ਬੁਢਾਪਾ ਬਿਤਾ ਸਕੇਗਾ। ਕੇਵਲ ਮਾਂ-ਬਾਪ ਹੀ ਬੱਚੇ ਦੇ ਪਹਿਲੇ ਗੁਰੂ ਹੁੰਦੇ ਹਨ। ਮਾਂ-ਬਾਪ ਲਈ ਮੇਰੇ ਲਿਖੇ ਕੁੱਝ ਸ਼ੇਅਰ –

**ਮੈਂ ਕਦੇ ਨਹੀਂ ਚਾਹਿਆ ਕਿ**
**ਮੇਰੇ ਹਿੱਸੇ ਕੋਈ ਜ਼ਮੀਨ, ਘਰ ਥਾਂ ਹੋਵੇ**
**ਮਾਂ-ਬਾਪ ਨਾਲ ਹੀ ਹਰ ਪ੍ਰਭਾਤ ਹੋਵੇ**
**ਬੱਸ ਮੇਰੇ ਹਿੱਸੇ ਮੇਰਾ ਮਾਂ-ਬਾਪ ਹੋਵੇ**
**ਮੈਂ ਕਦੇ ਨਹੀਂ ਚਾਹਿਆ ਕਿ**
**ਮੇਰੇ ਹਿੱਸੇ ਕੋਈ ਦਿਨ-ਰਾਤ ਹੋਵੇ**
**ਬੱਸ ਮਾਂ-ਬਾਪ ਦਾ ਹਰ ਚੱਲਦਾ ਸਾਹ ਹੋਵੇ**
**ਗਗਨ ਦੇ ਦਿਲ ਵਿੱਚ ਮਾਂ-ਬਾਪ ਲਈ**
**ਪਿਆਰ ਅਥਾਹ ਹੋਵੇ ।**

**‘ਕੋਈ ਜੌਹਰੀ ਵੀ ਨਹੀਂ ਪਰਖ ਸਕਿਆ**
**ਜੋ ਇਹ ਚਮਕਦੇ ਸਿਤਾਰੇ ਨੇ**
**ਕਿਉਂਕਿ ਮਾਂ-ਬਾਪ ਗਗਨ ਦੀਆਂ ਅੱਖਾਂ ਦੇ ਤਾਰੇ ਨੇ’**

ਮਾਂ ਦਾ ਪਿਆਰ ਨਸੀਬਾਂ ਵਾਲਿਆਂ ਨੂੰ ਮਿਲਦਾ ਹੈ ਦੁਨੀਆ ਵਿੱਚ ਇਹ ਪਿਆਰ ਬਜ਼ਾਰ ਵਿੱਚੋਂ ਕਿਸੇ ਦੁਕਾਨ ਤੋ ਨਹੀਂ ਖ਼ਰੀਦਿਆ ਜਾ ਸਕਦਾ। ਇਹ ਰਿਸ਼ਤਾ ਰੱਬ ਦੀਆਂ ਰਹਿਮਤਾਂ ਦੁਆਰਾ ਮਿਲਦਾ ਹੈ, ਹਰ ਕੋਈ ਰਿਸ਼ਤਾ ਇੰਨਾ ਵਫ਼ਾਦਾਰ ਨਹੀਂ ਹੁੰਦਾ। ਕਹਿੰਦੇ ਹਨ ਕਿ ਉਸ ਘਰ ਤੋ ਚੰਗਾ ਸ਼ਮਸ਼ਾਨ ਹੁੰਦਾ ਹੈ ਜਿੱਥੇ ਮਾਂ ਬਾਪ ਦਾ ਸਤਿਕਾਰ ਨਹੀਂ ਕੀਤਾ ਜਾਂਦਾ। ਅੱਜ ਦੇ ਯੁੱਗ ਵਿੱਚ ਅਸੀਂ ਕਿਤੇ ਨਾ ਕਿਤੇ ਮਾਂ ਦੀ ਕਦਰ ਵੱਲੋਂ ਅਵੇਸਲੇ ਹਾਂ, ਜਿੱਥੇ ਮਾਂ ਆਪਣੇ ਬੱਚੇ ਨੂੰ ਪਿਆਰ ਨਾਲ ਪਾਲਦੀ ਹੈ ਉੱਥੇ ਪਿਤਾ ਦਾ ਵੀ ਉਨਾਂ ਹੀ ਤਿਆਗ ਅਤੇ ਦੇਣ ਆਪਣੇ ਬੱਚਿਆਂ ਲਈ ਹੁੰਦੀ ਹੈ। ਉਹ ਦਿਨ ਰਾਤ ਕੰਮ ਕਰਕੇ ਪੈਸੇ ਕਮਾਉਂਦਾ ਅਤੇ ਆਪਣੇ ਬੱਚਿਆਂ ਦੇ ਭਵਿੱਖ ਲਈ ਮਿਹਨਤ ਕਰਦਾ ਹੈ। ਪਿਤਾ ਦਾ ਵੀ ਬੱਚੇ ਦੀ ਜ਼ਿੰਦਗੀ ਵਿੱਚ ਮਹੱਤਵਪੂਰਨ ਰੋਲ ਹੁੰਦਾ ਹੈ। ਮਾਂ ਸਾਨੂੰ ਜੀਵਨ ਦਿੰਦੀ ਹੈ ਅਤੇ ਪਿਤਾ ਸਾਡਾ ਜੀਵਨ ਸੰਵਾਰਦਾ ਹੈ। ਮਾਂ ਬੱਚੇ ਦੀ ਜਾਨ ਦੀ ਫ਼ਿਕਰ ਕਰਦੀ ਹੈ । ਪਿਤਾ ਉਸਦੇ ਭਵਿੱਖ ਪ੍ਰਤੀ ਫ਼ਿਕਰਮੰਦ ਹੁੰਦਾ ਹੈ । ਪਿਤਾ ਦਾ ਭਾਵੇਂ ਅਧਿਕਾਰ ਅਤੇ ਅਨੁਸ਼ਾਸਨੀ ਰੋਹਬ ਪਰਿਵਾਰ ਵਿੱਚ ਮੰਨਿਆ ਗਿਆ ਹੈ, ਪਰ ਹਿਰਦੇ ਤੋਂ ਪਿਤਾ ਵੀ ਬਹੁਤ ਕੋਮਲ ਭਾਵੀ ਹੁੰਦਾ ਹੈ । ਕਿਸੇ ਨੇ ਠੀਕ ਹੀ ਕਿਹਾ ਹੈ ਕਿ



**ਪਿਓ ਲੋਰੀ ਵੀ ਹੈ, ਮੋਹ ਭਿੱਜੀ ਘੂਰੀ ਵੀ।**
**ਪਿਓ ਰਾਗ ਵੀ ਹੈ, ਤੋਤਲੇ ਬੋਲ ਵੀ ।**
**ਪਿਓ ਗਫਹੀਰਾ ਵੀ ਹੈ, ਘਨੇੜੀ ਵੀ ।**

ਬੱਚੇ ਦੁਆਰਾ ਕੀਤੀਆਂ ਗ਼ਲਤੀਆਂ ਤੇ ਮਾਂ-ਬਾਪ ਗਲਵੱਕੜੀ ਵਿੱਚ ਲੈ ਲੈਂਦੇ ਹਨ ਅਤੇ ਭਵਿੱਖ ਵਿੱਚ ਆਪਣੀ ਭੁੱਲ ਸੁਧਾਰਨ ਲਈ ਵਰਜਦੇ ਹਨ। ਪਰ ਅੱਜ ਦੇ ਹਾਲਾਤ ਕੁਝ ਇਵੇਂ ਦੇ ਬਣ ਗਏ ਹਨ ਕਿ ਬੱਚਿਆਂ ਲਈ ਮਾਂ ਬਾਪ ਬੋਝ ਬਣਦੇ ਜਾ ਰਹੇ ਹਨ। ਅੱਜ ਉਹ ਮਾਪੇ ਜਿਹੜੇ ਆਪਣੇ ਬੱਚਿਆਂ ਦੀ ਬਿਨਾਂ ਕਿਸੇ ਸੋਚ ਵਿਚਾਰ ਅਤੇ ਲਾਲਚ ਦੇ ਆਪਣੇ ਬੱਚਿਆਂ ਲਈ ਦਿਨ-ਰਾਤ ਇੱਕ ਕਰਦੇ ਹਨ ਅਤੇ ਉਨਾਂ ਦੀ ਵਧੀਆ ਪਰਵਰਿਸ਼ ਕਰਦੇ ਨੇ, ਪਰ ਬੁਢਾਪੇ ਵਿੱਚ ਪੁੱਤਰਾਂ ਦੀ ਜਗਾ ਲਾਠੀ ਉਹਨਾਂ ਦਾ ਸਹਾਰਾ ਬਣਦੀ ਹੈ ਅਤੇ ਬਿਰਧ ਆਸ਼ਰਮ ਉਨਾਂ ਦਾ ਰੈਣ ਬਸੇਰਾ ਬਣਦੇ ਹਨ। ਸਾਡੇ ਦੇਸ਼ ਵਿੱਚ ਪੱਛਮੀ ਸੱਭਿਅਤਾ ਦਾ ਪ੍ਰਭਾਵ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ। ਵਿਦੇਸ਼ਾਂ ਵਿੱਚ ਬੱਚਿਆਂ ਕੋਲ ਮਾਂ -ਬਾਪ ਲਈ ਸਮੇਂ ਦੀ ਘਾਟ ਦੇ ਕਾਰਨ ਉਨਾਂ ਨੂੰ ਬਿਰਧ ਘਰਾਂ ਵਿੱਚ ਛੱਡ ਦਿੱਤਾ ਜਾਂਦਾ ਹੈ। ਇਹਨਾਂ ਕਾਰਨਾਂ ਦੇ ਚੱਲਦਿਆਂ ਹੀ ਉਨਾਂ ਦੇਸ਼ਾਂ ਵਿੱਚ ਬਾਕੀ ਅਹਿਮ ਦਿਨਾਂ ਦੀ ਤਰਾਂ ਮਾਤਾ ਪਿਤਾ ਲਈ ਵੀ ਦਿਨ ਮੁਕੱਰਰ ਕਰ ਦਿੱਤੇ ਗਏ ਹਨ। ਦੁਨੀਆ ਭਰ ਵਿੱਚ ਮਈ ਮਹੀਨੇ ਦਾ ਦੂਸਰਾ ਐਤਵਾਰ ਮਦਰ ਡੇ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਮਾਂ ਨੂੰ ਤੋਹਫ਼ੇ ਦਿੱਤੇ ਜਾਂਦੇ ਹਨ ਅਤੇ ਕੇਕ ਕੱਟ ਕੇ ਇਹ ਲੋਕ ਆਪਣੇ ਬੱਚੇ ਹੋਣ ਦਾ ਫ਼ਰਜ਼ ਨਿਭਾ ਦਿੰਦੇ ਹਨ। ਵਿਦੇਸ਼ੀ ਲੋਕਾਂ ਦੀ ਦੇਖਾ-ਦੇਖੀ ਸਾਡੇ ਦੇਸ਼ ਵਿੱਚ ਵੀ ਨੌਜਵਾਨ ਪੀੜ੍ਹੀ ਵੱਲੋਂ ਮਦਰ ਡੇ ਮਨਾਇਆ ਜਾਣ ਲੱਗ ਪਿਆ ਹੈ। ਪਰ ਮਾਂ ਨੂੰ ਤੋਹਫ਼ਿਆਂ ਤੋਂ ਵੱਧ ਬੱਚਿਆਂ ਦੇ ਪਿਆਰ ਅਤੇ ਸਨੇਹ ਦੀ ਲੋੜ ਹੁੰਦੀ ਹੈ। ਖ਼ਾਸ ਤੌਰ ਤੇ ਉਮਰ ਦੇ ਆਖ਼ਰੀ ਪੜਾਅ ਵਿੱਚ ਬੱਚਿਆਂ ਵੱਲੋਂ ਆਪਣੇ ਮਾਤਾ-ਪਿਤਾ ਨੂੰ ਦਿੱਤਾ ਗਿਆ ਪਿਆਰ -ਸਤਿਕਾਰ ਅਤੇ ਖ਼ੁਸ਼ੀ ਵਾਲਾ ਮਾਹੌਲ ਉਨਾਂ ਦੀ ਜ਼ਿੰਦਗੀ ਦੇ ਆਖ਼ਰੀ ਸਾਲਾਂ ਨੂੰ ਸੁਖਾਲਾ ਬਣਾ ਦਿੰਦਾ ਹੈ। ਮੇਰੇ ਮੁਤਾਬਿਕ ਇਹ ਸਪੈਸ਼ਲ ਦਿਨ ਉਹ ਲੋਕ ਮਨਾਉਂਦੇ ਹਨ ਜੋ ਮਾਂ ਬਾਪ ਦੇ ਖੋ ਜਾਣ ਤੋ ਡਰਦੇ ਹਨ। ਭਾਵ ਇਸ ਦਿਨ ਤੋ ਪਹਿਲਾ ਉਨਾਂ ਕੋਲ ਸਮਾਂ ਹੀ ਨਹੀਂ ਹੁੰਦਾ ਕਿ ਉਹ ਪਰਿਵਾਰ ਵਿੱਚ ਬੈਠ ਕੇ ਮਾਂ-ਬਾਪ ਨੂੰ ਪਿਆਰ ਕਰ ਸਕਣ ਸਿਰਫ਼ ਇਸ ਰਿਸ਼ਤੇ ਨੂੰ ਬਚਾਉਣ ਲਈ ਹੀ ਉਹ ਇਸ ਦਿਨ ਦਾ ਇੰਤਜ਼ਾਰ ਕਰਦੇ ਹਨ ਤਾਂ ਜੋ ਲੋਕ ਦਿਖਾਵਾ ਕਰ ਸਕਣ। ਮਾਂ-ਬਾਪ ਅਜਿਹਾ ਅਨਮੋਲ ਗਹਿਣਾ ਹਨ ਜਿੰਨਾ ਦੇ ਲਈ ਨਾ ਕੋਈ ਇੱਕ ਦਿਨ ਨਾ ਕੋਈ ਇੱਕ ਰਾਤ ਨਾ ਹੀ ਸਾਲ -ਮਹੀਨੇ ਤੇ ਸਦੀਆਂ ਤੈਅ ਕੀਤੀਆਂ ਜਾ ਸਕਣ। ਮਾਂ-ਬਾਪ ਦਾ ਪਿਆਰ ਸਦਾ ਹੀ ਸਦਾ-ਬਹਾਰ ਰਹਿੰਦਾ ਹੈ । ਜਿਹੜੇ ਇਨਸਾਨ ਕਹਿੰਦੇ ਹਨ ਕਿ ਧਾਰਮਿਕ ਅਸਥਾਨਾਂ ’ਤੇ ਰੋਜ਼ਾਨਾ ਜਾ ਕੇ ਬੰਦਗੀ ਕਰਨੀ ਹੈ ਪਰ ਮਾਤਾ-ਪਿਤਾ ਨੂੰ ਪੁੱਛਣਾ ਨਹੀਂ, ਉਨਾਂ ਦੀ ਸਭ ਭਜਨ-ਬੰਦਗੀ ਨਿਸਫਲ ਹੁੰਦੀ ਹੈ। ਜਿਹੜੀ ਔਲਾਦ ਮਾਪਿਆਂ ਦੀ ਆਤਮਾ ਨੂੰ ਦੁਖੀ ਕਰਦੀ ਹੈ, ਉਹ ਕਦੇ ਵੀ ਖ਼ੁਸ਼ ਨਹੀਂ ਰਹਿ ਸਕਦੀ। ਇੱਕ ਬੱਚਾ ਸੱਤ ਜਨਮਾਂ ਤੱਕ ਆਪਣੇ ਮਾਂ-ਬਾਪ ਦਾ ਕਰਜ਼ਾ ਨਹੀਂ ਲਾਹ ਸਕਦਾ। ਸਾਨੂੰ ਹਮੇਸ਼ਾ ਮਾਂ-ਬਾਪ ਦੇ ਪਿਆਰ ਦੀ ਕਦਰ ਕਰਨੀ ਚਾਹੀਦੀ ਹੈ ਕਿਉਂਕਿ-ਮਾਂ ਬਾਪ ਦੇ ਚਰਨਾਂ ਵਿੱਚ ਰੱਬ ਦਾ ਦੀਦਾਰ ਹੁੰਦਾ ਹੈ। ਕਿਸੇ ਨੇ ਠੀਕ ਹੀ ਕਿਹਾ ਹੈ

**ਨਾ ਅਸੀਂ ਮੰਗਦੇ ਧੁੱਪ ਵੇ ਰੱਬਾ**
**ਨਾ ਹੀ ਮੰਗਦੇ ਛਾਵਾਂ ਨੂੰ**
**ਇੱਕ ਬਾਪ ਨੂੰ ਕੁਝ ਨਾ ਹੋਵੇ**
**ਦੂਜਾ ਸੁਖੀ ਰੱਖੀ ਸਦਾ ਮਾਵਾਂ ਨੂੰ**

ਭਗਵਾਨ ਗਣੇਸ਼ ਜੀ ਵੀ ਮਾਂ ਪਿਓ ਦੀ ਪਰਿਕਰਮਾ ਕਰ ਕੇ ਹੀ ਮਹਾਨ ਬਣੇ ਤੇ ਕਿਸੇ ਵੀ ਸ਼ੁੱਭ ਕੰਮ ’ਚ ਉਹਨਾਂ ਦੀ ਪੂਜਾ ਸਭ ਤੋਂ ਪਹਿਲਾਂ ਹੁੰਦੀ ਹੈ। ਸਰਵਣ ਕੁਮਾਰ ਨੇ ਮਾਂ-ਪਿਓ ਦੀ ਸੇਵਾ ਵਿੱਚ ਆਪਣੇ ਕਸ਼ਟਾਂ ਦੀ ਜ਼ਰਾ ਵੀ ਪ੍ਰਵਾਹ ਨਹੀਂ ਕੀਤੀ ਤੇ ਅਖੀਰ ਸੇਵਾ ਕਰਦੇ ਕਰਦੇ ਪ੍ਰਾਣ ਤਿਆਗ ਦਿੱਤੇ ਸਨ। ਜ਼ਿੰਦਗੀ ਦੀਆਂ ਜੋ ਮੌਜਾਂ, ਬਹਾਰਾਂ, ਬੇਫ਼ਿਕਰੀ, ਲਾਪਰਵਾਹੀ ਭਰੀ ਜ਼ਿੰਦਗੀ ਦੇ ਪਲ ਬੱਚਾ ਆਪਣੇ ਮਾਂ-ਬਾਪ ਦੇ ਸਿਰ ਤੇ ਗੁਜ਼ਾਰ ਲੈਂਦਾ ਹੈ, ਉਹ ਮੌਜ ਬਹਾਰਾਂ ਮੁੜ ਕੇ ਨਹੀਂ ਮਿਲ ਸਕਦੀਆਂ। ਕਿਸੇ ਨੇ ਸੱਚ ਹੀ ਕਿਹਾ ਹੈ,

**‘ਮਾਂ ਬਿਨ ਨਾ ਕੋਈ ਘਰ ਬਣਦਾ ਏ**
**ਪਿਉ ਬਿਨ ਨਾ ਕੋਈ ਤਾਜ**
**ਮਾਂ ਦੇ ਸਿਰ ਤੇ ਐਸ਼ਾਂ ਹੁੰਦੀਆਂ,**
**ਪਿਉ ਦੇ ਸਿਰ ਤੇ ਰਾਜ’**

ਮਾਂ-ਬਾਪ ਦੇ ਪੈਰਾਂ ਦੀ ਮਿੱਟੀ ਵਿੱਚ ਹੀ ਜੰਨਤ ਦਾ ਨਜ਼ਾਰਾ ਹੁੰਦਾ ਹੈ। ਜਿਉਂ -ਜਿਉਂ ਇਨਸਾਨ ਵੱਡਾ ਹੁੰਦਾ ਜਾਂਦਾ ਹੈ ਅੱਗੇ ਵਧਦਾ ਜਾਂਦਾ ਹੈ ਕਦੇ ਵੀ ਮਾਂ-ਬਾਪ ਦਾ ਪਿਆਰ ਘਟਦਾ ਨਹੀਂ। ਪਰ ਬੱਚੇ ਅਕਸਰ ਵੱਡੇ ਹੋ ਕੇ ਆਪਣੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਮਾਂ ਦੇ ਪਿਆਰ ਨੂੰ ਵਿਸਾਰ ਦਿੰਦੇ ਹਨ। ਬਹੁਤੇ ਘਰਾਂ ਵਿੱਚ ਤਾਂ ਮਾਂ-ਬਾਪ ਘਰ ਵਿੱਚ ਪਏ ਪੁਰਾਣੇ ਫ਼ਰਨੀਚਰ ਦੀ ਤਰਾਂ ਹੁੰਦੇ ਹਨ। ਕਈ ਮਾਂ-ਬਾਪ ਨੂੰ ਤਾਂ ਜਿਉਂਦੇ ਜੀਅ ਹੀ ਆਪਣੇ ਸੁਪਨਿਆਂ ਦੇ ਘਰ ਨੂੰ ਛੱਡ ਬਿਰਧ ਘਰ ਵੱਲ ਜਾਣਾ ਪੈ ਜਾਂਦਾ ਹੈ। ਜੋ ਲੋਕ ਇਸ ਤਰਾਂ ਦਾ ਸਲੂਕ ਮਾਂ-ਬਾਪ ਨਾਲ ਕਰਦੇ ਹਨ ਉਨਾਂ ਨੂੰ ਸ਼ਾਇਦ ਇਸ ਗੱਲ ਦਾ ਅਹਿਸਾਸ ਨਹੀਂ ਹੁੰਦਾ ਕਿ ਅਸੀਂ ਮਾਤਾ-ਪਿਤਾ ਦੀ ਬਦੌਲਤ ਹੀ ਦੁਨੀਆ ’ਤੇ ਆਏ ਹਾਂ ਪਰ ਜਿੰਨਾ ਪਿਆਰ ਮਾਂ-ਬਾਪ ਨੇ ਔਲਾਦ ਨੂੰ ਦਿੱਤਾ ਹੁੰਦਾ ਹੈ, ਓਨਾ ਕਿਸੇ ਰਿਸ਼ਤੇਦਾਰ ਕੋਲੋਂ ਨਹੀਂ ਮਿਲਦਾ। ਜੇ ਅੱਜ ਤੁਸੀਂ ਇਹ ਕਰ ਰਹੇ ਹੋ, ਕੱਲ ਇਹੀ ਤੁਹਾਡੇ ਨਾਲ ਹੋਵੇਗਾ। ਤੁਹਾਡੇ ਬੱਚੇ ਤੁਹਾਡਾ ਇਹ ਵਿਵਹਾਰ ਦੇਖ ਰਹੇ ਹਨ। ਜੋ ਤੁਸੀਂ ਮਾਂ-ਬਾਪ ਨਾਲ ਕਰਿਆ ਹੈ, ਕੱਲ ਜਦੋਂ ਬੱਚੇ ਵੱਡੇ ਹੋਣਗੇ ਤਾਂ ਉਹ ਵੀ ਇਹ ਸਭ ਕੁਝ ਤੁਹਾਡੇ ਨਾਲ ਕਰਨਗੇ, ਕਿਉਂਕਿ

**‘ਜਿਹਾ ਕਰੋਗੇ ਤਿਹਾ ਭਰੋਗੇ’ ਜਾਂ**
**‘ਜਿਹਾ ਬੀਜੋਗੇ ਤਿਹਾ ਵੱਢੋਗੇ।’**

ਅਜੇ ਵੀ ਵਕਤ ਹੈ, ਸਿਆਣੇ ਬਣੋ ਅਤੇ ਆਪਣੇ ਮਾਤਾ ਪਿਤਾ ਜੋ ਸਾਡੇ ਲਈ ਰੱਬ ਦਾ ਰੂਪ ਨੇ ਉਨਾਂ ਦੀ ਕਦਰ ਕਰੋ। ਬੇਸ਼ੱਕ ਗੁਰਦੁਆਰੇ ਨਾ ਜਾਓ ਮੰਦਰ ਵੀ ਨਾ ਜਾਓ, ਪਰ ਮਾਂ-ਬਾਪ ਦੀ ਸੇਵਾ ਜ਼ਰੂਰ ਕਰੋ। ਇਹੀ ਤੀਰਥ ਨੇ। ਮਾਂ ਜਿਹੜੀ ਆਪ ਦੁੱਖ ਸਹਿ ਲੈਂਦੀ ਹੈ ਪਰ ਆਪਣੇ ਬੱਚਿਆਂ ਨੂੰ ਆਂਚ ਨਹੀਂ ਆਉਣ ਦਿੰਦੀ।

‘ਪੁੱਤਰ ਕਪੁੱਤਰ ਹੋ ਸਕਦੇ ਨੇ ਪਰ ਮਾਪੇ ਕੁਮਾਪੇ ਨਹੀਂ ਹੁੰਦੇ।’

‘ਮਾਂ ਬਾਪ ਨੂੰ ਪ੍ਰਮਾਤਮਾ ਤੋਂ ਵੀ ਵਧ ਕੇ ਇਸ ਲਈ ਮੰਨਿਆ ਜਾਂਦਾ ਹੈ ਕਿਉਂਕਿ ਪ੍ਰਮਾਤਮਾ ਸਾਡੀ ਕਿਸਮਤ ਵਿਚ ਸੁੱਖ-ਦੁੱਖ ਦੋਵੇਂ ਲਿਖਦਾ ਹੈ ਜਦੋਂ ਕਿ ਮਾਂ ਬਾਪ ਸਿਰਫ਼ ਸੁੱਖ ਲਿਖਦੇ ਹਨ।’

ਮਾਂ ਦੇ ਦੁਲਾਰ ਅਤੇ ਪਿਤਾ ਦੀ ਡਾਂਟ ਫਟਕਾਰ ਰੂਪੀ ਪਿਆਰ ਨਾਲ ਬੱਚਾ ਵੱਡਾ ਹੁੰਦਾ ਹੈ । ਸ਼ਾਇਦ ਇਸੇ ਕਰਕੇ ਬੱਚਾ ਵਧੇਰੇ ਆਪਣੀ ਮਾਂ ਦੇ ਨੇੜੇ ਹੁੰਦਾ ਹੈ ਪਿਤਾ ਦਾ ਸੁਭਾਅ ਨਾਰੀਅਲ ਦੀ ਤਰਾਂ ਹੁੰਦਾ ਹੈ ਬਾਹਰੋਂ ਸਖ਼ਤ ਅਤੇ ਅੰਦਰੋਂ ਨਰਮ । ਸ਼ਾਇਦ ਇਸੇ ਕਰਕੇ ਕਿ ਪਿਤਾ ਨੂੰ ਮਾਂ ਨਾਲੋਂ ਜ਼ਿਆਦਾ ਜ਼ਿੰਦਗੀ ਦੇ ਕੌੜੇ ਯਥਾਰਥਾਂ ਦਾ ਗਿਆਨ ਹੁੰਦਾ ਹੈ। ਪਿਤਾ ਦੀ ਡਾਂਟ ਘੁਮਿਆਰ ਦੀ ਉਸ ਚੋਟ ਦੀ ਤਰਾਂ ਹੁੰਦੀ ਹੈ ਜੋ ਉਹ ਆਪਣੇ ਭਾਂਡੇ ਨੂੰ ਇਸ ਲਈ ਦਿੰਦਾ ਹੈ ਤਾਂ ਜੋ ਉਹ ਕਿਸੇ ਘਰ ਦਾ ਸ਼ਿੰਗਾਰ ਬਣ ਸਕੇ । ਇਸ ਪਿੱਛੇ ਪਿਤਾ ਦਾ ਇੱਕੋ ਇੱਕ ਮਕਸਦ ਇਹ ਹੁੰਦਾ ਹੈ ਕਿ ਉਸਦਾ ਬੱਚਾ ਜ਼ਿੰਦਗੀ ਵਿੱਚ ਕੋਈ ਚੰਗਾ ਮੁਕਾਮ ਹਾਸਿਲ ਕਰ ਸਕੇ ਪਰ ਔਲ਼ੇ ਦਾ ਖਾਧਾ ਅਤੇ ਸਿਆਣੇ ਦਾ ਕਿਹਾ ਬਾਅਦ ਵਿੱਚ ਸਮਝ ਆਉਂਦਾ ਹੈ, ਪਰ ਉਸ ਸਮੇਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਸੋ ਆਓ ਸਾਰੇ ਰਲ ਕੇ ਪ੍ਰਣ ਕਰੀਏ ਕਿ ਰੱਬ ਵਰਗੇ ਮਾਂ-ਬਾਪ ਨੂੰ ਉਨਾਂ ਦਾ ਬਣਦਾ ਪਿਆਰ ਤੇ ਸਤਿਕਾਰ ਦੇਈਏ। ਮਾਂ-ਬਾਪ ਦੇ ਸੁਪਨਿਆਂ ਨੂੰ ਪੂਰੇ ਕਰਨ ਲਈ ਜੀ ਤੋੜ ਤਨ ਮਨ ਤੋਂ ਮਿਹਨਤ ਕਰਕੇ ਉਹਨਾਂ ਦਾ ਨਾਮ ਰੌਸ਼ਨ ਕਰੀਏ ਤਾਂ ਜੋ ਉਹ ਏਸੇ ਹੌਸਲੇ ਨਾਲ ਆਪਣਾ ਬੁਢਾਪਾ ਖ਼ੁਸ਼ੀ-ਖ਼ੁਸ਼ੀ ਬਿਤਾ ਸਕਣ।

# ਆਪਣਾ ਦੇਸ਼ ਛੱਡਣ ਦੀ ਖ਼ੁਸ਼ੀ



**ਚਾਨਣ ਦੀਪ ਸਿੰਘ ਔਲਖ,**
**ਪਿੰਡ ਗੁਰਨੇ ਖੁਰਦ (ਮਾਨਸਾ), ਸੰਪਰਕ : ੯੮੭੬੮੮੮੧੭੭**

**ਮਿੰਨੀ ਕਹਾਣੀ**

ਗੁਰੂਦਵਾਰਾ ਸਾਹਿਬ ਤੋਂ ਗ੍ਰੰਥੀ ਸੰਗਰਾਂਦ ਦੀਆਂ ਦੇਗਾਂ ਬੋਲ ਰਿਹਾ ਸੀ। ਪਰਮਜੀਤ ਨੇ ਆਪਣੀ ਬੇਟੀ ਅਮਨ ਨੂੰ ਕਿਹਾ ਚੱਲ ਪੁੱਤ ਆਪਾਂ ਵੀ ਗੁਰੂ ਘਰ ਜਾ ਆਈਏ। ਪਰ ਅਮਨ ਨੇ ਕਿਹਾ ਨਹੀਂ ਮੰਮੀ ਪਲੀਜ਼ ਤੁਸੀਂ ਜਾ ਆਓ ਮੇਰਾ ਮਨ ਨਹੀਂ। ਭਾਵੇਂ ਉਸ ਨੇ ਕੁਝ ਸਮਾਂ ਪਹਿਲਾਂ ਆਈਲੈਟਸ ਕਰਨ ਪਿੱਛੋਂ ਰੋਜ਼ਾਨਾ ਪਾਠ ਕਰਨ ਅਤੇ ਗੁਰੂ ਘਰ ਮੱਥਾ ਟੇਕਣ ਦਾ ਰੁਟੀਨ ਬਣਾਇਆ ਸੀ। ਪਰ ਉਸ ਦੇ ਸਟੱਡੀ ਵੀਜ਼ਾ ਆਉਣ ਵਿੱਚ ਵਾਰ ਵਾਰ ਹੋ ਰਹੀ ਦੇਰੀ ਨੇ ਉਸ ਨੂੰ ਨਮੋਸ਼ ਕਰ ਦਿੱਤਾ ਅਤੇ ਉਸ ਨੇ ਇਹ ਸਭ ਛੱਡ ਦਿੱਤਾ। ਹੁਣ ਉਹ ਅਕਸਰ ਉਦਾਸ ਰਹਿੰਦੀ ਬਸ ਯੂ ਟਿਊਬ ਉੱਤੇ ਸਟੱਡੀ ਵੀਜ਼ਾ ਬਾਰੇ ਵੀਡੀਉਜ਼ ਖੰਗਾਲਦੀ ਰਹਿੰਦੀ। ਅਮਨ ਦਾ ਪਿਤਾ ਗੁਰਸੇਵਕ ਬਾਹਰੋਂ ਘਰ ਆਇਆ ਪਰਮਜੀਤ ਨੇ ਉਸ ਨੂੰ ਪਾਣੀ ਦਾ ਗਿਲਾਸ ਫੜਾਇਆ ਅਤੇ ਦੋਵੇਂ ਬੈਠ ਕੇ ਕਬੀਲਦਾਰੀ ਦੀਆਂ ਗੱਲਾਂ ਕਰਨ ਲੱਗੇ। ਇੰਨੇ ਵਿੱਚ ਅਮਨ ਕਮਰੇ ਵਿੱਚੋਂ ਇਕਦਮ ਭੱਜੀ ਭੱਜੀ ਬਾਹਰ ਆਈ ਅਤੇ ਆਪਣੀ ਮਾਂ ਨੂੰ ਚਿੰਬੜ ਕੇ ਖ਼ੁਸ਼ੀ ਖ਼ੁਸ਼ੀ ਦੱਸਣ ਲੱਗੀ, ਮੰਮੀ ਮੇਰੀ ਪੀ ਪੀ ਆਰ ਆ ਗਈ.. ਮੰਮੀ ਮੇਰੀ ਪੀ ਪੀ ਆਰ ਆ ਗਈ.. ਇਹ ਦੇਖ ਕੇ ਗੁਰਸੇਵਕ ਬੋਲਿਆ ਉਹ ਭਾਈ ਮੈਨੂੰ ਵੀ ਦੱਸ ਦਿਓ ਵੀਜ਼ਾ ਵੀ ਆਇਐ ਕਿ ਕੁਝ ਹੋਰ ਹੀ ਆਇਐ ? ਅਮਨ ਛੇਤੀ ਛੇਤੀ ਦੱਸਣ ਲੱਗੀ ਨਹੀਂ ਡੈਡੀ ਪੀ ਪੀ ਆਰ ਦਾ ਮਤਲਬ ਪਾਸਪੋਰਟ ਰਿਕਵੈਸਟ ਹੁੰਦੈ, ਬਸ ਇਹ ਵੀਜ਼ਾ ਹੀ ਹੁੰਦੈ। ਬਾਬਾ ਜੀ ਨੇ ਆਪਣੀ ਅਰਦਾਸ ਸੁਣ ਲਈ ਬਸ ਹੁਣ ਆਪਾਂ ਸਾਰੇ ਜਣੇ ਗੁਰਦਵਾਰਾ ਸਾਹਿਬ ਜਾਵਾਂਗੇ ਅਤੇ ਦੇਗ ਕਰਵਾ ਕੇ ਆਵਾਂਗੇ। ਗੁਰਸੇਵਕ ਆਪਣੀ ਬੇਟੀ ਅਮਨ ਦੀਆਂ ਅੱਖਾਂ ਵਿੱਚ ਆਪਣਾ ਦੇਸ਼ ਛੱਡਣ ਦੀ ਖ਼ੁਸ਼ੀ ਸਾਫ਼ ਦੇਖ ਰਿਹਾ ਸੀ ਅਤੇ ਸੋਚ ਰਿਹਾ ਸੀ ਕਿ ਜੇਕਰ ਇੱਥੇ ਸਭ ਕੁਝ ਸਹੀ ਹੁੰਦਾ ਤਾਂ ਕਿਉਂ ਮਾਪੇ ਲੱਖਾਂ ਖ਼ਰਚ ਕੇ ਆਪਣੇ ਬੱਚੇ ਬਾਹਰ ਭੇਜਦੇ ?






## ਪਾਠਕਾਂ ਦਾ ਨਜ਼ਰੀਆ

### ਕਿਸਾਨ ਅੰਦੋਲਨ ਕਰੇਗਾ ਸਿਆਸਤੀ ਬਦਲਾਅ

ਬਹੁ-ਗਿਣਤੀ ਸੰਸਦ ਮੈਂਬਰਾਂ ਨੇ ਤਾਂ ਇੱਥੋਂ ਤੱਕ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਜਿਸ ਤਰਾਂ ਸੰਸਦ ਦੀ ਸਾਖ ਲੋਕਾਂ ਦੀਆਂ ਨਜ਼ਰਾਂ ਵਿਚ ਡਿੱਗ ਰਹੀ ਹੈ, ਜੇ ਕਿਸਾਨੀ ਮਸਲਿਆਂ ਦਾ ਸਹੀ ਦਿਸ਼ਾ ਵੱਲ ਕੋਈ ਹੱਲ ਨਾ ਕੱਢਿਆ ਗਿਆ ਤਾਂ ਅਜੋਕੀ ਜਮਹੂਰੀਅਤ ਲਈ ਇਹ ਸਭ ਤੋਂ ਵੱਡੀ ਤਰਾਸਦੀ ਹੋਵੇਗੀ। ਕਿਸਾਨ ਆਪਣਾ ਅੰਦੋਲਨ ਅਹਿੰਸਕ ਢੰਗ-ਤਰੀਕਿਆਂ ਨਾਲ ਚਲਾ ਰਹੇ ਹਨ ਜਿਸ ਕਰਕੇ ਦੇਸ਼ਾਂ ਵਿਦੇਸ਼ਾਂ ਤੋਂ ਇਸ ਅੰਦੋਲਨ ਨੂੰ ਵੱਡੀ ਹਮਾਇਤ ਮਿਲ ਰਹੀ ਹੈ। ਸੰਸਦੀ ਸੈਸ਼ਨ ਵਿਚ ਕਿਸਾਨੀ ਅੰਦੋਲਨ ਨੇ ਵੱਡੀਆਂ ਸਿਆਸੀ ਪਾਰਟੀਆਂ ਨੂੰ ਵੀ ਸਮਾਜਿਕ ਅਤੇ ਆਰਥਿਕ ਮਸਲਿਆਂ ਬਾਰੇ ਖੁੱਲ ਕੇ ਬੋਲਣ ਲਈ ਮਜਬੂਰ ਕਰ ਦਿੱਤਾ ਹੈ ਜਿਹੜੀਆਂ ਦਹਾਕਿਆਂ ਤੋਂ ਸੱਤਾ ਦਾ ਆਨੰਦ ਮਾਣ ਰਹੀਆਂ ਸਨ ਤੇ ਲੋਕਾਂ ਦੇ ਸਰੋਕਾਰਾਂ ਤੋਂ ਮੂੰਹ ਮੋੜੀ ਬੈਠੀਆ ਸਨ।

1990 ਤੋਂ ਬਾਅਦ ਮੁਲਕ ਦੀ ਆਰਥਿਕਤਾ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਦੇ ਸਪੁਰਦ ਕਰਨ ਵੱਲ ਕਦਮ ਪੁੱਟ ਲਿਆ ਗਿਆ ਸੀ ਅਤੇ ਅਗਲੇ ਸਾਲਾਂ ਦੌਰਾਨ ਆਰਥਿਕ ਤੌਰ ਤੇ ਇਸ ਏਜੰਡੇ ਨੂੰ ਤੇਜ਼ੀ ਨਾਲ ਅਗਾਂਹ ਵਧਾਇਆ ਗਿਆ, ਪਰ ਮੌਜੂਦਾ ਸਰਕਾਰ ਨੇ ਇਸ ਮਾਮਲੇ ਵਿਚ ਦੋ ਕਦਮ ਅੱਗੇ ਪੁੱਟਦਿਆਂ ਮੁਲਕ ਨੂੰ ਇੱਕ ਧਰਮ ਦੇ ਰਾਸ਼ਟਰ ਵਿਚ ਤਬਦੀਲ ਕਰਨ ਵਾਲਾ ਏਜੰਡਾ ਵਿੱਢ ਲਿਆ। ਇਸ ਕਾਰਜ ਲਈ ਹਰ ਕਿਸਮ ਦੀ ਸੰਸਥਾ ਜੋ ਨਿਆਂਪਾਲਿਕਾ ਤੋਂ ਲੈ ਕੇ ਸੰਸਦ ਜਰੀਏ ਦਹਾਕਿਆਂ ਤੋਂ ਸਥਾਪਿਤ ਹੋਈ ਸੀ, ਨੂੰ ਆਪਣੀ ਸਿਆਸੀ ਸੱਤਾ ਅਤੇ ਲੋਕ ਸਭਾ ਵਿਚ 303 ਸੀਟਾਂ ਦੀ ਆਪਣੀ ਤਕੜੀ ਬਹੁ-ਗਿਣਤੀ ਰਾਹੀਂ ਪੂਰੀ ਤਰਾਂ ਕਬਜ਼ੇ ਹੇਠ ਕਰ ਲਿਆ। ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ (2019) ਦੀ ਰਿਪੋਰਟ ਅਨੁਸਾਰ, ਸੰਸਦ ਦੀ ਹਕੀਕਤ ਇਹ ਹੈ ਕਿ 545 ਮੈਂਬਰਾਂ ਜਿਨਾਂ ਵਿਚੋਂ 92% ਕਰੋੜਪਤੀ ਹਨ, ਇਨਾਂ ਵਿਚੋਂ 243 ਮੈਂਬਰਾਂ ਉਪਰ ਕਈ ਤਰਾਂ ਦੇ ਗੰਭੀਰ ਕੇਸ ਅਤੇ ਦੋਸ਼ ਵੱਖ ਵੱਖ ਪੱਧਰ ਤੇ ਅਦਾਲਤਾਂ ਅਤੇ ਥਾਣਿਆਂ ਵਿਚ ਹਨ। ਇਹ ਅੰਕੜਾ ਕੁੱਲ ਸੰਸਦ ਮੈਂਬਰਾਂ ਦਾ 47% ਬਣਦਾ ਹੈ। ਮੁਲਕ ਦੇ ਵੱਖ ਵੱਖ ਰਾਜਾਂ ਦੇ ਕੁੱਲ 4298 ਐੱਮਐੱਲਏਜ਼ ਵਿਚੋਂ 1265 ਉਪਰ ਵੀ ਗੰਭੀਰ ਦੋਸ਼ ਅਤੇ ਕੇਸ ਹਨ।

ਦੇਸ਼ ਦੇ ਮੌਜੂਦਾ ਹੁਕਮਰਾਨ ਵੱਖ ਵੱਖ ਵਰਗਾਂ ਦੇ ਆਰਥਿਕ ਮਸਲਿਆਂ ਨੂੰ ਸੁਲਝਾਉਣ ਅਤੇ ਹੱਲ ਕਰਨ ਦੀ ਥਾਂ ਨੰਗੇ ਚਿੱਟੇ ਰੂਪ ਕਾਰਪੋਰੇਟ ਘਰਾਣਿਆਂ (ਅਡਾਨੀ ਤੇ ਅੰਬਾਨੀ) ਦੀ ਚਾਕਰੀ ਕਰਨ ਤੱਕ ਉਤਰੇ ਹੋਏ ਹਨ। ਅਜੋਕੇ ਸੰਘਰਸ਼ ਦਾ ਕੇਂਦਰ ਭਾਵੇਂ ਕਿਸਾਨੀ ਅੰਦੋਲਨ ਹੀ ਬਣਿਆ ਹੋਇਆ ਹੈ ਪਰ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਅਜਿਹੇ ਹਾਲਾਤ ਬਣ ਰਹੇ ਹਨ ਜੋ ਚੰਦ ਸੁਧਾਰਾਂ ਦੀ ਥਾਂ ਵੱਡੀ ਤਬਦੀਲੀ ਦੀ ਮੰਗ ਕਰਦੇ ਹਨ। ਕਿਉਂਕਿ ਅਜੋਕੇ ਹੁਕਮਰਾਨ ਉਨਾਂ ਦੀਆਂ ਵਾਜਿਬ ਮੰਗਾਂ ਦੀ ਪੂਰਤੀ ਨਹੀਂ ਕਰ ਰਹੇ, ਇਸ ਲਈ ਇਹ ਮੰਨਿਆ ਜਾ ਸਕਦਾ ਹੈ ਕਿ ਦੇਰ ਸਵੇਰ ਇਹ ਸੰਘਰਸ਼ ਕਿਸੇ ਨਵੇਂ ਸਿਆਸੀ ਬਦਲ ਵੱਲ ਵੀ ਵੱਧ ਸਕਦਾ ਹੈ । ਆਮ ਲੋਕਾਈ ਨਾਲ ਸਬੰਧਤ ਇਹ ਸੰਘਰਸ ਵੱਖ ਵੱਖ ਰਾਜਾਂ ਵਿਚਲੀਆਂ ਖੇਤਰੀ ਪਾਰਟੀਆਂ ਨੂੰ ਵੀ ਨਿਸ਼ਾਨੇ ਤੇ ਲੈ ਰਿਹਾ ਹੈ । ਹਕੀਕਤ ਇਹ ਹੈ ਕਿ ਸੰਸਦ ਤੋਂ ਬਾਹਰ ਬੈਠੇ ਕਿਸਾਨਾਂ ਨੇ ਸਮੁੱਚੀ ਸੰਸਦ ਦੀ ਬਹਿਸ ਦਾ ਰੁਖ ਤਬਦੀਲ ਕਰ ਕੇ ਰੱਖ ਦਿੱਤਾ ਹੈ। ਹੁਣ ਆਉਣ ਵਾਲੇ ਸਮੇਂ ਵਿਚ ਅਚੇਤ ਜਾਂ ਸੁਚੇਤ ਰੂਪ ਵਿਚ ਇਹ ਸਵਾਲ ਉੱਭਰ ਕੇ ਸਾਹਮਣੇ ਆਵੇਗਾ ਕਿ ਲੜਨ ਵਾਲੇ ਲੋਕਾਂ ਨੂੰ ਯੁੱਧਨੀਤਕ ਤੌਰ ’ਤੇ ਆਪਣੀ ਸਮਰੱਥਾ ਅਨੁਸਾਰ ਸੰਸਦ ਨੂੰ ਆਪਣੇ ਹਿੱਤਾਂ ਵਿਚ ਵਰਤਣ ਲਈ ਸੰਭਾਵਨਾਵਾਂ ਫਰੋਲਣੀਆਂ ਪੈਣਗੀਆਂ ਤਾਂ ਕਿ ਸੰਸਦ ਤੋਂ ਬਾਹਰ ਚੱਲਣ ਵਾਲੇ ਸੰਘਰਸ਼ਾਂ ਨੂੰ ਹੋਰ ਬਲ ਮਿਲ ਸਕੇ ਤਾਂ ਕਿ ਹੁਕਮਰਾਨਾਂ ਦੇ ਬਣਾਏ ਜਾਂਦੇ ਕਾਇਦੇ-ਕਾਨੂੰਨਾਂ ਦਾ ਰੁਖ ਤਬਦੀਲ ਹੋ ਸਕੇ ਜਾਂ ਕੀਤਾ ਜਾ ਸਕੇ। ਕਿਸਾਨੀ ਅੰਦੋਲਨ ਨੂੰ ਇਸ ਇਤਿਹਾਸਕ ਦੌਰ ਦਾ ਅਜਿਹਾ ਅੰਦੋਲਨ ਸਮਝਣਾ ਚਾਹੀਦਾ ਹੈ ਜਿਸ ਨੇ ਮੁਲਕ ਦੀ ਹਕੀਕਤ ਅਤੇ ਹੁਕਮਰਾਨਾਂ ਦੀ ਹਠਧਰਮੀ ਨੂੰ ਰਵਾਇਤੀ ਅਤੇ ਅਪ੍ਰਸੰਗਕ ਹੋ ਗਈਆਂ ਪਾਰਟੀਆਂ ਦੇ ਸਨਮੁੱਖ ਵੀ ਰੱਖ ਦਿੱਤਾ ਹੈ।

### ਕਿਸਾਨੀ ਅੰਦੋਲਨ ਨੇ ਲਾਈ ਭਾਜਪਾ ਨੂੰ ਢਾਹ

ਕੇਂਦਰ ਸਰਕਾਰ ਦੇ ਖੇਤੀ ਸੁਧਾਰਾਂ ਦੇ ਨਾਂ ’ਤੇ ਬਣਾਏ ਕਾਰਪੋਰੇਟ ਪੱਖੀ ਅਤੇ ਕਿਸਾਨ ਵਿਰੋਧੀ ਕਾਨੂੰਨਾਂ ਖਿਲਾਫ ਪਿਛਲੇ ਸਾਲ ਜੂਨ/ਜੁਲਾਈ ਤੋਂ ਪੰਜਾਬ ਤੋਂ ਸ਼ੁਰੂ ਹੋਇਆ ਕਿਸਾਨ ਅੰਦੋਲਨ ਹੁਣ ਮੁਲਕ ਪੱਧਰੀ ਬਣ ਚੁੱਕਿਆ ਹੈ, ਹੁਣ ਤਾਂ ਸਗੋਂ ਇਹ ਮੁਲਕ ਦੇ ਹਰ ਵਰਗ ਦੀ ਸਰਗਰਮ ਸ਼ਮੂਲੀਅਤ ਸਦਕਾ ਜਨ ਅੰਦੋਲਨ ਬਣ ਚੁੱਕਿਆ ਹੈ। ਇਸ ਅੰਦੋਲਨ ਨੂੰ ਉਨਾਂ ਦੀਆਂ ਮੰਗਾਂ ਪ੍ਰਵਾਨ ਹੋਣ ਦੇ ਪ੍ਰਸੰਗ ਵਿਚ ਕਿੰਨੀ ਕੁ ਸਫਲਤਾ ਮਿਲਦੀ ਹੈ, ਇਸ ਬਾਰੇ ਤਾਂ ਭਾਵੇਂ ਨਿਸਚਿਤ ਰੂਪ ਵਿਚ ਅਜੇ ਕੁਝ ਕਿਹਾ ਨਹੀਂ ਜਾ ਸਕਦਾ ਪਰ ਇਸ ਨੇ ਭਾਜਪਾ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਖਿਲਾਫ ਵੱਡੀ ਲੋਕ ਲਹਿਰ ਪੈਦਾ ਕਰ ਦਿੱਤੀ ਹੈ ਜਿਸ ਦੇ ਸਿੱਟੇ ਭਵਿੱਖ ਵਿਚ ਮੁਲਕ ਦੀ ਸਿਆਸਤ ਲਈ ਬਹੁਤ ਮਹੱਤਵਪੂਰਨ ਸਿੱਧ ਹੋ ਸਕਦੇ ਹਨ।

ਅੰਦੋਲਨ ਦਾ ਸਭ ਤੋਂ ਵੱਡਾ ਸਿਆਸੀ ਪਹਿਲੂ ਇਹ ਹੈ ਕਿ ਇਸ ਅੰਦੋਲਨ ਨੇ ਗੈਰ-ਸਿਆਸੀ ਰਹਿ ਕੇ ਵੀ ਮੁਲਕ ਭਰ ਵਿਚ ਭਾਜਪਾ ਦੇ ਸਿਆਸੀ ਆਧਾਰ ਨੂੰ ਇੰਨਾ ਵੱਡਾ ਖੋਰਾ ਲਾਇਆ ਹੈ ਜੋ ਵਿਰੋਧੀ ਪਾਰਟੀਆਂ ਵੀ ਨਹੀਂ ਲਗਾ ਸਕੀਆਂ। ਲੰਮੇ ਸਮੇਂ ਤੋਂ ਭਾਜਪਾ ਨਾਲ ਖੜੇ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਤੋਂ ਕਿਨਾਰਾ ਕਰਨਾ ਪਿਆ ਹੈ। ਕੇਰਲ ਵਿਚ ਭਾਜਪਾ ਦੇ ਇੱਕੋ-ਇੱਕ ਵਿਧਾਇਕ ਨੂੰ ਖੇਤੀ ਕਾਨੂੰਨਾਂ ਦੇ ਖਿਲਾਫ ਵੋਟ ਪਾਉਣੀ ਪਈ ਹੈ। ਭਾਜਪਾ ਦੀ ਮਾਂ ਜਥੇਬੰਦੀ ਆਰਐੱਸਐੱਸ ਦੇ ਕਿਸਾਨ ਵਿੰਗ ਅਤੇ ਕੁਝ ਆਗੂਆਂ ਨੂੰ ਕੇਂਦਰ ਸਰਕਾਰ ਇਨਾਂ ਕਾਨੂੰਨਾਂ ਖਿਲਾਫ ਬੋਲਣਾ ਪੈ ਰਿਹਾ ਹੈ। ਪੰਜਾਬ ਤੇ ਹਰਿਆਣਾ ਤੋਂ ਇਲਾਵਾ ਉੱਤਰ ਪ੍ਰਦੇਸ਼, ਉਤਰਾਖੰਡ, ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰ, ਕੇਰਲ, ਬਿਹਾਰ, ਝਾਰਖੰਡ, ਤਾਮਿਲਨਾਡੂ, ਦਿੱਲੀ, ਗੁਜਰਾਤ ਤੇ ਆਂਧਰਾ ਪ੍ਰਦੇਸ਼ ਤੱਕ ਫੈਲੀ ਇਸ ਅੰਦੋਲਨ ਦੀ ਚੰਗਿਆੜੀ ਹੁਣ ਭਾਂਬੜ ਬਣਦੀ ਦਿਖਾਈ ਦੇ ਰਹੀ ਹੈ। ਅੰਦੋਲਨ ਨੇ ਸਾਰੇ ਮੁਲਕ ਵਿਚ ਭਾਜਪਾ ਅਤੇ ਪੂੰਜੀਪਤੀ ਘਰਾਣਿਆਂ ਵਿਰੁੱਧ ਵਿਆਪਕ ਲਾਮਬੰਦੀ ਕੀਤੀ ਹੈ। ਪੰਜਾਬ ਤੇ ਹਰਿਆਣਾ ਵਿਚ ਤਾਂ ਭਾਜਪਾ ਦਾ ਲਗਭਗ ਹੂੰਝਾ ਹੀ ਫਿਰ ਗਿਆ ਹੈ। ਇਸ ਦੇ ਮੰਤਰੀ ਅਤੇ ਆਗੂ ਕੋਈ ਜਲਸਾ ਕਰਨ ਦੇ ਵੀ ਸਮਰੱਥ ਨਹੀਂ ਰਹੇ।

ਅੰਦੋਲਨ ਦਾ ਵੱਡਾ ਸਿਆਸੀ ਪਹਿਲੂ ਇਹ ਹੈ ਕਿ ਮੁਲਕ ਦੇ ਲੋਕਾਂ, ਵਿਸ਼ੇਸ਼ ਕਰ ਕੇ ਕਿਸਾਨਾਂ ਨੇ ਪਹਿਲੀ ਵਾਰ ਕੇਂਦਰ ਸਰਕਾਰ ਦੇ ਪਿੱਛੇ ਖੜੇ ਲੁਟੇਰੇ ਅਤੇ ਅਸਲੋਂ ਲੋਕ ਵਿਰੋਧੀ ਕਾਰਪੋਰੇਟ ਘਰਾਣਿਆਂ ਨੂੰ ਪਛਾਣਿਆ ਹੈ। ਹੁਣ ਤੱਕ ਲੋਕ ਸੱਤਾਧਾਰੀ ਪਾਰਟੀ ਖਿਲਾਫ ਹੀ ਬੋਲਣ ਅਤੇ ਅੰਦੋਲਨ ਕਰਨ ਤੱਕ ਸੀਮਤ ਸਨ ਪਰ ਇਹ ਪਹਿਲੀ ਵਾਰ ਹੈ ਕਿ ਆਮ ਲੋਕਾਂ ਅਤੇ ਕਿਸਾਨਾਂ ਨੇ ਪੂੰਜੀਪਤੀ ਕਾਰਪੋਰੇਟ ਘਰਾਣਿਆਂ ਨੂੰ ਆਪਣੇ ਅਸਲੀ ਦੁਸ਼ਮਣ ਵਜੋਂ ਨਾ ਕੇਵਲ ਪਛਾਣਿਆ ਹੈ ਬਲਕਿ ਉਨਾਂ ਦੇ ਆਰਥਿਕ ਹਿੱਤਾਂ ਨੂੰ ਢਾਹ ਲਾਉਣ ਲਈ ਉਨਾਂ ਦੇ ਉਤਪਾਦਾਂ ਦਾ ਬਾਈਕਾਟ ਅਤੇ ਅਦਾਰਿਆਂ ਦਾ ਘਿਰਾਉ ਕਰਨ ਦਾ ਸੱਦਾ ਵੀ ਦਿੱਤਾ ਹੈ। ਹਰ ਕਿਸਮ ਦੇ ਛੋਟੇ ਵੱਡੇ ਵਖਰੇਵਿਆਂ ਨੂੰ ਭੁਲਾ ਕੇ ਕਿਸਾਨ ਆਪਣੀਆਂ ਮੰਗਾਂ ਲਈ ਇੱਕਜੁੱਟ ਹੋ ਗਏ ਹਨ।

ਕਿਸਾਨੀ ਪ੍ਰਭਾਵ ਵਾਲੇ ਵੱਡੇ ਸੂਬਿਆਂ ਵਿਚ ਕਿਸਾਨੀ ਅੰਦੋਲਨ ਦੀ ਹਮਾਇਤ ਵਿਚ ਹੋ ਰਹੀਆ ਕਿਸਾਨ ਮਹਾਪੰਚਾਇਤਾਂ ਅਤੇ ਕਾਨਫਰੰਸਾਂ ਨੇ ਭਾਜਪਾ ਦੇ ਪੈਰਾਂ ਹੇਠੋਂ ਸਿਆਸੀ ਜ਼ਮੀਨ ਖਿਸਕਾਉਣੀ ਸ਼ੁਰੂ ਕਰ ਦਿੱਤੀ ਹੈ। ਅੰਦੋਲਨ ਨੇ ਸੱਤਾਧਾਰੀ ਪਾਰਟੀ ਸਮੇਤ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਖੋਟੇ ਸਿੱਕੇ ਬਣਾ ਕੇ ਰੱਖ ਦਿੱਤਾ ਹੈ। ਇਸ ਤੋਂ ਇਲਾਵਾ ਮੁਲਕ ਪੱਧਰ ਤੇ ਸੰਯੁਕਤ ਕਿਸਾਨ ਮੋਰਚੇ ਦੀ ਸਥਾਪਨਾ ਜੇ ਭਵਿੱਖ ਵਿਚ ਮੁਲਕ ਦੀ ਸਿਆਸਤ ਨੂੰ ਸਾਰਥਕ ਲੋਕ ਤੇ ਕਿਸਾਨ ਪੱਖੀ ਬਦਲ ਦੇਣ ਦੀ ਦਿਸ਼ਾ ਵੱਲ ਤੁਰ ਪੈਂਦੀ ਹੈ ਤਾਂ ਇਹ ਵੱਡੀ ਸਿਆਸੀ ਕ੍ਰਾਂਤੀ ਤੋਂ ਘੱਟ ਨਹੀਂ ਹੋਵੇਗੀ। ਇਸ ਅੰਦੋਲਨ ਕਾਰਨ ਹੇਠਲੇ ਪੱਧਰ ਤੱਕ ਸਰਕਾਰੀ-ਤੰਤਰ ਨੂੰ ਵੀ ਹੱਥਾਂ-ਪੈਰਾਂ ਦੀ ਪੈ ਗਈ ਹੈ।

ਇਸ ਅੰਦੋਲਨ ਦੇ ਉਪਰੋਕਤ ਸਿਆਸੀ ਪ੍ਰਭਾਵਾਂ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੇਸ਼-ਵਿਦੇਸ਼ ਵਿਚ ਸਾਖ ਨੂੰ ਖੋਰਾ ਲਾਉਣਾ ਵੀ ਵੱਡੀ ਪ੍ਰਾਪਤੀ ਹੈ। ਹਾਲ ਹੀ ਵਿਚ ਹੋਏ ਸਰਵੇਖਣ ਅਨੁਸਾਰ, ਪੰਜਾਬ ਅਤੇ ਹਰਿਆਣਾ ਵਿਚ ਮੋਦੀ ਦੀ ਹਰਮਨ ਪਿਆਰਤਾ 20-25 ਫੀਸਦੀ ਨਕਾਰਤਮਕ ਤੱਕ ਪਹੁੰਚ ਗਈ ਹੈ ਅਤੇ ਸਮੁੱਚੇ ਮੁਲਕ ਵਿਚ ਇਸ ਦੀ ਲੋਕਪ੍ਰਿਯਤਾ 30 ਫੀਸਦੀ ਘਟੀ ਹੈ। ‘ਘਰ ਘਰ ਮੋਦੀ’ ਦੇ ਨਾਅਰੇ ਹਵਾ ਵਿਚ ਉੱਡ ਚੁੱਕੇ ਹਨ ਅਤੇ ‘ਮੋਦੀ ਹਾਏ ਹਾਏ’ ਦੀ ਆਵਾਜ਼ ਉੱਚੀ ਹੋ ਰਹੀ ਹੈ। ਕੁਲ ਮਿਲਾ ਕੇ ਕਿਸਾਨ ਅੰਦੋਲਨ ਨੇ ਕੌਮੀ ਪੱਧਰ ਤੇ ਪ੍ਰਧਾਨ ਮੰਤਰੀ ਦਾ ਪ੍ਰਭਾਵ ਧੁੰਦਲਾ ਕਰ ਦਿੱਤਾ ਹੈ। ਥਾਂ ਥਾਂ ਕਿਸਾਨਾਂ ਦੇ ਹੱਕ ਵਿਚ ਅਤੇ ਪ੍ਰਧਾਨ ਮੰਤਰੀ ਖਿਲਾਫ ਮੁਜ਼ਾਹਰੇ ਹੋ ਰਹੇ ਹਨ। ਭਵਿੱਖ ਵਿਚ ਉਸ ਤੋਂ ਮੁਲਕ ਦੀ ਸਿਆਸਤ ਵਿਚ ਹੈਰਾਨੀਜਨਕ ਨਤੀਜੇ ਸਾਹਮਣੇ ਆਉਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

**ਡਾ. ਮੇਘਾ ਸਿੰਘ**

## ਹੱਕ ਔਰਤ ਦੇ ਲਈ ਬੋਲ ਰਿਹਾ ਏ।

ਇੱਕ ਨਾਨਕ ਰੱਬ ਦਾ ਰੂਪ ਹੈ ਆਇਆ,
ਹੱਕ ਔਰਤ ਦੇ ਲਈ ਬੋਲ ਰਿਹਾ ਏ।

ਤ੍ਰਿਪਤਾ ਦੀ ਹੈ ਕੁੱਖ ਤੋਂ ਜਾਇਆ।
ਅੰਧਕਾਰ ਵਿੱਚ ਚਾਨਣ ਆਇਆ।
ਸ਼ਬਦ ਨੇ ਡੂੰਘੀ ਚੋਟ ਹੈ ਕਰਦੇ,
ਸਭ ਭਰਮ ਦੇ ਪਰਦੇ ਖੋਲ ਰਿਹਾ ਏ।

ਸਭ ਨੂੰ ਰਾਹੇ ਪਾਇਆ ਉਸਨੇ।
ਜੰਞੂ ਨਾ ਅਪਣਾਇਆ ਉਸਨੇ।
ਮਾਂ ਭੈਣ ਮੇਰੀ ਹੱਕਦਾਰ ਨਾ ਹੋਈ,
ਅੱਜ ਉਸ ਰਸਮ ਨੂੰ ਰੋਲ ਰਿਹਾ ਏ।
ਇੱਕ ਨਾਨਕ ਰੱਬ ਦਾ ਰੂਪ ਹੈ ਆਇਆ,
ਹੱਕ ਔਰਤ ਦੇ ਲਈ ਬੋਲ ਰਿਹਾ ਏ।

ਤੁਸੀਂ ਰਾਜੇ ਸ਼ਾਹ ਸੁਲਤਾਨ ਕਹਾਏ।
ਕਾਜ਼ੀ ਮੁੱਲਾਂ ਪੰਡਿਤ ਔਰਤ ਜਾਏ।
ਸੋ ਕਿਉਂ ਮੰਦਾ ਆਖੀਐ ਕਹਿ ਕੇ,
ਫੋਕੀ ਵਿਚਾਰਧਾਰਾ ਨੂੰ ਫਰੋਲ ਰਿਹਾ ਏ।
ਇੱਕ ਨਾਨਕ ਰੱਬ ਦਾ ਰੂਪ ਹੈ ਆਇਆ,
ਹੱਕ ਔਰਤ ਦੇ ਲਈ ਬੋਲ ਰਿਹਾ ਏ।

ਹਰ ਔਰਤ ਨੂੰ ਪੁੱਤਰੀ ਕਹਿੰਦਾ।
ਤੁਸੀਂ ਨਾਮ ਭਣੋ ਉਪਦੇਸ਼ ਹੈ ਦਿੰਦਾ।
‘ਔਰਤ ਲਈ ਬਾਬੇ ਆਵਾਜ਼ ਉਠਾਈ,
ਆਫ਼ਤਾਬ ਕਲਮ ਦੀ ਜ਼ਰੀਏ ਤੋਲ ਰਿਹਾ ਏ।
ਇੱਕ ਨਾਨਕ ਰੱਬ ਦਾ ਰੂਪ ਹੈ ਆਇਆ,
ਹੱਕ ਔਰਤ ਦੇ ਲਈ ਬੋਲ ਰਿਹਾ ਏ।

**ਗੁਰਪ੍ਰੀਤ ਸਿੰਘ ‘ਆਫ਼ਤਾਬ’**
੮੭੨੭੮੩੧੨੯੦

Buying or Selling home in Sacramento??
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।
MOBILE 916-513-8094




Put my knowledge, Service, experience and professionalism to work for you.



Buying or selling home in Sacramento?

Call 916-513-8094 for free consultation (PUNJABI/ENGLISH/HINDI)

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894

# ਸੂਫ਼ੀ ਗਾਇਕੀ ਦਾ ਬਾਦਸ਼ਾਹ ਸਰਦੂਲ ਸਿਕੰਦਰ



**ਨਵਨੀਤ ਸ਼ਰਮਾ**

'ਆ ਗਈ ਰੋਡਵੇਜ਼ ਦੀ ਲਾਰੀ, ਨਾ ਕੋਈ ਸ਼ੀਸ਼ਾ ਨਾ ਕੋਈ ਬਾਰੀ' ਇਹ ਸਿਰਫ਼ ਇਕ ਗੀਤ ਦੇ ਬੋਲ ਨਹੀਂ ਹਨ। ਇਹ ਉਸ ਦਰਵਾਜ਼ੇ ਦਾ ਨਾਮ ਹੈ ਜੋ ਹਰ ਉਸ ਜਗ੍ਹਾ ਲੋਕਾਂ ਲਈ ਖੁੱਲਿਆ ਸੀ ਜਿੱਥੇ-ਜਿੱਥੇ ਜਲੰਧਰ ਦੂਰਦਰਸ਼ਨ ਪੁੱਜਦਾ ਸੀ। ਕਾਂਗੜਾ ਦੇ ਪਹਾੜਾਂ ਅਤੇ ਉਸ ਤੋਂ ਵੀ ਦੂਰ ਤੱਕ। ਜਿਸ ਗਾਇਕ ਦਾ ਇਹ ਗੀਤ ਸੀ, ਉਸ ਦੇ ਹਿੱਸੇ ਇਹ ਜਿੰਨਾ ਆਇਆ, ਓਨਾ ਆਇਆ ਪਰ ਜਿਸ ਕਲਾਕਾਰ ਨੇ ਇਸ ਨੂੰ ਉਦੋਂ ਦੇ ਨਾਮਚੀਨ ਕਲਾਕਾਰਾਂ ਦੀ ਆਵਾਜ਼ ਵਿਚ ਗਾਇਆ, ਇਹ ਉਸ ਦਾ ਹੋ ਗਿਆ ਤੇ ਉਹ ਸੀ ਸਰਦੂਲ ਸਿਕੰਦਰ। ਕਹਿਣ ਨੂੰ ਤਾਂ ਇਹ ਮਮਿਕਰੀ ਸੀ ਪਰ ਆਵਾਜ਼ ਦੀ ਖ਼ੁਸ਼ਬੂ ਕਿੱਥੇ ਪਰਦੇ ਵਿਚ ਰਹਿੰਦੀ ਹੈ। ਪਟਿਆਲਾ ਘਰਾਣੇ ਦੀ ਪੂਰੀ ਤਿਆਰੀ ਉਨਾਂ ਦੀ ਆਵਾਜ਼ ਵਿਚ ਉਦੋਂ ਹੀ ਦਿਸ ਗਈ ਸੀ ਪਰ ਉਨਾਂ ਨੇ ਖ਼ੁਦ ਹੀ ਕਿਹਾ ਸੀ ਕਿ ਜਦ ਐਲਪੀ ਰਿਕਾਰਡ ਆਏ ਤਾਂ 'ਰੋਡਵੇਜ਼ ਦੀ ਲਾਰੀ' ਦਾ ਬਹੁਤਾ ਫ਼ਾਇਦਾ ਉਨਾਂ ਨੂੰ ਨਹੀਂ ਮਿਲ ਸਕਿਆ ਕਿਉਂਕਿ ਲੋਕਾਂ ਨੂੰ ਲੱਗਦਾ ਸੀ ਕਿ ਸੱਤ-ਅੱਠ ਗਾਇਕ ਵਾਰੀ-ਵਾਰੀ ਇਕ ਹੀ ਗੀਤ ਨੂੰ ਗਾ ਰਹੇ ਹਨ। ਭਲਾ ਹੋਵੇ ਦੂਰਦਰਸ਼ਨ ਦਾ ਜਿਸ ਵਿਚ ਲੋਕਾਂ ਨੇ ਲਾਈਵ ਦੇਖਿਆ ਕਿ ਸਰਦੂਲ ਸਿਕੰਦਰ, ਗੁਰਦਾਸ ਮਾਨ ਤੋਂ ਲੈ ਕੇ ਸੁਰਿੰਦਰ ਛਿੰਦਾ, ਕੁਲਦੀਪ ਮਾਣਕ, ਉਸਤਾਦ ਯਮਲਾ ਜੱਟ ਅਤੇ ਆਲਮ ਲੋਹਾਰ ਤਕ ਦੀ ਆਵਾਜ਼ ਵਿਚ ਉਕਤ ਗੀਤ ਗਾ ਰਿਹਾ ਹੈ।

ਬਾਅਦ ਵਿਚ ਇਸ ਆਵਾਜ਼ ਨੇ ਆਪਣਾ ਜੋ ਮੁਕਾਮ ਬਣਾਇਆ, ਉਹ ਕਿਸੇ ਤੋਂ ਛੁਪਿਆ ਹੋਇਆ ਨਹੀਂ ਹੈ। ਇੰਜ ਸਾਬਿਤ ਹੋਇਆ ਕਿ ਇਹ ਆਵਾਜ਼ ਆਪਣੇ ਹੀ ਰੰਗ ਦੀ ਇਕ ਆਵਾਜ਼ ਸੀ ਜੋ ਹੋਰਾਂ ਦੀ ਗੂੰਜ ਨਹੀਂ ਸੀ। ਅੱਜ ਉਸ ਸਿਕੰਦਰ ਦੇ ਚਹੇਤੇ ਬੇਹੱਦ ਗਮਗੀਨ ਹਨ ਕਿਉਂਕਿ ਉਨਾਂ ਦਾ ਫ਼ਕੀਰ ਸਿਕੰਦਰ ਅਨੰਤ ਯਾਤਰਾ 'ਤੇ ਨਿਕਲ ਗਿਆ ਹੈ।

ਸਰਦੂਲ ਸਿਕੰਦਰ ਹੋਣ ਦਾ ਅਰਥ ਹੈ ਪੰਜਾਬੀ ਸੱਭਿਆਚਾਰ ਦੀ ਉਹ ਆਵਾਜ਼ ਜਿਸ ਵਿਚ ਸ਼ਾਸਤਰੀ ਗਾਇਨ ਦੀ ਡੂੰਘਾਈ ਸੀ, ਜਿਸ ਵਿਚ ਪਟਿਆਲਾ ਘਰਾਣੇ ਦੀ ਤਿਆਰੀ ਸੀ, ਜਿਸ ਵਿਚ ਉਨਾਂ ਦੇ ਪਿਤਾ ਦੀ ਤਰਬੀਅਤ ਸੀ, ਜਿਸ ਨੂੰ ਕੰਪਿਊਟਰ ਨਾਲ ਵਾਇਸ ਕਲੈਕਸ਼ਨ ਦੀ ਜ਼ਰੂਰਤ ਨਹੀਂ ਸੀ ਜੋ ਪੰਜਾਬੀ ਸੱਭਿਆਚਾਰ ਦੇ ਕਈ ਪੱਖਾਂ ਦਾ ਆਈਨਾ ਸੀ। ਗਾਇਨ, ਅਦਾਕਾਰੀ, ਸੁਰ ਰਚਨਾ ਦੇ ਸਬੰਧ ਵਿਚ ਪੰਜਾਬ ਦੇ ਸੱਭਿਆਚਾਰਕ ਮੁਹਾਂਦਰੇ ਦਾ ਕੋਈ ਚਿੱਤਰ ਬਣਾਉਣਾ ਚਾਹੋ ਤਾਂ ਉਹ ਸਰਦੂਲ ਸਿਕੰਦਰ ਵਰਗੇ ਹਸਤਾਖ਼ਰ ਦੇ ਬਿਨਾਂ ਅਧੂਰਾ ਰਹੇਗਾ। ਗੁਰਦਾਸ ਮਾਨ ਵਰਗੇ ਦੈਵੀ ਗੁਣਾਂ ਨਾਲ ਭਰਪੂਰ ਕਲਾਕਾਰ ਜੇਕਰ ਅੱਜ 'ਉੱਠ ਗਏ ਗਵਾਂਢੋਂ ਯਾਰ ਰੱਬਾ ਹੁਣ ਕੀਹ ਕਰੀਏ' ਕਹਿ ਕੇ ਸਰਦੂਲ ਨੂੰ ਸ਼ਰਧਾਂਜਲੀ ਦੇ ਰਹੇ ਹਨ ਤਾਂ ਇਸ ਦੇ ਪਿੱਛੇ ਸਰਦੂਲ ਦੀ ਗਾਇਕੀ ਵਿਚ ਉਹ ਤੱਤ ਹੈ ਜੋ ਉਨਾਂ ਦੇ ਗੀਤਾਂ, ਭੇਟਾਂ, ਗੁਰਬਾਣੀ ਵਿਚ ਝਲਕਦਾ ਹੈ। ਸਿਕੰਦਰ ਰਸਮੀ ਤੌਰ 'ਤੇ ਪੰਜਾਬ ਦੇ ਸਨ ਪਰ ਉਨਾਂ ਦਾ ਮੁਕਾਮ ਤਾਂ ਹਰ ਉਸ ਆਦਮੀ ਦਾ ਦਿਲ ਹੈ ਜਿਸ ਨੂੰ ਪੰਜਾਬੀ ਜ਼ੁਬਾਨ ਅਤੇ ਸੱਭਿਆਚਾਰ ਅਤੇ ਸੰਗੀਤ ਦਾ ਪੂਰਾ ਗਿਆਨ ਹੈ। ਹਿਮਾਚਲ ਵਿਚ ਉਹ ਮੇਲੇ ਇਕ ਅਲੱਗ ਰੰਗ ਵਿਚ ਰੰਗੇ ਜਾਂਦੇ ਸਨ ਜਿਨਾਂ ਵਿਚ ਸਰਦੂਲ ਸਿਕੰਦਰ ਦੀ ਸ਼ਿਰਕਤ ਹੁੰਦੀ ਸੀ। ਦੇਵੀਆਂ ਦੇ ਆਂਗਣ ਵਿਚ ਗੂੰਜਦੀਆਂ ਸਰਦੂਲ ਸਿਕੰਦਰ ਦੀਆਂ ਭੇਟਾਂ ਕਦੇ ਮੱਧਮ ਨਹੀਂ ਪੈ ਸਕਦੀਆਂ। ਘੱਟ ਲੋਕ ਜਾਣਦੇ ਹੋਣਗੇ ਕਿ ਸਰਦੂਲ ਦੀ ਆਵਾਜ਼ ਗ਼ਜ਼ਲਾਂ ਦੀ ਵੀ ਸਿਕੰਦਰ ਸੀ। ਇਸ ਦੇ ਪਿੱਛੇ ਦਾ ਤੱਤ ਉਨਾਂ ਦੀ ਸ਼ਖ਼ਸੀਅਤ ਦੀ ਸਾਦਗੀ ਅਤੇ ਪਾਰਦਰਸ਼ਿਤਾ ਸੀ।

ਉਨਾਂ ਨੇ ਇਕ ਵਾਰ ਖ਼ੁਦ ਹੀ ਬਿਆਨ ਕੀਤਾ ਸੀ ਕਿ ਕਿਵੇਂ ਮਸ਼ਹੂਰ ਕਵਾਲ ਨੁਸਰਤ ਫ਼ਤਹਿ ਅਲੀ ਖ਼ਾਨ ਦੀ ਬਿਮਾਰੀ ਦੌਰਾਨ ਉਹ ਉਨਾਂ ਦੀਆਂ ਲੱਤਾਂ ਇਸ ਮਕਸਦ



ਨਾਲ ਦਬਾਉਣ ਲੱਗੇ ਸਨ ਕਿ ਕੁਝ ਪਲ ਉਨਾਂ ਦੇ ਨਜ਼ਦੀਕ ਰਹਿਣ ਦਾ ਪ੍ਰਸ਼ਾਦ ਹੀ ਮਿਲ ਜਾਵੇ। ਘਰੇਲੂ ਮਹਿਫ਼ਲਾਂ ਵਿਚ ਵੀ ਉਨਾਂ ਦਾ ਰੰਗ ਅਲੱਗ ਸੀ। ਦਿੱਲੀ ਵਾਲੇ ਭਾਈ ਸਤਵਿੰਦਰ ਸਿੰਘ ਅਤੇ ਭਾਈ ਹਰਵਿੰਦਰ ਸਿੰਘ ਨਾਲ 'ਦੁਈ ਕਰ ਜੋਰ ਕਰਊਂ ਬਿਨੰਤੀ' ਗਾਉਂਦੇ ਹੋਏ ਜੋ ਅਲਾਪ ਸਿਕੰਦਰ ਲੈਂਦੇ ਦਿਖਾਈ ਦਿੱਤੇ ਜਾਂ ਇਕ ਪੰਕਤੀ ਦੇ ਬਹਾਨੇ ਸੁਰ ਵਿਚ ਅੰਦਰ ਤਕ ਉਤਰ ਕੇ ਦੇਖਦੇ, ਉਹ ਵਿਲੱਖਣ ਸਨ। ਆਵਾਜ਼ ਦੀ ਰੇਂਜ ਦਾ ਆਲਮ ਇਹ ਸੀ ਕਿ ਉਹ ਗੁਰਬਾਣੀ ਵੀ ਸਹਿਜ ਨਿਭਾਅ ਜਾਂਦੇ ਸਨ ਅਤੇ ਆਮ ਆਦਮੀ ਦੀ ਪਸੰਦ ਦੇ 'ਖ਼ਤ ਟੁਕੜੇ-ਟੁਕੜੇ ਕਰ ਦੇਣੇ, ਮੈਂ ਫਾੜ ਦੇਣਾ ਤਸਵੀਰਾਂ ਨੂੰ' ਵਿਚ ਦਰਦ ਨੂੰ ਵੀ ਉਸੇ ਸ਼ਿੱਦਤ ਨਾਲ ਨਿਭਾਅ ਜਾਂਦੇ ਸਨ।

ਕਲਾ ਨੂੰ ਹੱਲਾਸ਼ੇਰੀ ਦੇਣ ਦਾ ਵੀ ਇਕ ਸਿਲਸਿਲਾ ਨਿਰੰਤਰ ਚੱਲਦਾ ਰਹਿੰਦਾ ਹੈ। ਉਸ ਦੀ ਇਕ ਵੰਨਗੀ ਇਹ ਹੈ ਕਿ ਸੰਨ 1962 ਵਿਚ ਚੀਨ ਦੇ ਹਮਲੇ ਤੋਂ ਬਾਅਦ ਗੁਰਦਾਸਪੁਰ ਨਾਲ ਸਬੰਧ ਰੱਖਣ ਵਾਲੇ ਚੇਤਨ ਆਨੰਦ ਦੇ ਮਨ ਵਿਚ ਫ਼ਿਲਮ 'ਹਕੀਕਤ' ਬਣਾਉਣ ਦਾ ਵਿਚਾਰ ਆਇਆ ਪਰ ਪੈਸੇ ਨਹੀਂ ਸਨ। ਉਸ ਸਮੇਂ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਦਸ ਲੱਖ ਰੁਪਏ ਦੇ ਕੇ ਫ਼ਿਲਮ ਲਈ ਵਿੱਤੀ ਬੰਦੋਬਸਤ ਕੀਤਾ ਸੀ। ਇਹ ਮਿਸਾਲ ਇਸ ਲਈ ਕਿਉਂਕਿ ਇਸ ਦਾ ਪੰਜਾਬ ਵਿਚ ਕਲਾਵਾਂ ਨਾਲ ਨਾਤਾ ਹੈ। ਆਪਣੇ ਤੌਰ 'ਤੇ ਕਲਾਕਾਰ ਜੋ ਵੀ ਕਰਨਾ ਚਾਹੇ, ਕਰ ਲੈਂਦਾ ਹੈ ਪਰ ਉਸ ਦੀ ਉਡਾਣ ਨੂੰ ਲੰਬਾ ਕਰਨ ਲਈ ਜਿਸ ਹੱਲਾਸ਼ੇਰੀ ਦੀ ਜ਼ਰੂਰਤ ਹੁੰਦੀ ਹੈ, ਉਹ ਮਾਹੌਲ ਪੰਜਾਬ ਵਿਚ ਰਿਹਾ ਹੈ।

ਇਸ ਦੇ ਇਲਾਵਾ ਕਲਾਕਾਰਾਂ ਨੂੰ ਪਛਾਣਨ ਦੀ ਸਮਰੱਥਾ ਅਤੇ ਉਨਾਂ ਨੂੰ ਸਲਾਹੁਣ ਦਾ ਜਜ਼ਬਾ ਆਮ ਦਰਸ਼ਕਾਂ ਤੇ ਸਰੋਤਿਆਂ ਵਿਚ ਵੀ ਹੈ। ਇਹੀ ਕਾਰਨ ਹੈ ਕਿ ਪੰਜਾਬ ਦੇ ਕਲਾਕਾਰ ਸਿਰਫ਼ ਪੰਜਾਬ ਤਕ ਹੀ ਸੀਮਤ ਨਹੀਂ ਰਹੇ। ਸਰਦੂਲ ਸਿਕੰਦਰ ਦੀ ਖ਼ਾਸੀਅਤ ਇਸ ਹਲੀਮੀ ਵਿਚ ਸੀ ਕਿ ਉਹ ਅੰਤ ਤਕ ਸਿੱਖਣ ਦੀ ਤਮੰਨਾ ਰੱਖਦੇ ਰਹੇ। ਉਨਾਂ ਨੇ ਕਦੇ ਉਸਤਾਦ ਹੋਣਾ ਸਵੀਕਾਰ ਨਹੀਂ ਕੀਤਾ। ਕਈ ਸੰਵਾਦ ਉਨਾਂ ਦੇ ਅਜਿਹੇ ਹਨ ਜਿਨਾਂ ਵਿਚ ਉਹ ਕਹਿੰਦੇ ਹਨ ਕਿ ਗਾਉਣਾ ਤਾਂ ਬਹੁਤ ਦੂਰ ਦੀ ਗੱਲ ਹੈ। ਇਸ ਅਵਸਥਾ ਵਿਚ ਤਾਂ ਢੰਗ ਨਾਲ ਸੁਣਨਾ ਆ ਜਾਵੇ, ਉਹੀ ਬਹੁਤ ਹੈ। ਉਨਾਂ ਦੇ ਸਮਕਾਲੀ ਗਾਇਕਾਂ ਨੇ ਵੀ ਬਹੁਤ ਨਾਂ ਕਮਾਇਆ ਹੈ ਪਰ ਸਰਦੂਲ ਸਿਕੰਦਰ ਨੇ ਆਪਣੀ ਅਲੱਗ ਛਾਪ ਛੱਡੀ। ਇਸ ਪਿੱਛੇ ਉਨਾਂ ਦੀ ਮਿਹਨਤ, ਸ਼ਾਲੀਨਤਾ ਅਤੇ ਹਲੀਮੀ ਸੀ। ਜੇਕਰ ਉਹ ਸਭ ਦੀ ਆਵਾਜ਼ ਵਿਚ ਗਾ ਲੈਂਦੇ ਸਨ ਤਾਂ ਇਹ ਮਾਮਲਾ ਤਕਨੀਕੀ ਘੱਟ, ਰੂਹਾਨੀ ਵੱਧ ਹੈ। ਸਰਦੂਲ ਸਿਕੰਦਰ ਦੇ ਕੰਮ ਦੀ ਬਹੁਤ ਸ਼ਲਾਘਾ ਹੋਈ ਹੈ ਪਰ ਉਨਾਂ ਦੀ ਸੰਗੀਤ ਨਾਲ ਜੁੜੀ ਵਿਰਾਸਤ ਨੂੰ ਸਾਂਭਣ ਵਿਚ ਹੁਣ ਸਰਕਾਰ ਵੀ ਕੁਝ ਸਾਰਥਕ ਕਦਮ ਚੁੱਕੇ। ਸੰਗੀਤ ਦੇ ਖੇਤਰ 'ਚ ਸਰਦੂਲ ਨੇ ਉਸ ਤਰਾਂ ਦੀ ਤਪੱਸਿਆ ਕੀਤੀ ਜਿਸ ਤਰਾਂ ਦੀ ਕੋਈ ਸੂਫ਼ੀ ਜਾਂ ਫ਼ਕੀਰ ਹੀ ਕਰ ਸਕਦਾ ਹੈ। ਉਹ ਕੱਪੜਿਆਂ ਤੋਂ ਸੂਫ਼ੀ ਰਹੇ ਹੋਣ ਜਾਂ ਨਾ, ਮਨ ਤੋਂ ਸੂਫ਼ੀ ਸਨ। ਅਜਿਹੇ ਸਭ ਦੇ ਸਾਂਝੇ ਕਲਾਕਾਰ ਨੂੰ ਨਮਨ।

## ਖੇਡ ਜਗਤ ਨੂੰ ਡੋਪਿੰਗ ਦੇ ਕਾਲੇ ਪਰਛਾਵਿਆਂ ਤੋਂ ਬਚਾਉ

**ਜਗਮੋਹਣ ਸਿੰਘ**

ਖੇਡਾਂ ਵਿਚ ਤਾਕਤ ਵਧਾਊ ਦਵਾਈਆਂ ਦੀ ਵਰਤੋਂ ਅਤੇ ਡੋਪਿੰਗ ਦਾ ਕਾਲਾ ਦੌਰ ਸਦੀਆਂ ਪੁਰਾਣਾ ਹੈ। ਉਲੰਪਿਕ ਖੇਡਾਂ ਦੇ ਇਤਿਹਾਸ ਦੇ ਪੰਨੇ ਫਰੋਲਦਿਆਂ ਪਤਾ ਚਲਦਾ ਹੈ ਕਿ ਇਕ ਸਦੀ ਤੋਂ ਵੀ ਪਹਿਲਾਂ ਸੰਨ 1904 ਦੀਆਂ ਉਲੰਪਿਕ ਖੇਡਾਂ ਉੱਪਰ ਵੀ ਡੋਪਿੰਗ ਦਾ ਕਾਲਾ ਪਰਛਾਵਾਂ ਪੈ ਚੁੱਕਿਆ ਹੈ। ਸੰਨ 1904 ਦੀਆਂ ਉਲੰਪਿਕ ਖੇਡਾਂ ਦੌਰਾਨ ਉਸ ਸਮੇਂ ਹਰ ਪਾਸੇ ਸਨਸਨੀ ਫੈਲ ਗਈ ਸੀ, ਜਦੋਂ ਇਹ ਭੇਦ ਖੁੱਲਿਆ ਕਿ ਇਨਾਂ ਉਲੰਪਿਕ ਖੇਡਾਂ ਦੇ ਮੈਰਾਥਨ ਚੈਂਪੀਅਨ 'ਟਾਮਸ ਹਿਕਸ' ਵਲੋਂ ਆਪਣੀ ਖੇਡ ਕਲਾ ਵਿਚ ਸੁਧਾਰ ਅਤੇ ਸਰੀਰਕ ਸ਼ਕਤੀ ਵਿਚ ਵਾਧਾ ਕਰਨ ਲਈ ਬ੍ਰਾਂਡੀ ਪੀਣ ਅਤੇ ਇਕ ਤਾਕਤ ਵਧਾਊ ਦਵਾਈ ਦੇ ਟੀਕੇ ਲਗਵਾਉਣ ਦੀ ਗੱਲ ਸਾਹਮਣੇ ਆਈ ਸੀ। ਉਸ ਸਮੇਂ ਇਹ ਕਿਹਾ ਗਿਆ ਕਿ ਉਲੰਪਿਕ ਮੈਰਾਥਨ ਚੈਂਪੀਅਨ 'ਟਾਮਸ ਹਿਕਸ' ਦੇ ਕੋਚ ਨੇ ਰਸਤੇ ਵਿਚ ਉਸ ਨੂੰ 'ਸਲਫੇਟ ਆਫ ਸਿਟ੍ਰਿਕਨਾਈਨ' ਦਵਾਈ ਦੇ ਟੀਕੇ ਲਗਾ ਦਿੱਤੇ ਅਤੇ ਬ੍ਰਾਂਡੀ ਪਿਲਾ ਦਿੱਤੀ।

ਇਥੇ ਕੈਨੇਡਾ ਦੇ ਦੌੜਾਕ ਬੇਨ ਜਾਨਸਨ ਦੀ ਉਦਾਹਰਨ ਵੀ ਦਿੱਤੀ ਜਾ ਸਕਦੀ ਹੈ। ਗੱਲ 1988 ਦੀਆਂ ਸਿਉਲ ਉਲੰਪਿਕ ਖੇਡਾਂ ਦੀ ਹੈ। ਇਹ ਉਲੰਪਿਕ ਖੇਡਾਂ ਮੈਂ ਟੀ. ਵੀ. ਸਕਰੀਨ ਉੱਪਰ ਵੇਖੀਆਂ ਸਨ। 1988 ਦੀਆਂ ਉਲੰਪਿਕ ਖੇਡਾਂ ਵਿਚ ਜਦੋਂ 100 ਮੀਟਰ ਦੌੜ ਦਾ ਮੁਕਾਬਲਾ ਹੋਇਆ ਤਾਂ ਕੈਨੇਡਾ ਦੇ ਦੌੜਾਕ ਬੇਨ ਜਾਨਸਨ ਨੇ ਏਨੀ ਤੇਜ਼ੀ ਨਾਲ ਭੱਜ ਕੇ ਇਹ ਦੌੜ ਪੂਰੀ ਕੀਤੀ ਕਿ ਇਸ ਤਰਾਂ ਲੱਗਿਆ ਕਿ ਜਿਵੇਂ ਬੰਦੂਕ ਵਿਚੋਂ ਨਿਕਲੀ ਗੋਲੀ ਦੀ ਰਫ਼ਤਾਰ ਤੋਂ ਵੀ ਤੇਜ਼ ਰਫ਼ਤਾਰ ਨਾਲ ਬੇਨ ਜਾਨਸਨ ਨੇ ਇਹ ਦੌੜ ਲਗਾਈ ਹੋਵੇ। ਕੈਨੇਡਾ ਦੇ ਇਸ ਕਾਲੇ ਰੰਗ ਦੇ ਦੌੜਾਕ ਬੇਨ ਜਾਨਸਨ ਨੇ 100 ਮੀਟਰ ਦੌੜ ਸਿਰਫ 9.79 ਸੈਕਿੰਡ ਦੇ ਸਮੇਂ ਵਿਚ ਪੂਰੀ ਕਰਕੇ ਸੁਨਹਿਰੀ ਇਤਿਹਾਸ ਸਿਰਜ ਦਿੱਤਾ ਸੀ ਪਰ ਸਿਰਫ ਤਿੰਨ ਦਿਨਾਂ ਬਾਅਦ ਹੀ ਬੇਨ ਜਾਹਸਨ ਦੀ ਬੱਲੇ ਬੱਲੇ ਕਰ



ਰਹੀ ਪੂਰੀ ਦੁਨੀਆ ਉਦੋਂ ਸਕਤੇ ਵਿਚ ਆ ਗਈ ਜਦੋਂ ਪਤਾ ਚੱਲਿਆ ਕਿ ਬੇਨ ਜਾਨਸਨ ਨੇ ਦੌੜ ਸ਼ੁਰੂ ਹੋਣ ਤੋਂ ਪਹਿਲਾਂ 'ਸਟੀਰਾਇਡ' ਲਈ ਸੀ। ਇਸ ਤਰਾਂ ਡੋਪ ਟੈਸਟ ਵਿਚ ਫੇਲ ਹੋਣ ਕਾਰਨ ਬੇਨ ਜਾਨਸਨ ਤੋਂ ਗੋਲਡ ਮੈਡਲ ਵਾਪਸ ਲੈ ਲਿਆ ਗਿਆ। ਸਿਉਲ ਉਲੰਪਿਕ ਤੋਂ ਪਹਿਲਾਂ ਦੀਆਂ ਉਲੰਪਿਕ ਖੇਡਾਂ ਵਿਚ ਇਸੇ ਬੇਨ ਜਾਨਸਨ ਨੇ 100 ਮੀਟਰ ਦੌੜ ਵਿਚ ਬਰਾਂਜ ਮੈਡਲ ਜਿਤਿਆ ਸੀ।

ਬੇਨ ਜਾਨਸਨ ਤੋਂ ਬਾਅਦ ਤਾਂ ਉਲੰਪਿਕ ਖੇਡਾਂ ਸਮੇਤ ਆਲਮੀ ਅਤੇ ਕੌਮੀ ਪੱਧਰ ਦੇ ਮੁਕਾਬਲਿਆਂ ਵਿਚ ਦੋਸ਼ੀ ਪਾਏ ਜਾਣ ਵਾਲੇ ਖਿਡਾਰੀਆਂ ਦੀ ਸੂਚੀ ਬਹੁਤ ਲੰਬੀ ਹੈ, ਜੋ ਕਿ ਖੇਡ ਜਗਤ ਦਾ ਕਾਲਾ ਅਧਿਆਏ ਹੈ।

ਕੁਝ ਸਮਾਂ ਪਹਿਲਾਂ ਨਵੀਂ ਦਿੱਲੀ ਵਿਚ ਹੋਈਆਂ ਰਾਸ਼ਟਰੀ ਸਕੂਲ ਖੇਡਾਂ ਦੇ ਦੌਰਾਨ ਨੈਸ਼ਨਲ ਐਂਟੀ ਡੋਪਿੰਗ ਏਜੰਸੀ (ਨਾਡਾ) ਵਲੋਂ ਕੁਸ਼ਤੀ, ਮੁੱਕੇਬਾਜ਼ੀ ਅਤੇ ਭਾਰ ਤੋਲਣ ਦੇ 11 ਖਿਡਾਰੀਆਂ ਨੂੰ ਡੋਪਿੰਗ ਯਾਨੀ ਪਾਬੰਦੀਸ਼ੁਦਾ ਦਵਾਈਆਂ ਦੀ ਵਰਤੋਂ ਦਾ ਦੋਸ਼ੀ ਪਾਇਆ ਗਿਆ ਸੀ। ਇਸੇ ਤਰਾਂ ਕੁਝ ਸਮਾਂ ਪਹਿਲਾਂ ਲਖਨਊ ਵਿਚ ਹੋਈ ਜੂਨੀਅਰ ਨੈਸ਼ਨਲ ਪਾਵਰਲਿਫਟਿੰਗ ਚੈਂਪੀਅਨਸ਼ਿਪ 'ਤੇ ਵੀ ਡੋਪਿੰਗ ਦਾ ਕਾਲਾ ਪਰਛਾਵਾਂ ਨਜ਼ਰ ਆਇਆ ਸੀ। ਲਖਨਊ ਦੇ ਕੇ. ਡੀ. ਸਿੰਘ ਬਾਬੂ ਸਟੇਡੀਅਮ ਹਾਲ ਦੇ ਪਿਛਲੇ ਪਾਸੇ ਵੱਡੀ ਗਿਣਤੀ ਵਿਚ ਪਈਆਂ ਸਿਰਿੰਜਾਂ ਆਪਣੀ ਕਹਾਣੀ ਖੁਦ ਕਹਿ ਰਹੀਆਂ ਸਨ।

ਇਹ ਠੀਕ ਹੈ ਕਿ ਵੱਖ-ਵੱਖ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਨਾਲ ਨਾਲ ਅਨੇਕਾਂ ਪਿੰਡਾਂ ਅਤੇ ਸ਼ਹਿਰਾਂ ਵਿਚ ਖੇਡਾਂ ਦੇ ਵਿਕਾਸ ਲਈ ਅਤੇ ਖਿਡਾਰੀਆਂ ਦੀ ਸਹੂਲਤ ਲਈ ਵੱਖ-ਵੱਖ ਸਹੂਲਤਾਂ ਨਾਲ ਲੈਸ ਖੇਡ ਮੈਦਾਨ ਬਣਾਏ ਹੋਏ ਹਨ, ਪਰ ਅਨੇਕਾਂ ਖੇਡ ਮੈਦਾਨਾਂ ਦੇ ਬਾਥਰੂਮਾਂ ਅਤੇ ਪਿਛਲੇ ਪਾਸੇ ਪਈਆਂ ਖਾਲੀ ਸ਼ੀਸ਼ੀਆਂ, ਵਰਤੀਆਂ ਹੋਈ ਸਰਿੰਜਾਂ, ਕੈਪਸੂਲਾਂ ਅਤੇ ਦਵਾਈਆਂ ਦੇ ਖਾਲੀ ਪੱਤੇ ਸਕੂਲੀ ਵਿਦਿਆਰਥੀਆਂ ਰੂਪੀ ਖਿਡਾਰੀਆਂ ਅਤੇ ਅੱਲੜ ਉਮਰ ਦੇ ਕੁਝ ਖਿਡਾਰੀਆਂ ਸਮੇਤ ਵੱਡੇ ਖਿਡਾਰੀਆਂ ਵਲੋਂ ਵੀ ਤਾਕਤ ਵਧਾਊ ਦਵਾਈਆਂ ਦੀ ਵਰਤੋਂ ਕਰਨ ਦੇ ਗਵਾਹ ਬਣਦੇ ਹਨ। ਖੇਡ ਜਗਤ ਵਿਚ ਜਲਦੀ ਸਫਲਤਾ ਪਾਉਣ ਲਈ ਅਕਸਰ ਕੁਝ ਖਿਡਾਰੀ ਡੋਪਿੰਗ ਦਾ ਸ਼ਾਰਟਕੱਟ ਤਰੀਕਾ ਅਪਨਾਉਂਦੇ ਹਨ, ਪਰ ਜਦੋਂ ਉਨਾਂ ਦੀ ਅਸਲੀਅਤ ਸਾਹਮਣੇ ਆਉਂਦੀ ਹੈ ਤਾਂ ਉਹ ਖੁਦ ਤਾਂ ਸ਼ਰਮਸਾਰ ਹੁੰਦੇ ਹਨ ਸਗੋਂ ਆਪਣੇ ਪਿੰਡ, ਆਪਣੇ ਇਲਾਕੇ, ਆਪਣੇ ਸਕੂਲ/ਕਾਲਜ ਅਤੇ ਆਪਣੇ ਦੇਸ਼ ਦਾ ਨਾਂਅ ਵੀ ਬਦਨਾਮ ਕਰਦੇ ਹਨ।

ਇਸ ਲਈ ਖਿਡਾਰੀਆਂ ਨੂੰ ਚਾਹੀਦਾ ਹੈ ਕਿ ਖੇਡਾਂ ਵਿਚ ਚੰਗੀ ਖੇਡ ਦਿਖਾਉਣ ਅਤੇ ਆਪਣੀ ਸਰੀਰਕ ਤਾਕਤ ਵਿਚ ਵਾਧਾ ਕਰਨ ਲਈ ਤਾਕਤ ਵਧਾਊ ਪਾਬੰਦੀਸ਼ੁਦਾ ਦਵਾਈਆਂ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨ ਅਤੇ ਸਖ਼ਤ ਮਿਹਨਤ ਕਰਕੇ ਖੇਡਾਂ ਵਿਚ ਹਿੱਸਾ ਲੈਣ ਤਾਂ ਕਿ ਖੇਡ ਜਗਤ ਨੂੰ ਡੋਪਿੰਗ ਦੇ ਕਾਲੇ ਪਰਛਾਵੇਂ ਤੋਂ ਮੁਕਤ ਕਰਵਾਇਆ ਜਾ ਸਕੇ।

## ਮੁੱਕੇਬਾਜ਼ ਵਿਜੇਂਦਰ ਸਿੰਘ ਦਾ ਅਗਲਾ ਮੁਕਾਬਲਾ ਗੋਆ ਵਿਚ ਜਹਾਜ਼ ਦੀ ਛੱਤ 'ਤੇ ਹੋਵੇਗਾ



**ਨਵੀਂ ਦਿੱਲੀ/ਏ.ਟੀ.ਨਿਊਜ਼:** ਭਾਰਤੀ ਪੇਸ਼ੇਵਰ ਮੁੱਕੇਬਾਜ਼ ਵਿਜੇਂਦਰ ਸਿੰਘ ਦਾ ਅਗਲਾ ਮੁਕਾਬਲਾ 19 ਮਾਰਚ ਨੂੰ ਗੋਆ ਵਿਚ ਇਕ ਕੈਸੀਨੋ ਜਹਾਜ਼ ਦੀ ਛੱਤ 'ਤੇ ਹੋਵੇਗਾ। ਇਸ ਮੁਕਾਬਲੇ ਵਿਚ ਉਨਾਂ ਦੇ ਵਿਰੋਧੀ ਦੇ ਨਾਂ ਦਾ ਐਲਾਨ ਅਜੇ ਨਹੀਂ ਹੋਇਆ, ਪਰ ਵਿਜੇਂਦਰ 18 ਸਾਲ ਬਾਅਦ ਗੋਆ ਵਿਚ ਕੋਈ ਮੁਕਾਬਲਾ ਖੇਡਣਗੇ। 35 ਸਾਲਾ ਵਿਜੇਂਦਰ ਨੇ ਕਿਹਾ ਕਿ ਮੈਂ ਗੋਆ ਵਿਚ ਖੇਡਣ ਲਈ ਉਤਸੁਕ ਹਾਂ ਕਿਉਂਕਿ ਉੱਥੋਂ ਦੇ ਲੋਕ ਖੇਡਾਂ ਨੂੰ ਬਹੁਤ ਪਿਆਰ ਕਰਦੇ ਹਨ।

## ਆਈਸੀਸੀ ਰੈਂਕਿੰਗ ਅਨੁਸਾਰ ਸਮ੍ਰਿਤੀ ਛੇਵੇਂ ਸਥਾਨ 'ਤੇ



**ਦੁਬਈ/ਏ.ਟੀ.ਨਿਊਜ਼:** ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਆਈਸੀਸੀ ਵੱਲੋਂ ਐਲਾਨੀ ਗਈ ਮਹਿਲਾ ਇੱਕ ਰੋਜ਼ਾ ਖਿਡਾਰੀਆਂ ਦੀ ਰੈਂਕਿੰਗ ਵਿੱਚ ਭਾਰਤੀ ਸਲਾਮੀ ਬੱਲੇਬਾਜ਼ ਸਮ੍ਰਿਤੀ ਮੰਧਾਨਾ 732 ਅੰਕਾਂ ਨਾਲ ਚੌਥੇ ਤੋਂ ਛੇਵੇਂ ਸਥਾਨ 'ਤੇ ਖਿਸਕ ਗਈ ਹੈ, ਜਦੋਂ ਕਿ ਝੂਲਨ ਗੋਸਵਾਮੀ ਨੇ ਗੇਂਦਬਾਜ਼ਾਂ ਦੀ ਸੂਚੀ ਵਿੱਚ ਪੰਜਵਾਂ ਸਥਾਨ ਬਰਕਰਾਰ ਰੱਖਿਆ ਹੈ। ਇਸੇ ਤਰਾਂ ਮਿਤਾਲੀ ਰਾਜ 687 ਅੰਕ ਲੈ ਕੇ ਨੌਵੇਂ ਸਥਾਨ 'ਤੇ ਹੈ। ਇੰਗਲੈਂਡ ਦੀ ਸਲਾਮੀ ਬੱਲੇਬਾਜ਼ ਟੈਮੀ ਬਿਊਮੌਂਟ ਨਿਊਜ਼ੀਲੈਂਡ ਵਿਰੁੱਧ ਲੜੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਿਖਰ 'ਤੇ ਪਹੁੰਚ ਗਈ ਹੈ।



## ਕੀ ਅਤੇ ਕਿਵੇਂ ਸੰਭਵ ਹੋ...

ਮੋਦੀ ਸਮਝਦਾ ਕਿ ਸਾਨੂੰ ਸਭ ਸਰਕਾਰੀ ਅਦਾਰੇ ਪਾਰਟੀ ਫੰਡ ਦੇਣ ਵਾਲਿਆਂ ਨੂੰ ਵੇਚ ਦੇਣ ਦਾ ਹੱਕ ਮਿਲ ਚੁੱਕਾ। ਕੀ ਸਰਕਾਰੀ ਅਦਾਰੇ ਵੇਚਣ ਦਾ ਬੀ. ਜੇ. ਪੀ. ਨੇ ਆਪਣੇ ਚੋਣ ਮੈਨੀਫੈਸਟੋ ਵਿਚ ਲਿਖ ਕੇ ਫ਼ਤਵਾ ਲਿਆ ਸੀ ? ਜੇ ਨਹੀਂ ਤਾਂ ਫਿਰ ਐਸਾ ਕਰਨ ਤੋਂ ਪਹਿਲਾਂ ਸਰਕਾਰ ਦੇਸ਼ ਭਰ ਵਿਚ ਰਿਫਰੈਂਡਮ ਕਰਵਾਵੇ। ਵਰਨਾ ਸਰਕਾਰੀ ਸੰਪਤੀਆਂ ਵੇਚਣ ਦੇ ਗੈਰ-ਕਾਨੂੰਨੀ ਧੰਦੇ ਨੂੰ ਸਰਵਉੱਚ ਅਦਾਲਤ ਵਿਚ ਚੁਣੌਤੀ ਦਿੱਤੀ ਜਾਣੀ ਚਾਹੀਦੀ। ਪਰ ਲੋਕ ਇਹ ਵੀ ਕਹਿੰਦੇ ਹਨ ਕਿ ਅਦਾਲਤਾਂ ਨੂੰ ਵੀ ਸਿਆਸਤ ਦਾ ਘੁਣ ਲੱਗਾ ਵਖਾਈ ਦਿੰਦਾ ਹੈ। ਪਹਿਲਾ ਚੀਫ-ਜਸਟਿਸ ਰਿਟਾਇਰਮੈਂਟ ਤੋਂ ਤੁਰੰਤ ਬਾਅਦ ਬੀ. ਜੇ. ਪੀ ਵੱਲੋਂ ਰਾਜ ਸਭਾ ਮੈਂਬਰ ਬਣ ਚੁੱਕਾ। ਕਿੱਧਰ ਜਾਈਏ, ਪੈਸੇ ਅਤੇ ਧੱਕੇਸ਼ਾਹੀ ਦੀ ਜੁਗਲਬੰਦੀ ਦਾ ਤਾਂਡਵ ਹਰ ਪਾਸੇ ਦਿਸ ਰਿਹਾ ਹੈ। ਲੋਕਾਂ ਨੂੰ ਤਾਂ ਬਿਜਲਈ ਵੋਟਿੰਗ ਮਸ਼ੀਨਾਂ ਰਾਹੀਂ ਚੋਣ ਵਿਚ ਹੇਰਾਫੇਰੀ ਦੀ ਵੀ ਸ਼ੰਕਾ ਹੈ। ਲੋਕਤੰਤਰ ਵਿਚ ਬਚਿਆ ਖੁਚਿਆ ਭਰੋਸਾ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਵੋਟਾਂ ਬੈਲਟ ਪੇਪਰ ਨਾਲ ਕਰਵਾਉਣ ਲਈ ਹਰ ਹੀਲਾ ਕੀਤਾ ਜਾਵੇ।

ਇਸ ਵਕਤ ਅਪੋਜ਼ੀਸ਼ਨ ਪਾਰਟੀਆਂ ਖਿੰਡੀਆਂ ਵੀ ਹਨ, ਕਮਜ਼ੋਰ ਵੀ ਅਤੇ ਪਸਹਿੰਮਤ ਵੀ। ਖ਼ਾਸ ਕਰਕੇ ਕਾਂਗਰਸ । ਕਾਂਗਰਸ ਦੀ ਮੁੱਖ ਸਮੱਸਿਆ ਤਾਂ ਇਹ ਵੀ ਹੈ ਕਿ ਉਸਦਾ ਮੁੱਖ ਲੀਡਰ ਮੋਦੀ ਦੇ ਤੋੜ ਦਾ ਨਹੀਂ ਹੈ। ਕਾਂਗਰਸ ਦੀ ਅਗਵਾਈ ਵਿਚ ਸਮੁੱਚੀ ਅਪੋਜ਼ੀਸ਼ਨ ਦੀ ਏਕਤਾ ਦਰਮਿਆਨ ਵੱਡੀ ਰੁਕਾਵਟ ਇਹ ਵੀ ਹੈ ਕਿ ਪੰਜਾਬ, ਹਰਿਆਣਾ, ਦਿੱਲੀ, ਯੂ.ਪੀ, ਆਂਧਰਾ ਪ੍ਰਦੇਸ਼, ਤਿਲੰਗਾਨਾ, ਬੰਗਾਲ, ਕੇਰਲਾ, ਤਰੀਪੁਰਾ, ਅਸਾਮ, ਉੜੀਸਾ, ਮਹਾਂਰਾਸ਼ਟਰਾ, ਤਾਮਿਲਨਾਡੂ ਆਦਿ ਕਈ ਐਸੇ ਸੂਬੇ ਹਨ, ਜਿਨਾਂ ਵਿਚ ਓਥੋਂ ਦੀਆਂ ਸਥਾਨਕ ਪਾਰਟੀਆਂ ਦਾ ਕਾਂਗਰਸ ਨਾਲ ਵੀ ਮੁਕਾਬਲਾ ਹੁੰਦਾ ਹੈ। ਉਹਨਾਂ ਨੂੰ ਸ਼ਰੇਆਮ ਕਾਂਗਰਸ ਦੀ ਅਗਵਾਈ ਕਬੂਲਣਾ ਜਾਂ ਚੋਣ ਗੱਠਜੋੜ ਕਰਨਾ ਸਿਆਸੀ ਮੌਤ ਵਾਂਗ ਲੱਗਦਾ ਤੇ ਵਾਰਾ ਨਹੀਂ ਖਾਂਦਾ। ਇਸ ਸਮੁੱਚੇ ਹਾਲਾਤ ਦੇ ਪ੍ਰਸੰਗ ਵਿਚ ਅਤੇ ਦੇਸ਼ ਹਿਤ ਵਿਚ ਕਾਂਗਰਸ ਦੀ ਅਕਲਮੰਦੀ ਇਸੇ ਗੱਲ ਵਿਚ ਹੈ ਕਿ ਉਹ ਫ਼ਿਲਹਾਲ ਅਪੋਜ਼ੀਸ਼ਨ ਪਾਰਟੀਆਂ ਵਿਚੋਂ ਕਿਸੇ ਸਮਰੱਥ ਲੀਡਰ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਮੰਨ ਕੇ ਮੋਦੀ ਸਰਕਾਰ ਦੇ ਬਦਲ ਲਈ ਸੁਹਿਰਦ ਕੋਸ਼ਿਸ਼ ਕਰੇ। ਸ਼ਰਦ ਪਵਾਰ ਵਰਗਾ ਕੋਈ ਬਾਕੀ ਸਭ ਪਾਰਟੀਆਂ ਨੂੰ ਵੀ ਮਨਜ਼ੂਰ ਹੋ ਸਕਦਾ। 'ਵਿਸ਼ਾਲ ਦੇਸ਼ ਭਗਤ ਮੋਰਚਾ' ਬਣਾਇਆ ਜਾਵੇ। ਜੇ ਕਾਂਗਰਸ ਐਸਾ ਕਰਨ ਨੂੰ ਸਹਿਮਤੀ ਦੇਵੇਗੀ ਤਾਂ ਕੱਲ ਨੂੰ ਉਹ ਵੀ ਉਨਾਂ ਦਾ ਮੋੜਵਾਂ ਸਮਰਥਨ ਲੈਣ ਦੇ ਨੈਤਿਕ ਤੌਰ 'ਤੇ ਕਾਬਲ ਹੋ ਜਾਵੇਗੀ।

ਪਰ ਅਪੋਜ਼ੀਸ਼ਨ ਪਾਰਟੀਆਂ ਦਾ ਇਸ ਤਰਾਂ ਦਾ ਸਿਆਸੀ ਬਦਲ ਲੋਕਾਂ ਲਈ ਆਸ ਵਰਗਾ ਤੇ ਹੰਢਣਸਾਰ ਸਿਰਫ਼ ਤਾਂ ਹੀ ਹੋ ਸਕਦਾ ਜੇ ਬਦਲਵੀਂਆਂ ਆਮ ਜਨਤਾ ਪੱਖੀ ਆਰਥਕ ਨੀਤੀਆਂ ਉੱਤੇ ਸਹਿਮਤੀ ਬਣਾ ਕੇ ਮੁਲਕ ਭਰ ਵਿਚ ਅੰਦੋਲਨ ਛੇੜਨ, ਭਰੋਸਾ ਜਿੱਤਣ। ਲੋਕ ਪੱਖੀ-ਨੀਤੀਆਂ ਇਸ ਤਰਾਂ ਦੀਆਂ ਹੋ ਸਕਦੀਆਂ ਜਿਵੇਂ ਕਿ ਹਰੇਕ ਲਈ ਸਸਤੀ ਵਿੱਦਿਆ, ਸਿਹਤ ਸਹੂਲਤਾਂ, ਰੁਜ਼ਗਾਰ, ਮਹਿੰਗਾਈ, ਭ੍ਰਿਸ਼ਟਾਚਾਰ ਉੱਤੇ ਰੋਕ, ਕਿਸਾਨਾਂ ਮਜ਼ਦੂਰਾਂ ਔਰਤਾਂ ਨੌਜਵਾਨਾਂ ਦੇ ਹਿਤ ਵਿਚ ਕਦਮ, ਵਾਤਾਵਰਣ ਸੰਭਾਲ ਨੂੰ ਸਮਰਪਿਤ ਯਤਨ ਕਰਨੇ, ਗਵਾਂਢੀ ਮੁਲਕਾਂ ਨਾਲ ਸੁਖਾਵੇਂ ਸਬੰਧ ਤਾਂ ਕਿ ਹਥਿਆਰਾਂ ਦੀ ਦੌੜ ਵਿਚ ਬਰਬਾਦ ਹੋਣ ਵਾਲਾ ਪੈਸਾ ਵਿਕਾਸ ਲਈ ਕੰਮ ਆਵੇ, ਵਿਸ਼ਵ ਸ਼ਾਂਤੀ ਲਈ ਯਤਨ ਤਾਂ ਕਿ ਧਰਤੀ ਫ਼ਨਾਹ ਹੋਣੋਂ ਬਚ ਜਾਵੇ, ਸਮਾਜਿਕ, ਧਾਰਮਿਕ ਭਾਈਚਾਰਕ ਸਾਂਝ ਪਿਆਰ ਲਈ ਸੁਹਿਰਦਤਾ ਤਾਂ ਕਿ ਹਿੰਦੁਸਤਾਨ ਵਸੇ-ਰੱਸੇ। ਕੁਦਰਤੀ ਸਾਧਨਾਂ ਦੀ ਨਿੱਜੀ ਲੁੱਟ ਉੱਤੇ ਰੋਕ ਲੱਗੇ ਅਤੇ ਅਮੀਰ ਕਾਰਪੋਰੇਟ ਕਾਰੋਬਾਰੀਆਂ ਦੁਆਰਾ ਦੌਲਤ ਹੜੱਪਣ ਨੂੰ ਨੱਥ ਪਾਈ ਜਾਵੇ। ਅਜਿਹੇ ਬਦਲ ਤੋਂ ਬਿਨਾ ਦੇਸ਼ ਦੁਨੀਆ ਬਰਬਾਦ ਹੋ ਜਾਵੇਗੀ।

ਆਪਣਾ ਮੁਲਕ ਗ਼ਰੀਬੀ ਮੰਦਹਾਲੀ ਕਰਜ਼ੇ ਤਣਾਓ ਨਿਰਾਸ਼ਤਾ ਆਰਥਕ ਸੰਕਟ ਦੀ ਦਲਦਲ ਵਿਚ ਧਸਦਾ ਜਾ ਰਿਹਾ ਹੈ। ਮੋਦੀ ਸਰਕਾਰ ਇਸ ਦੀ ਵਧੀ ਰਫ਼ਤਾਰ ਲਈ ਜ਼ਿੰਮੇਵਾਰ ਹੈ, ਪਰ ਇਸਦੀ ਸਾਰੀ ਟੇਕ ਨਫ਼ਰਤ ਭੜਕਾ ਕੇ ਸਮਰਥਨ ਜੁਟਾਉਣ ਉੱਤੇ ਹੈ, ਜਿਸ ਨੂੰ ਰੋਕਣਾ ਜ਼ਰੂਰੀ ਹੈ। ਲੋਕਾਂ ਨੂੰ ਜਾਗਰੂਕ ਅਤੇ ਸੰਘਰਸ਼ਸ਼ੀਲ ਹੋਣਾ ਹੋਵੇਗਾ। ਵਿਰੋਧੀ ਪਾਰਟੀਆਂ ਨੂੰ ਨਿੱਕੀਆਂ ਗੱਲਾਂ ਤੋਂ ਉੱਪਰ ਉੱਠਣਾ ਪਵੇਗਾ। ਕਾਂਗਰਸ ਪਾਰਟੀ ਨੂੰ ਪ੍ਰਧਾਨ ਮੰਤਰੀ ਪਦ ਦੀ ਦਾਅਵੇਦਾਰੀ ਛੱਡ ਕੇ, ਵਿਰੋਧੀ ਦਲਾਂ ਵਿਚੋਂ ਕਿਸੇ ਮੋਦੀ ਦੇ ਤੋੜ ਦੇ ਲੀਡਰ ਨੂੰ ਅੱਗੇ ਲਾ ਕੇ ਮੌਕਾ ਸੰਭਾਲਣਾ ਹੋਵੇਗਾ, ਨਹੀਂ ਤਾਂ ਫਿਰ ਵੇਲਾ ਹੱਥ ਨਹੀਂ ਆਵੇਗਾ।

## ਸਿੱਖੀ ਭਾਵਨਾ ਅਤੇ ਮੌਜੂਦਾ...

ਇਹ ਉਨਾਂ ਦੀ ਦ੍ਰਿੜਤਾ ਅਤੇ ਸ਼ਕਤੀ ਨੂੰ ਦਿਖਾਉਂਦਾ ਹੈ ਜਿਸ ਨੂੰ ਸੰਘ ਪਰਿਵਾਰ ਅਤੇ ਸੱਤਾਧਾਰੀ ਧਿਰ ਆਪਣੀਆਂ ਰਾਸ਼ਟਰਵਾਦੀ ਬਿਰਤੀਆਂ ਪ੍ਰਤੀ ਮੁਕਾਬਲਾ ਸਮਝ ਰਹੀ ਹੈ। ਬੀਤੇ ਸਮੇਂ ਵਿਚ ਰਿਆਸਤ ਦੁਆਰਾ ਸਿੱਖਾਂ ਅਤੇ ਪੰਜਾਬ ਨਾਲ ਹੋਏ ਧੱਕੇ ਦਾ ਵੀ ਕਿਸਾਨਾਂ ਉੱਪਰ ਗਹਿਰਾ ਪ੍ਰਭਾਵ ਹੈ। ਹੁਣ ਕਿਸਾਨ ਅਤੇ ਖ਼ਾਸ ਕਰਕੇ ਸਿੱਖ ਕਿਸਾਨ ਨਵੇਂ ਖੇਤੀ ਕਾਨੂੰਨਾਂ ਨੂੰ ਆਪਣੀ ਪ੍ਰਤਿਸ਼ਠਾ, ਇੱਜ਼ਤ-ਮਾਣ ਅਤੇ ਰੋਜ਼ੀ ਵੱਡੇ ਸੰਗਠਿਤ ਘਰਾਣਿਆਂ ਦੇ ਹੱਥੋਂ ਖੋਹੇ ਜਾਣ ਕਰਕੇ ਚਿੰਤਤ ਹਨ ਅਤੇ ਅੰਦੋਲਨ ਵਿਚ ਡਟੇ ਹੋਏ ਹਨ।

ਕਿਸਾਨਾਂ ਦੇ ਜਜ਼ਬੇ ਨੂੰ ਉਤਸ਼ਾਹਿਤ ਕਰਨ ਅਤੇ ਉਕਤਾਈ ਨੂੰ ਤੋੜਨ ਲਈ ਕਿਸਾਨੀ ਲੀਡਰਸ਼ਿਪ ਨੂੰ ਭੰਨ-ਤੋੜ ਅਤੇ ਰੋਕੂ ਗਤੀਵਿਧੀਆਂ ਤੋਂ ਉੱਪਰ ਉੱਠ ਕੇ ਅਜਿਹੇ ਕਦਮ ਉਠਾਉਣ ਦੀ ਜ਼ਰੂਰਤ ਹੈ ਜੋ ਅੰਦੋਲਨ ਜਨਸਮੂਹ ਹੋਣ ਦਾ ਭੁਲੇਖਾ ਦੇਣ। ਉਨਾਂ ਨੂੰ ਆਪਣੀ ਦ੍ਰਿੜਤਾ ਅਤੇ ਸਮੂਹਿਕ ਵਿਰੋਧ ਜਤਾਉਣ ਲਈ ਵੱਡੇ ਸ਼ਾਂਤੀਪੂਰਵਕ ਰੋਸ ਮਾਰਚ ਉਲੀਕਣੇ ਚਾਹੀਦੇ ਹਨ। ਸਰਕਾਰ ਨਾਲ ਬੇਨਤੀਜਾ ਮੀਟਿੰਗਾਂ ਵਾਲੇ ਬੇਨਤੀਨੁਮਾ ਕਦਮਾਂ ਤੋਂ ਪਾਰ ਦੇਖਣਾ ਚਾਹੀਦਾ ਹੈ ਤਾਂ ਜੋ ਉਹ 26 ਜਨਵਰੀ ਦੇ ਬੇਤਰਤੀਬੇ ਮਾਹੌਲ ਤੋਂ ਉੱਪਰ ਉੱਠ ਕੇ ਆਪਣੀ ਗੁਆਚੀ ਜ਼ਮੀਨ ਦੁਬਾਰਾ ਹਾਸਿਲ ਕਰ ਸਕਣ ਅਤੇ ਕਿਸਾਨੀ ਸੰਘਰਸ਼ ਵਿਚ ਆਪਣੀ ਅਹਿਮੀਅਤ ਮੁੜ ਹਾਸਿਲ ਕਰ ਸਕਣ ਅਤੇ ਕਿਸੇ ਵੀ ਪਰਛਾਵੇਂ ਤੋਂ ਨਿਰਲੇਪ ਹੋ ਸਕਣ।

## ਪੁਸਤਕਾਂ ਦਾ ਜੀਵਨ ਵਿਚ...

ਇਸ ਮੌਕੇ ਉੱਤਰ ਭਾਰਤ ਦੇ 50 ਤੋਂ ਵੱਧ ਪ੍ਰਮੁੱਖ ਪ੍ਰਕਾਸ਼ਕ ਕਿਤਾਬਾਂ ਦੇ ਸਟਾਲ ਲਾਉਣਗੇ।

ਆਓ ਤੇ ਆਪਣੀਆਂ ਮਨ-ਪਸੰਦ ਕਿਤਾਬਾਂ ਆਪਣੇ ਲਈ ਤੇ ਆਪਣੀਆਂ ਆਉਣ ਵਾਲੀਆਂ ਪੀੜੀਆਂ ਲਈ ਲੈ ਕੇ ਜਾਓ। ਪੰਜਾਬ, ਪੰਜਾਬੀ, ਪੰਜਾਬੀਅਤ ਦੀ ਅਮੀਰ ਵਿਰਾਸਤ ਨੂੰ ਸਾਂਭਣ ਲਈ ਘਰ ਵਿਚ ਕਿਤਾਬਾਂ ਦਾ ਹੋਣਾ ਲਾਜ਼ਮੀ ਹੈ। ਇਸ ਬਾਰੇ ਰੋਮਨ ਚਿੰਤਕ ਸਿਸਰੋ ਕਹਿੰਦਾ ਹੈ ਕਿ ਕਿਤਾਬਾਂ ਤੋਂ ਬਿਨਾਂ ਕਮਰਾ ਰੂਹ ਤੋਂ ਬਿਨਾਂ ਸਰੀਰ ਵਰਗਾ ਹੁੰਦਾ ਹੈ। ਪੰਜਾਬੀ ਸ਼ਾਇਰ ਤੇ ਚਿੱਤਰਕਾਰ ਸਵਰਨਜੀਤ ਸਵੀ ਦੀਆਂ ਸਤਰਾਂ ਚੇਤੇ ਆਉਂਦੀਆਂ ਹਨ :

**ਘਰ ਦੇ ਰੈਕ 'ਚ ਰੱਖੋ**
**ਸੌਣ ਦਿਓ ਕਿਤਾਬ ਨੂੰ**
**ਜਾਗੇਗੀ ਕਿਤਾਬ**
**ਕਿਸੇ ਦਿਨ, ਕਿਸੇ ਪਲ,**
**ਪੜੇਗਾ ਕੋਈ,**
**ਜਿਸ ਨੇ ਨਹੀਂ ਖ਼ਰੀਦਣੀ ਸੀ**
**ਇਹ ਕਿਤਾਬ।**

*(ਲੇਖਕ ਪੱਤਰਕਾਰੀ ਤੇ ਜਨਸੰਚਾਰ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ 'ਚ ਸਹਾਇਕ ਪ੍ਰੋਫੈਸਰ ਹੈ।)

## ਅਸੀਂ ਵਹਿਮਾਂ ਭਰਮਾਂ ਦਾ...

ਟੀਵੀ ਨੂੰ ਹਮੇਸ਼ਾ ਲਈ ਸਾਸਰੀ ਅਕਾਲ! ਨਮਸ਼ਕਾਰ!' ਰੰਗ ਬਿਰੰਗਾ ਟੀਵੀ ਆਪਣੇ ਜਲਵੇ ਦਿਖਾਉਣ ਲੱਗਾ ਅਤੇ ਜਦੋਂ ਸਨਕੀ ਪ੍ਰਸਾਦ ਚੈਨਲ ਬਦਲਣ ਲੱਗੇ ਤਾਂ ਟੀਵੀ ਇਕਦਮ ਖ਼ਰਾਬ ਹੋ ਗਿਆ ਤੇ ਬੁਝੇ ਜਿਹੇ ਮਨ ਸਨਕੀ ਪ੍ਰਸਾਦ ਟੀਵੀ ਨੂੰ ਸੁਣਾਉਣ ਲੱਗੇ, 'ਟੀਵੀ ਰਾਮਾ! ਅੱਜ ਤਾਂ ਤੂੰ ਬਚ ਗਿਆ, ਤੈਨੂੰ ਫੇਰ ਦੇਖਾਂਗੇ। ਹੁਣ ਤਾਂ ਅਸੀਂ ਚੱਲੇ ਹਾਂ ਉਸ ਡਾਕਟਰ ਸਾਹਿਬ ਨੂੰ ਆਪਣੀ ਨਬਜ਼ ਦਿਖਾਉਣ ਜੋ ਪਹਿਲਾਂ ਆਪਣੀ ਮੋਟੀ ਫ਼ੀਸ ਲੈ ਕੇ ਬੋਝੇ ਵਿੱਚ ਪਾ ਲੈਂਦੇ ਨੇ ਤੇ ਫੇਰ ਬਾਹਰੋਂ ਮਹਿੰਗੇ ਭਾਅ ਦੇ ਟੈਸਟ ਕਰਵਾਉਣ ਲਈ ਆਖਦੇ ਨੇ ਤੇ ਫਿਰ ਦਵਾਈਆਂ ਦੀ ਮੋਟੀ ਸੂਚੀ ਹੱਥ ਵਿੱਚ ਫੜਾ ਕੇ ਆਖਦੇ ਹਨ-ਵੈਸੇ ਤਾਂ ਦਵਾਈਆਂ ਨਾਲ ਵੀ ਅਰਾਮ ਆਜੂਗਾ... ਸ਼ਾਇਦ! ਪਰ ਫੇਰ ਵੀ ਪ੍ਰਾਰਥਨਾ ਕਰਨੀ, ਕਿਉਂਕਿ ਦਵਾ ਨਾਲੋਂ ਦੁਆ ਵਧੇਰੇ ਅਸਰ ਕਰਦੀ ਹੈ। ਸਨਕੀ ਪ੍ਰਸਾਦ ਨੇ ਆਪਣੀ ਨਬਜ਼ ਦਿਖਾਉਂਦਿਆ ਡਾਕਟਰ ਦੇ ਕਲੀਨਿਕ ਦੇ ਇੱਧਰ ਉੱਧਰ ਕਾਹਲੀ ਨਾਲ ਦੇਖਦਿਆਂ ਉੱਥੋਂ ਇੱਕ ਸਰਿੰਜ ਚੁੱਕੀ ਤੇ ਡਾਕਟਰ ਦੇ ਟੀਕਾ ਲਗਾਉਂਦਿਆਂ ਉਚਾਰਿਆ, 'ਸਤਿ ਬਚਨ! ਹੁਣ ਡਾਕਟਰ ਘਸੀਟਾ ਮੱਲ ਜੀ! ਤੁਸੀਂ 'ਰਾਮ ਨਾਲ ਰੈਸਟ ਕਰੋ। ਅਸੀਂ ਇਲਾਜ ਕਰਦੇ ਆ ਕਿਸੇ ਹੋਰ ਵਹਿਮੀ ਭਰਮੀ ਬੰਦੇ ਦਾ ...।'

ਇੰਨੇ ਪ੍ਰਵਚਨ ਝਾੜ ਕੇ ਸਨਕੀ ਪ੍ਰਸਾਦ ਇੱਕ ਹੋਰ ਵੱਡੇ ਸ਼ਹਿਰ ਦੇ ਵੱਡੇ ਪ੍ਰਵਚਨ ਕੇਂਦਰ ਵਿੱਚ ਅੱਪੜ ਗਏ ਜਿੱਥੇ ਕਿੰਨੇ ਹੀ ਡਾਕਟਰ, ਇੰਜੀਨੀਅਰ, ਪ੍ਰੋਫੈਸਰ, ਬਿਜ਼ਨਸਮੈਨ ਤੇ ਵੱਡੇ ਵੱਡੇ ਅਫ਼ਸਰ ਬੈਠੇ ਹੋਏ ਸਨ। ਸਾਰੇ ਹੀ ਰੱਜੇ ਪੁੱਜੇ ਰੱਜੀਆਂ ਪੁੱਜੀਆਂ ਗੱਲਾਂ ਕਰ ਰਹੇ ਸਨ। ਉਹਨਾਂ ਦੇ ਵਿਚਕਾਰ ਘਿਰੇ ਹੋਏ ਸਨ ਦੂਰੋਂ ਨੇੜਿਓਂ ਪੁੱਜੇ ਭੋਲੇ ਭਾਲੇ ਲੋਕ! ਦੋ ਤਿੰਨ ਭੋਲੇ ਤੇ ਭਲੇ ਲੋਕ ਵੀ ਆਮ ਜਿਹੀਆਂ ਗੱਲਾਂ ਕਰ ਰਹੇ ਸਨ, 'ਧੰਨ ਓ ਮਹਾਰਾਜ! ਸਾਡੇ ਤਾਂ ਦੁੱਖ ਹੀ ਕੱਟੇ ਗਏ ਇਸ ਪਵਿੱਤਰ ਅਸਥਾਨ 'ਤੇ ਆ ਕੇ! ਸਾਡੇ ਵਰਗੇ ਤੁੱਛ ਜੀਵ ਦਾ ਕੀ ਹੈ, ਇੱਥੇ ਤਾਂ ਦੇਖੋ ਕਿੰਨੇ ਵੱਡੇ ਵੱਡੇ ਲੋਕ ਪਹੁੰਚੇ ਹੋਏ ਹਨ, ਡਾਕਟਰ, ਇੰਜੀਨੀਅਰ, ਬਿਜ਼ਨਸਮੈਨ, ਅਫ਼ਸਰ ...। ਇਹ ਬਾਬੇ ਆਪਣੀ ਕਰਾਮਾਤ ਨਾਲ ਸਾਰਿਆਂ ਦੇ ਦੁੱਖਾਂ ਦਾ ਹਰਨ ਕਰਦੇ ਨੇ, ਬਹੁਤ ਹੀ ਪਹੁੰਚੇ ਹੋਏ ਨੇ ਬਾਬੇ! ਇਹਨਾਂ ਕੋਲ ਹਰ ਬੀਮਾਰੀ ਤੇ ਵੱਡੇ ਵੱਡੇ ਦੁੱਖਾਂ ਦਾ ਇਲਾਜ ਹੈ, ਮਿੰਟਾਂ ਸਕਿੰਟਾਂ ਵਿੱਚ ਹੀ ਚੁਟਕੀ ਲੈ ਕੇ ਦੂਰ ਕਰ ਦਿੰਦੇ ਨੇ। ਕਿੰਨੀ ਸ਼ਰਧਾ ਹੈ ਇੱਥੇ ਬਾਬਿਆਂ ਦੀ, ਜੋ ਦੂਰੋਂ ਦੂਰੋਂ ਮਹਾਂਪੁਰਸ਼ ਚੱਲਕੇ ਆਏ ਨੇ। ਬੱਸ ਹੁਣੇ ਹੀ ਬਾਬਿਆਂ ਦੇ ਪ੍ਰਵਚਨ ਆਰੰਭ ਹੋ ਜਾਣਗੇ ਤੇ ਵੱਡੇ ਵੱਡੇ ਲੋਕਾਂ ਵਾਂਗ ਸਾਡੀਆਂ ਵੀ ਜੂਨੀਆਂ ਕੱਟੀਆਂ ਜਾਣਗੀਆਂ ਅਤੇ ਅਸੀਂ ਸਿੱਧੇ ਸਵਰਗਾਂ ਨੂੰ ਜਾਵਾਂਗੇ ...।'

ਜਦੋਂ ਭੋਲੇ ਭਾਲੇ ਲੋਕਾਂ ਦੇ ਮੂੰਹੋਂ ਸਨਕੀ ਪ੍ਰਸਾਦ ਨੇ ਅਜਿਹੀਆਂ ਗੱਲਾਂ ਸੁਣੀਆਂ ਤਾਂ ਲੱਗੇ ਆਪਣੇ ਆਪ ਨਾਲ ਹੀ ਗੱਲਾਂ ਕਰਨ, 'ਇਹਨਾਂ ਲੋਕਾਂ ਦਾ ਰੱਬ ਈ ਰਾਖਾ! ਅਸੀਂ ਕਿਉਂ ਐਮੇ ਹੀ ਹਵਾ ਵਿੱਚ ਡਾਂਗਾਂ ਮਾਰਦੇ ਰਹੇ ਹਾਂ? ਇਹਨਾਂ ਵਹਿਮਾਂ ਭਰਮਾਂ ਦੀ ਐਸੀ ਕੀ ਤੈਸੀ ...' ਸਨਕੀ ਪ੍ਰਸਾਦ ਜੀ ਨੇ ਇੰਨਾ ਆਖਦਿਆਂ ਆਪਣੀ ਖੂੰਡੀ ਹਵਾ ਵਿੱਚ ਲਹਿਰਾਈ ਤੇ ਉੱਪਰ ਨੂੰ ਮੂੰਹ ਕਰਦਿਆਂ ਇੱਕ ਹਵਾਈ ਜਿਹੀ ਮੋਟੀ ਗਾਲ ਹਵਾ ਵਿੱਚ ਲਹਿਰਾ ਦਿੱਤੀ, 'ਸਨਕੀ ਪ੍ਰਸਾਦ ਨੇ ਵਹਿਮਾਂ-ਭਰਮਾਂ ਦਾ ਕੋਈ ਠੇਕਾ ਲਿਐ! ... ਵਹਿਮੀ-ਭਰਮੀ ਲੋਕਾਂ ਦੀ ਐਹੀ ਕੀ ਤੈਹੀ ...'

## ਜੁਰਮ ਦੀ ਗੰਦੀ ਦਲਦਲ...

ਮੁੰਬਈ ਪੁਲਿਸ ਦੇ ਇੱਕ ਸੀਨੀਅਰ ਅਧਿਕਾਰੀ ਅਨੁਸਾਰ 'ਬਹੁਤ ਘੱਟ ਔਰਤਾਂ ਜੇਲ ਵਿੱਚੋਂ ਰਿਹਾ ਹੋਣ ਉਪਰੰਤ ਸਧਾਰਨ ਸਮਾਜਿਕ ਜੀਵਨ ਵਿੱਚ ਵਾਪਸ ਆਉਂਦੀਆਂ ਹਨ ਜਦਕਿ 99.9 ਫੀਸਦੀ ਅਪਰਾਧੀ ਔਰਤਾਂ ਖ਼ਤਰਨਾਕ ਤਰੀਕੇ ਨਾਲ ਜੁਰਮ ਦੀ ਦੁਨੀਆ ਵਿੱਚ ਵਾਪਸੀ ਕਰਦੀਆਂ ਹਨ ਜਿੱਥੋਂ ਮੁੜਨਾ ਨਾ ਮੁਮਕਿਨ ਹੁੰਦਾ ਹੈ।' ਦੇਸ਼ ਦੇ ਬਾਕੀ ਸੂਬਿਆਂ ਵਿੱਚ ਵੀ ਇਹੀ ਹਾਲਾਤ ਹਨ। ਸੱਚਮੁੱਚ ਅੰਕੜੇ ਰੌਂਗਟੇ ਖੜੇ ਕਰਨ ਵਾਲੇ ਹਨ ਅਤੇ ਸਵਾਲ ਵੀ ਹੈ ਕਿ ਆਖ਼ਿਰ ਇਸ ਮੰਦਭਾਗੇ ਵਰਤਾਰੇ ਦਾ ਕਾਰਨ ਕੀ ਹੈ। ਕਾਰਨ ਆਰਥਿਕ, ਸਮਾਜਿਕ ਕੁਝ ਵੀ ਹੋ ਸਕਦੇ ਹਨ। ਪਦਾਰਥਵਾਦੀ ਸੋਚ ਅਤੇ ਨੈਤਿਕ ਕਦਰਾਂ ਕੀਮਤਾਂ ਵਿੱਚ ਆਈ ਗਿਰਾਵਟ ਵੀ ਇਸਦਾ ਅਹਿਮ ਕਾਰਨ ਹੈ। ਨਸ਼ੇ, ਸਮਾਜ ਵਿਰੋਧੀ ਅਨਸਰ, ਗ਼ਰੀਬੀ ਅਤੇ ਰਾਤੋਂ ਰਾਤ ਅਮੀਰ ਹੋਣ ਦੀ ਲਾਲਸਾ ਨੇ ਉਨਾਂ ਨੂੰ ਇਸ ਵਰਤਾਰੇ ਵਿੱਚ ਸ਼ਾਮਿਲ ਹੋਣ ਲਈ ਮਜਬੂਰ ਕੀਤਾ ਹੈ। ਔਰਤਾਂ ਨਾਲ ਹੁੰਦੀ ਜ਼ਿਆਦਤੀ ਅਤੇ ਇਨਸਾਫ਼ ਦੀ ਅਣਹੋਂਦ ਵੀ ਉਨਾਂ ਨੂੰ ਮਜਬੂਰਨ ਮੁਜਰਮ ਬਣਾ ਦਿੰਦੀ ਹੈ। ਫੂਲਨ ਦੇਵੀ ਨਾਲ ਹੋਈ ਜ਼ਿਆਦਤੀ ਜੋ ਇੱਕ ਖ਼ਾਸ ਵਰਗ ਦੇ ਲੋਕਾਂ ਵੱਲੋਂ ਕੀਤੀ ਗਈ ਸੀ। ਅਸਰ ਰਸੂਖ ਕਾਰਨ ਮੁਲਜ਼ਮਾਂ ਨੂੰ ਕੋਈ ਸਜ਼ਾ ਨਹੀਂ ਮਿਲੀ ਸੀ। ਸਿੱਟੇ ਵਜੋਂ ਫੂਲਨ ਦੇਵੀ ਨੇ ਮਜਬੂਰਨ ਹਥਿਆਰ ਚੁੱਕ ਲਏ ਸਨ ਤੇ ਉਸੇ ਵਰਗ ਦੇ ਮਰਦਾਂ ਨੂੰ ਘਰੋਂ ਬਾਹਰ ਕੱਢ ਕੇ ਗੋਲੀਆਂ ਨਾਲ ਭੁੰਨ ਦਿੱਤਾ ਸੀ। ਜਬਰ ਜਨਾਹ, ਘਰੇਲੂ ਹਿੰਸਾ, ਦਾਜ ਵਿਰੋਧੀ ਕਾਨੂੰਨ ਅਤੇ ਹੋਰ ਕਾਨੂੰਨਾਂ ਵਿੱਚ ਸਖ਼ਤੀ ਕਾਰਨ ਖ਼ੁਦਗਰਜ਼ ਔਰਤਾਂ ਨੇ ਆਪਣੇ ਸੌੜੇ ਹਿਤ ਪੂਰੇ ਹਨ। ਇਸ ਸੰਵੇਦਨਸ਼ੀਲ ਮੁੱਦੇ 'ਤੇ ਸਮਾਜਿਕ, ਧਾਰਮਿਕ, ਸਿੱਖਿਆ ਸੰਸਥਾਵਾਂ ਅਤੇ ਸਮਾਜ ਲਾਮਬੰਦ ਹੋਵੇ ਅਤੇ ਇਸਦੇ ਕਾਰਨਾਂ ਨੂੰ ਬਾਰੀਕੀ ਨਾਲ ਘੋਖਿਆ ਜਾਵੇ। ਉਨਾਂ ਦੇ ਹੱਲ ਲਈ ਹਰ ਸੰਭਵ ਯਤਨ ਕੀਤੇ ਜਾਣ। ਸਮਾਜ ਵਿੱਚ ਔਰਤਾਂ ਨਾਲ ਹੁੰਦੀਆਂ ਜ਼ਿਆਦਤੀਆਂ ਰੋਕਣ ਦੀ ਵੀ ਲੋੜ ਹੈ। ਉਹ ਹਰ ਪ੍ਰਬੰਧ ਕਰਨ ਦੀ ਲੋੜ ਹੈ ਤਾਂ ਜੋ ਔਰਤਾਂ ਬਚ ਸਕਣ। ਨੈਤਿਕ ਸਿੱਖਿਆ ਨੂੰ ਸਿੱਖਿਆ ਪ੍ਰਣਾਲੀ ਵਿੱਚ ਸ਼ਾਮਲ ਕਰਨਾ ਅਜੋਕੇ ਸਮੇਂ ਦੀ ਅਹਿਮ ਲੋੜ ਹੈ।

## ਕਿਸਾਨ ਚੋਣਾਂ ਵਾਲੇ...

ਦਸਤਖ਼ਤ ਇਕੱਠੇ ਕੀਤੇ ਜਾ ਚੁੱਕੇ ਹਨ, ਜੋ ਗਵਰਨਰ ਰਾਹੀਂ ਰਾਸ਼ਟਰਪਤੀ ਨੂੰ ਭੇਜੇ ਜਾਣਗੇ। ਇਹੋ ਹੀ ਨਹੀਂ ਅੰਦੋਲਨ ਚਲਾ ਰਹੀਆਂ ਕਿਸਾਨ ਜਥੇਬੰਦੀਆਂ ਨੇ ਹੁਣ ਅੰਦੋਲਨ ਨੂੰ ਸੱਤਾ ਵਿਰੁੱਧ ਜਨ-ਸੰਘਰਸ ਦਾ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ। ਉਨਾਂ ਐਲਾਨ ਕੀਤਾ ਹੈ ਕਿ ਉਹ ਪੱਛਮੀ ਬੰਗਾਲ ਤੇ ਅਸਾਮ ਵਿੱਚ ਰੈਲੀਆਂ ਕਰਕੇ ਲੋਕਾਂ ਨੂੰ ਭਾਜਪਾ ਦੇ ਫਾਸੀ ਰਾਜ ਨੂੰ ਖਤਮ ਕਰਨ ਦਾ ਸੱਦਾ ਦੇਣਗੇ।

ਇਸ ਦੇ ਨਾਲ ਹੀ ਸੰਯੁਕਤ ਕਿਸਾਨ ਮੋਰਚੇ ਵੱਲੋਂ ਹੋਰ ਕਿਰਤੀ ਜਥੇਬੰਦੀਆਂ ਨੂੰ ਸੰਘਰਸ ਨਾਲ ਜੋੜਨ ਦਾ ਕਾਰਜ ਵੀ ਅਆਰੰਭ ਦਿੱਤਾ ਗਿਆ ਹੈ ਦਸ ਕੇਂਦਰੀ ਮਜਦੂਰ ਜਥੇਬੰਦੀਆਂ ਨਾਲ ਸਾਂਝੀ ਮੀਟਿੰਗ ਹੋ ਚੁੱਕੀ ਹੈ। ਅੰਦੋਲਨ ਦੀ ਵਿਸਾਲਤਾ ਨੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦੀ ਕਰਕੇ ਰੱਖ ਦਿੱਤਾ ਹੈ। ਹੁਣ ਤਾਂ ਸੱਤਾਧਾਰੀਆਂ ਲਈ ਐਮ ਐਸ ਪੀ ਉੱਤੇ ਕਾਨੂੰਨ ਬਣਾਉਣ ਦਾ ਮੁੱਦਾ ਸੰਘ ਦੀ ਹੱਡੀ ਬਣਿਆ ਹੋਇਆ ਹੈ। ਇਸ ਸਮੇਂ ਲੜਾਈ ਦਾ ਰੁਖ ਸਿਰਫ ਕਾਨੂੰਨਾਂ ਵਿਰੁੱਧ ਨਹੀਂ, ਸੱਤਾ ਵਿਰੁੱਧ ਹੋ ਚੁੱਕਾ ਹੈ। ਆਉਣ ਵਾਲੇ ਸਮੇਂ ਵਿੱਚ ਇਸ ਅੰਦੋਲਨ ਦੇ ਹੋਰ ਅੰਦੋਲਨਾਂ ਦਾ ਜਨਮਦਾਤਾ ਬਣਨ ਵੱਲ ਵਧਣ ਦੀਆਂ ਪ੍ਰਬਲ ਸੰਭਾਵਨਾਵਾਂ ਹਨ। ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿੱਚ ਬੇਤਹਾਸਾ ਵਾਧੇ, ਚਾਰ ਕਿਰਤ ਕਾਨੂੰਨਾਂ ਦੀ ਮਜਦੂਰ ਵਰਗ ਉੱਤੇ ਲਟਕਦੀ ਤਲਵਾਰ, ਪਬਲਿਕ ਸੈਕਟਰ ਦੇ ਮੁਲਾਜਮਾਂ ਵਿੱਚ ਨਿੱਜੀਕਰਨ ਵਿਰੁੱਧ ਗੁੱਸਾ ਤੇ ਬੇਰੁਜਗਾਰੀ ਵਿਰੁੱਧ ਨੌਜਵਾਨਾਂ ਵਿੱਚ ਪੈਦਾ ਹੋ ਰਿਹਾ ਰੋਹ ਸੰਘਰਸ ਦੇ ਨਵੇਂ ਮੋਰਚੇ ਖੋਲੇਗਾ, ਜੋ ਭਾਜਪਾ ਸਰਕਾਰ ਲਈ ਵਡੀ ਸਿਰਦਰਦੀ ਬਣੇਗਾ।

**ਸੰਯੁਕਤ ਰਾਸ਼ਟਰ ਕਿਸਾਨ ਅੰਦੋਲਨ ਦੇ ਹਕ ਵਿਚ**

ਸ਼ੁੱਕਰਵਾਰ ਨੂੰ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਸੰਗਠਨ ਦੀ ਮੁਖੀ ਮਿਸ਼ੇਲ ਬਸ਼ਲੇ ਨੇ ਭਾਰਤ ਸਰਕਾਰ ਦੇ ਕਿਸਾਨ ਅੰਦੋਲਨ ਬਾਰੇ ਰਵੱਈਏ ਅਤੇ ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਵਿਰੁੱਧ ਕੀਤੀਆਂ ਗਈਆਂ ਕਾਰਵਾਈਆਂ ਦੀ ਆਲੋਚਨਾ ਕੀਤੀ। ਬਸ਼ਲੇ ਨੇ ਕਈ ਹੋਰ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਵੀ ਉਠਾਏ। ਉਸ ਨੇ ਭਾਰਤ ਵਿਚ ਪੱਤਰਕਾਰਾਂ ਅਤੇ ਵੱਖ ਵੱਖ ਖੇਤਰਾਂ ਵਿਚ ਕੰਮ ਕਰਨ ਵਾਲੇ ਕਾਰਕੁਨਾਂ ਵਿਰੁੱਧ ਦੇਸ਼-ਧ੍ਰੋਹ ਦੇ ਮੁਕੱਦਮੇ ਦਰਜ ਕਰਨ ਦਾ ਵਿਰੋਧ ਕੀਤਾ ਹੈ। ਇਨਾਂ ਦੋਸ਼ਾਂ ਦਾ ਜਵਾਬ ਦਿੰਦਿਆਂ ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਨੁਮਾਇੰਦੇ ਇੰਦਰਾ ਮਨੀ ਪਾਂਡੇ ਨੇ ਕਿਹਾ ਕਿ ਭਾਰਤ ਸਰਕਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਣਾ ਚਾਹੁੰਦੀ ਹੈ ਅਤੇ ਇਹ ਖੇਤੀ ਕਾਨੂੰਨ ਇਸੇ ਲਈ ਲਿਆਂਦੇ ਗਏ ਹਨ। ਭਾਰਤ ਸਰਕਾਰ ਵੱਲੋਂ ਵਾਰ ਵਾਰ ਦੁਹਰਾਇਆ ਜਾ ਰਿਹਾ ਇਹ ਬਿਰਤਾਂਤ/ਬਿਆਨੀਆ ਕਿ ਇਹ ਕਾਨੂੰਨ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਬਹੁਤ ਫਾਇਦੇਮੰਦ ਹੋਣਗੇ, ਵੀ ਇੰਦਰਾ ਮਨੀ ਪਾਂਡੇ ਦੇ ਜਵਾਬ ਦਾ ਹਿੱਸਾ ਬਣਿਆ। ਪਾਂਡੇ ਨੇ ਕਿਹਾ ਕਿ ਬਸ਼ਲੇ ਨੂੰ ਅੰਦਾਜ਼ਾ ਨਹੀਂ ਕਿ ਸਰਕਾਰ ਨੇ ਮਸਲੇ ਨੂੰ ਹੱਲ ਕਰਨ ਲਈ ਕਿੰਨੇ ਯਤਨ ਕੀਤੇ ਹਨ।

ਕਈ ਮਹੀਨਿਆਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਹਮਾਇਤ ਮਿਲੀ ਹੈ। ਕਿਸਾਨ ਅੰਦੋਲਨ ਦੇ ਮਸਲੇ ਖੇਤੀ ਕਾਨੂੰਨਾਂ ਨਾਲ ਸਬੰਧਿਤ ਹੋਣ ਦੇ ਨਾਲ ਨਾਲ ਮਨੁੱਖੀ ਅਧਿਕਾਰਾਂ ਦੇ ਮਸਲੇ ਵੀ ਹਨ। ਇਨਾਂ ਖੇਤੀ ਕਾਨੂੰਨਾਂ ਕਾਰਨ ਕਰੋੜਾਂ ਦਿਹਾਤੀ ਪਰਿਵਾਰਾਂ ਦੀ ਰੋਜ਼ੀ-ਰੋਟੀ 'ਤੇ ਅਸਰ ਪੈਣਾ ਹੈ। ਖੇਤੀ ਖੇਤਰ ਦੇ ਮਾਹਿਰਾਂ ਨਾਲ ਛੋਟੇ ਤੇ ਸੀਮਾਂਤ ਕਿਸਾਨ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਜਿਨਾਂ ਦੇਸ਼ਾਂ ਵਿਚ ਅਜਿਹੇ ਖੇਤੀ ਕਾਨੂੰਨ ਲਾਗੂ ਕੀਤੇ ਗਏ ਹਨ, ਉੱਥੇ ਖੇਤੀ ਦਾ ਉਜਾੜਾ ਹੋਇਆ ਹੈ। ਅਮੀਰ ਦੇਸ਼ਾਂ ਵਿਚ ਵਾਤਾਵਰਨ ਅਤੇ ਜ਼ਮੀਨ ਨੂੰ ਬਚਾਉਣ ਲਈ ਕਿਸਾਨਾਂ ਨੂੰ ਅਰਬਾਂ ਡਾਲਰ ਰਾਹਤ (ਸਬਸਿਡੀ) ਵਜੋਂ ਦਿੱਤੇ ਜਾਂਦੇ ਹਨ ਜੋ ਭਾਰਤ ਵਰਗੇ ਦੇਸ਼ ਵਿਚ ਸੰਭਵ ਨਹੀਂ। 22 ਜਨਵਰੀ ਤੋਂ ਬਾਅਦ ਕਿਸਾਨ ਜਥੇਬੰਦੀਆਂ ਅਤੇ ਸਰਕਾਰ ਵਿਚਕਾਰ ਗੱਲਬਾਤ ਵਿਚ ਖੜੋਤ ਆ ਗਈ ਹੈ। ਆਪਣੀਆਂ ਮੰਗਾਂ ਲਈ ਅੰਦੋਲਨ ਕਰ ਰਹੀਆਂ ਧਿਰਾਂ ਨਾਲ ਗੱਲਬਾਤ ਜਾਰੀ ਰੱਖਣਾ ਸਰਕਾਰ ਦੀ ਨੈਤਿਕ ਅਤੇ ਸਿਆਸੀ ਮੁੱਖ ਕੰਮ ਹੈ। ਕੇਂਦਰੀ ਖੇਤੀ ਮੰਤਰੀ ਦਾ ਇਹ ਕਹਿਣਾ ਕਿ ਪਹਿਲਾਂ ਕਿਸਾਨ ਜਥੇਬੰਦੀਆਂ ਸਰਕਾਰ ਦੀ 22 ਜਨਵਰੀ ਵਾਲੀ ਤਜਵੀਜ਼ ਦਾ ਜਵਾਬ ਦੇਣ ਤਾਂ ਹੀ ਗੱਲਬਾਤ ਅੱਗੇ ਚਲਾਈ ਜਾਵੇਗੀ, ਇਕ ਤਰਾਂ ਦੀ ਜ਼ਿੱਦ ਹੈ।

ਅੰਦੋਲਨ 'ਚ 200 ਤੋਂ ਵੱਧ ਕਿਸਾਨਾਂ ਦੀ ਮੌਤ ਹੋ ਚੁੱਕੀ ਹੈ। ਲੱਖਾਂ ਕਿਸਾਨਾਂ, ਉਨਾਂ ਦੇ ਪਰਿਵਾਰਾਂ ਤੇ ਉਨਾਂ ਦੀ ਹਮਾਇਤ ਕਰ ਰਹੇ ਹੋਰ ਵਰਗਾਂ ਦੇ ਲੋਕਾਂ ਨੇ ਪੋਹ ਮਾਘ ਦੀਆਂ ਹੱਡ ਚੀਰਵੀਆਂ ਠੰਢੀਆਂ ਰਾਤਾਂ ਖੁੱਲੇ ਅਸਮਾਨ ਹੇਠ ਬਿਤਾਈਆਂ ਹਨ। ਸਰਕਾਰ ਨੇ ਇਨਾਂ ਥਾਵਾਂ 'ਤੇ ਕੋਈ ਇੰਤਜ਼ਾਮ ਨਹੀਂ ਕੀਤੇ। ਦਿੱਲੀ ਸਰਕਾਰ ਨੇ ਕੁਝ ਯਤਨ ਕੀਤੇ ਸਨ ਪਰ ਲੋਕਾਂ ਦੀ ਤਦਾਦ ਬਹੁਤ ਵੱਧ ਹੈ ਅਤੇ ਉਨਾਂ ਦੀ ਸਿਹਤ ਦਾ ਖਿਆਲ ਰੱਖਣਾ ਸਰਕਾਰਾਂ ਅਸਲ ਕੰਮ ਹੈ। ਭਾਰਤ ਵਿਚ ਸਰਕਾਰਾਂ ਦੇ ਵਿਰੋਧ ਕਰ ਰਹੇ ਨਾਗਰਿਕਾਂ ਨੂੰ ਨਾਗਰਿਕਾਂ ਵਾਲੇ ਅਧਿਕਾਰ ਦੇਣ ਤੋਂ ਹਮੇਸ਼ਾਂ ਹੀ ਸੰਕੋਚ ਰਿਹਾ ਹੈ। ਸੰਯੁਕਤ ਰਾਸ਼ਟਰ ਦਾ ਮਨੁੱਖੀ ਅਧਿਕਾਰਾਂ ਬਾਰੇ ਅਦਾਰਾ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ 1948 ਦੇ ਐਲਾਨਨਾਮੇ ਦੇ ਆਧਾਰ 'ਤੇ ਵੱਖ ਵੱਖ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦੀ ਨਿਗਾਹਬਾਨੀ ਕਰਦਾ ਹੈ। ਇਸ ਅਦਾਰੇ ਦੀ ਮੁਖੀ ਦੇ ਬਿਆਨ ਨੂੰ ਸਕਾਰਾਤਮਕ ਢੰਗ ਨਾਲ ਸਵੀਕਾਰ ਕੀਤਾ ਜਾਣਾ ਚਾਹੀਦਾ ਸੀ ਪਰ ਸਰਕਾਰ ਨੇ ਉਸ ਦੀ ਆਲੋਚਨਾ ਇਵੇਂ ਕੀਤੀ ਹੈ, ਜਿਵੇਂ ਉਹ ਕਿਸੇ ਵਿਰੋਧੀ ਦੇਸ਼ ਦੀ ਸਫੀਰ ਹੋਵੇ। ਭਾਰਤ ਵਿਚ ਇਹ ਕਾਨੂੰਨ ਕੋਵਿਡ-19 ਦੌਰਾਨ ਆਰਡੀਨੈਂਸਾਂ ਦੇ ਰੂਪ ਵਿਚ ਲਿਆਂਦੇ ਗਏ ਅਤੇ ਕਿਸਾਨ ਜਥੇਬੰਦੀਆਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਗਈ।

## ਜੰਗ ਦੇ ਸੂਰਮੇ ਸ਼ਹੀਦ ਬਾਬਾ..

ਜੰਗਾਂ ਯੁੱਧਾਂ ਵਿਚ ਜੂਝਦੇ ਰਹੇ ਸਨ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਪੰਥ ਲੇਖੇ ਲਾ ਦਿੱਤਾ ਸੀ। ਬਾਬਾ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਵਲੋਂ ਦਰਸਾਏ ਰਸਤੇ, "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ" ਤੇ ਚੱਲ ਕੇ ਗੁਰ ਸੇਵਾ ਵਿਚ ਲਾ ਦਿੱਤਾ ਸੀ ।" ਗੁਰਬਾਣੀ ਦਾ ਫ਼ੁਰਮਾਨ ਹੈ:

ਸਤਿਗੁਰ ਆਗੈ ਸੀਸੁ
ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ।।
ਆਪੇ ਦਇਆ ਕਰਹੁ
ਪ੍ਰਭ ਦਾਤੇ ਨਾਨਕ ਅੰਕਿ ਸਮਾਵੈ।।"

ਅਰਥ, ਜੇ ਸਦਾ ਥਿਰ ਪ੍ਰਭੂ ਦੇ ਰੂਪ ਗੁਰੂ ਨੂੰ ਚੰਗਾ ਲੱਗੇ, ਤਾਂ ਮੈ ਆਪਣਾ ਸਿਰ ਗੁਰੂ ਦੇ ਅੱਗੇ ਭੇਟ ਧਰ ਦਿਆਂ । ਹੈ ਨਾਨਕ, ਹੈ ਪ੍ਰਭੂ ਜਿਸ ਮਨੁੱਖ ਉੱਤੇ ਤੂੰ ਆਪ ਮਹਿਰ ਕਰਦਾ ਹੈ, ਉਹ ਮਨੁੱਖ ਤੇਰੇ ਚਰਨਾਂ ਵਿਚ ਲੀਨ ਹੋ ਜਾਂਦਾ ਹੈ । ਗੁਰੂ ਅੱਗੇ ਪੂਰਾ ਸਮਰਪਣ ਕਰਨ ਉਪਰੰਤ ਮਨੁੱਖ ਦੇ ਤਨ-ਮਨ, ਸੁਰਤ ਵਿਚ ਅਗਮ-ਅਗੋਚਰ, ਅਬਿਨਾਸ਼ੀ ਪਰਮੇਸ਼ਰ ਦਾ ਨਿਵਾਸ ਹੋ ਜਾਂਦਾ ਹੈ ।

ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖਾਂ ਨੂੰ ਜੋ ਸਿੱਖੀ ਮਿਲੀ ਹੈ ਉਹ ਖੰਡੇ ਦੀ ਧਾਰ 'ਤੇ ਮਿਲੀ ਹੈ ਇਸ ਲਈ ਹਰ ਇਕ ਸਿੱਖ ਯੋਧੇ ਦਾ ਰੂਪ ਹੁੰਦਾ ਹੈ । ਸਿੱਖ ਕੌਮ ਨੂੰ ਹਮੇਸ਼ਾਂ-ਹਮੇਸ਼ਾਂ ਲਈ ਇਨ੍ਹਾਂ ਅਦੁੱਤੀ ਅਤੇ ਅਜ਼ੀਮ ਸੂਰਬੀਰ ਸਿੰਘ ਸ਼ਹੀਦਾਂ ਅਤੇ ਉਨ੍ਹਾਂ ਵਲੋਂ ਕੀਤੇ ਅਦਭੁੱਤ ਕਾਰਨਾਮਿਆਂ ਉੱਤੇ ਮਾਣ ਰਹੇਗਾ ਅਤੇ ਉਹ ਹਰ ਸਮੇਂ ਹਰ ਮਨੁੱਖ ਲਈ ਚਾਨਣ ਮੁਨਾਰਾ ਬਣੇ ਰਹਿਣਗੇ ।



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**